ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
Nawi Dunia

Free



16 ਸਤੰਬਰ : ਜਨਮ ਦਿਨ ਨਾਟਕਕਾਰ
ਗੁਰਸ਼ਰਨ ਸਿੰਘ ਉਰਫ ਭਾਈ ਮੰਨ੍ਹਾ ਸਿੰਘ

ਸਾਲ: 2 ਅੰਕ : 9 Phone : 780 465 9118, 403 775 2100, 204 218 6284 Fax: 780 465 0661, e-mail: info@nawidunia.com ਸਤੰਬਰ-2011

ਡਾਕਟਰਾਂ ਦੀ ਸੰਖਿਆ ਦੇ ਵਾਧੇ ਨਾਲ ਵੀ ਸਮੱਸਿਆ ਦਾ ਹੱਲ ਨਾ-ਮਾਤਰ
ਪੰਨਾ-3



ਦੱਖਣੀ ਮਾਲਵੇ ਵਿਚ ਜ਼ਮੀਨੀ ਘੋਲਾਂ ਦਾ ਮੁੜ ਉਭਾਰ
ਪੰਨਾ-9





ਮੈਂ ਨਾਰੀਵਾਦੀ ਹਾਂ : ਸਿਮੋਨ ਦ ਬੋਵੁਆਰ
ਪੰਨਾ-27

ਨਾਵ ਏਕ ਦਿਨ ਕਿਨਾਰੇ ਪੇ ਜ਼ਰੂਰ ਲੱਗੇਗੀ
ਪੰਨਾ-38



## 'ਕੌਮੀ ਖੇਡ ਵਿਕਾਸ ਬਿਲ' ਨਾ ਮਨਜ਼ੂਰ

ਨਵੀਂ ਦਿੱਲੀ, (ਨਦਬ) : ਭਾਰਤੀ ਖੇਡ ਮੰਤਰਾਲੇ ਨੇ ਤਾਂ ਦੇਸ਼ ਦੀ ਸਭ ਤੋਂ ਵੱਡੀ ਖੇਡ ਸੰਸਥਾ ਭਾਰਤੀ ਕ੍ਰਿਕਟ ਬੋਰਡ (ਬੀ.ਸੀ.ਸੀ.ਆਈ.) 'ਤੇ ਸਿਕੰਜਾ ਕੱਸਣ ਦੀ ਤਿਆਰੀ ਕਰ ਲਈ ਸੀ ਪਰ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਦੀ ਪ੍ਰਧਾਨਗੀ 'ਚ ਹੋਈ ਕੈਬਨਿਟ ਦੀ ਮੀਟਿੰਗ ਦੇ ਫ਼ੈਸਲੇ ਨੇ ਉਸ ਦੇ ਇਰਾਦੇ 'ਤੇ ਪਾਣੀ ਫੇਰ ਦਿੱਤਾ ਹੈ। ਖੇਡ ਮੰਤਰੀ ਨੂੰ ਹੁਣ ਨਵਾਂ ਬਿਲ ਤਿਆਰ ਕਰਨ ਲਈ ਕਿਹਾ ਗਿਆ ਹੈ।

ਕੈਬਨਿਟ ਮੀਟਿੰਗ ਦੌਰਾਨ ਬਹੁ ਗਿਣਤੀ ਮੰਤਰੀਆਂ ਨੇ ਇਸ ਪ੍ਰਸਤਾਵਤ ਬਿਲ ਦਾ ਵਿਰੋਧ ਕੀਤਾ। ਖੇਡ ਮੰਤਰਾਲਾ ਇਕ ਅਜਿਹਾ ਕਾਨੂੰਨ ਬਣਾਉਣ ਜਾ ਰਿਹਾ ਸੀ ਜਿਸ ਤਹਿਤ ਭਾਰਤੀ ਕ੍ਰਿਕਟ ਬੋਰਡ ਆਰ.ਟੀ.ਆਈ. ਦੇ ਦਾਇਰੇ ਅਤੇ ਕ੍ਰਿਕਟ ਐਂਟੀ ਡੋਪਿੰਗ ਏਜੰਸੀ ਤਹਿਤ ਆ ਜਾਣਾ ਸੀ। ਖੇਡ ਮੰਤਰਾਲੇ ਵਲੋਂ ਪ੍ਰਸਤਾਵਤ 'ਕੌਮੀ ਖੇਡ ਵਿਕਾਸ ਬਿਲ' 'ਤੇ ਕੈਬਨਿਟ ਵਿਚ ਵਿਚਾਰ ਵਟਾਂਦਰਾ ਹੋਇਆ। ਕੈਬਨਿਟ ਦੀ ਇਸ ਬਿਲ ਨੂੰ ਮਨਜ਼ੂਰੀ ਨਾ ਮਿਲਣ ਕਾਰਨ ਮੰਤਰਾਲੇ ਦੀਆਂ ਆਸਾਂ ਧਰੀਆਂ ਧਰਾਈਆਂ ਰਹਿ ਗਈਆਂ। ਇਸ ਬਿਲ ਦੇ ਪਾਸ ਹੋਣ ਨਾਲ ਸਾਰੇ ਖਿਡਾਰੀ ਕੌਮੀ ਖੇਡ ਫੈਡਰੇਸ਼ਨ (ਐਨ.ਐਸ.ਐਫ.) ਵਿਚ ਸ਼ਾਮਲ ਹੋ ਜਾਣੇ ਸਨ ਤੇ ਇਸ ਸੰਘ ਵਿਚ ਦੇਸ਼ ਦੇ ਸਾਰੇ ਖੇਡ ਸੰਘ ਸ਼ਾਮਲ ਹੋ ਜਾਣੇ ਸਨ। ਇਸ ਬਿਲ ਵਿਚ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਭਾਰਤੀ ਕ੍ਰਿਕਟ ਬੋਰਡ ਇਕ ਜਨਤਕ ਸੰਸਥਾ ਵਜੋਂ ਕੰਮ ਕਰੇ ਅਤੇ ਸੂਚਨਾ ਦੇ ਅਧਿਕਾਰ ਤਹਿਤ ਜਾਣਕਾਰੀਆਂ ਦੇਣਾ ਵੀ ਸ਼ੁਰੂ ਕਰੇ। ਇਹ ਬਿਲ ਸਾਰੇ ਖੇਡ ਸੰਘਾਂ ਦੀ ਕਾਰਜ ਪ੍ਰਣਾਲੀ ਵਿਚ ਪਾਰਦਰਸ਼ਤਾ ਨੂੰ ਨਜ਼ਰ ਵਿਚ ਰੱਖ ਕੇ ਤਿਆਰ ਕੀਤਾ ਗਿਆ ਸੀ। ਭਾਰਤੀ ਕ੍ਰਿਕਟ ਬੋਰਡ ਦੇ ਸਖ਼ਤ ਵਿਰੋਧ ਕਾਰਨ ਅਜਿਹਾ ਨਾ ਹੋ ਸਕਿਆ। ਉਧਰ ਇਸ ਚਰਚਾ ਤੋਂ ਪਹਿਲਾਂ ਬੋਰਡ ਦੇ ਮੀਤ ਪ੍ਰਧਾਨ ਰਾਜੀਵ ਸ਼ੁਕਲਾ ਨੇ ਸਪਸ਼ਟ ਕੀਤਾ ਸੀ ਕਿ ਬੋਰਡ ਦੀ ਇਸ ਵਿਚ ਬਿਲਕੁਲ ਦਿਲਚਸਪੀ ਨਹੀਂ ਹੈ। ਉਨ੍ਹਾਂ ਕਿਹਾ ਕਿ ਜਦੋਂ ਬੋਰਡ ਸਰਕਾਰ ਕੋਲੋਂ ਗਰਾਂਟ ਹੀ ਨਹੀਂ ਲੈਂਦੀ ਤਾਂ ਇਸ ਨੂੰ ਆਰ.ਟੀ.ਆਈ. ਦੇ ਦਾਇਰੇ ਵਿਚ ਕਿਉਂ ਲਿਆਂਦਾ ਜਾਣਾ ਚਾਹੀਦਾ ਹੈ।

ਮੀਟਿੰਗ ਦੌਰਾਨ ਇੰਟਰਨੈਸ਼ਨਲ ਕ੍ਰਿਕਟ ਕੌਂਸਲ ਦੇ ਪ੍ਰਧਾਨ ਸ਼ਰਦ ਪਵਾਰ ਅਤੇ ਆਲ ਇੰਡੀਆ ਫੁੱਟਬਾਲ ਫੈਡਰੇਸ਼ਨ ਦੇ ਮੁਖੀ ਪ੍ਰਫੁੱਲ ਪਟੇਲ ਨੇ ਬਿਲ ਪਾਸ ਹੋਣ ਦਾ ਵਿਰੋਧ ਕੀਤਾ ਸੀ।

ਜਦੋਂ ਕਿ ਵਿਲਾਸ ਰਾਓ ਦੇਸ਼ਮੁਖ, ਸੀ.ਪੀ. ਜੋਸ਼ੀ ਤੇ ਫਾਰੂਕ ਅਬਦੁੱਲਾ ਹੱਕ ਵਿਚ ਸਨ। ਮੰਤਰੀ ਇਸ ਕਰਕੇ ਵਿਰੋਧ ਕਰ ਰਹੇ ਸਨ ਕਿਉਂਕਿ ਉਹ ਖੁਦ ਖੇਡ ਸੰਸਥਾਵਾਂ ਦੇ ਮੁਖੀ ਹਨ ਅਤੇ ਇਸ ਬਿੱਲ ਦੇ ਪਾਸ ਜਾਣ ਨਾਲ ਖੇਡ ਸੰਸਥਾਵਾਂ ਦੇ ਅਹੁਦੇਦਾਰਾਂ ਦੀ ਉਮਰ ਦੀ ਹੱਦ 70 ਸਾਲ ਤਕ ਸੀਮਤ ਹੋ ਜਾਣੀ ਸੀ।

## ਜੈਕ ਲੇਟਨ ਨਹੀਂ ਰਹੇ




ਕਨੇਡਾ ਦੇ ਸਿਆਸੀ ਇਤਿਹਾਸ ਸਿਰਜਕ ਪੁਰਖ ਅਤੇ ਐਨ.ਡੀ.ਪੀ. ਦੇ ਮੁਖੀ ਸਾਥੀ ਜੈਕ ਲੇਟਨ ਪਿਛਲੀ ਦਿਨੀਂ ਸਦਾ ਲਈ ਵਿਛੋੜਾ ਦੇ ਗਏ। ਅਦਾਰਾ 'ਨਵੀਂ ਦੁਨੀਆ' ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹੈ। ਸਾਥੀ ਜੈਕ ਲੇਟਿਨ ਬਾਰੇ ਵਿਸਥਾਰਿਤ ਫੀਚਰ ਪੜ੍ਹੋ ਸਫਾ 13 'ਤੇ....

## ਰਾਜੀਵ ਗਾਂਧੀ ਦੇ ਹੱਤਿਆਰਿਆਂ ਦੀ ਫਾਂਸੀ 'ਤੇ ਰੋਕ

ਚੇਨਈ, (ਨਦਬ) : ਮਦਰਾਸ ਹਾਈਕੋਰਟ ਨੇ ਅੱਜ ਬਹੁਚਰਚਿਤ ਰਾਜੀਵ ਗਾਂਧੀ ਹੱਤਿਆ ਕੇਸ 'ਚ ਸ਼ਾਮਲ ਤਿੰਨ ਦੋਸ਼ੀਆਂ ਦੀ ਫਾਂਸੀ ਦੀ ਸਜ਼ਾ 'ਤੇ ਅੱਠ ਹਫ਼ਤਿਆਂ ਲਈ ਰੋਕ ਲਾ ਦਿੱਤੀ। ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਦੀ ਹੱਤਿਆ ਕਰਨ ਦੇ ਦੋਸ਼ 'ਚ ਵੇਲੋਰੇ ਜੇਲ੍ਹ 'ਚ ਬੰਦ ਮੁਰੂਗਨ, ਸੰਥਾਨ ਅਤੇ ਪੈਰਾਰੀਵਾਲਨ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ। ਦੱਸਣਯੋਗ ਹੈ ਕਿ ਇਹ ਤਿੰਨੇ ਦੋਸ਼ੀ ਸ੍ਰੀਲੰਕਾ ਦੀ ਜਥੇਬੰਦੀ ਲਿੱਟੇ (ਲਿਬਰੇਸ਼ਨ ਟਾਈਗਰਜ਼ ਆਫ਼ ਤਾਮਿਲ ਈਲਮ) ਨਾਲ ਸਬੰਧਤ ਹਨ। ਜਿਸਦੇ ਇਕ ਮੈਂਬਰ 'ਧਾਨੂ' ਵੱਲੋਂ ਆਤਮਘਾਤੀ ਮਨੁੱਖੀ ਬੰਬ ਬਣ ਕੇ ਚੇਨਈ ਨੇੜੇ ਸ੍ਰੀਪੇਰੁਮਬੁਦੁਰ ਚੋਣ ਰੈਲੀ ਦੌਰਾਨ 1991 'ਚ 21 ਮਈ ਨੂੰ ਕੀਤੇ ਗਏ ਬੰਬ ਧਮਾਕੇ ਨਾਲ ਰਾਜੀਵ ਗਾਂਧੀ ਦੀ ਮੌਤ ਹੋ ਗਈ ਸੀ। ਸ੍ਰੀ ਗਾਂਧੀ 1984 ਤੋਂ 89 ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਰਹੇ ਸਨ। ਜਸਟਿਸ ਸੀ. ਨਾਗੱਪਨ ਅਤੇ ਐਮ. ਸਥਾਯਾਨਰਾਇਨਣ 'ਤੇ ਜੱਜਾਂ ਦੇ ਬੈਂਚ ਨੇ ਕੇਸ ਨੂੰ ਘੋਖਦਿਆਂ ਦੇਖਿਆ ਕਿ ਦੋਸ਼ੀਆਂ ਵੱਲੋਂ ਰਾਸ਼ਟਰਪਤੀ ਕੋਲ ਕੀਤੀ ਰਹਿਮ ਦੀ ਅਪੀਲ 'ਤੇ ਫ਼ੈਸਲਾ ਹੁੰਦਿਆਂ-ਹੁੰਦਿਆਂ 11 ਸਾਲ ਦੀ ਦੇਰੀ ਹੋ ਗਈ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਦਿਆਂ ਜੱਜਾਂ ਨੇ ਦੋਸ਼ੀਆਂ ਦੀਆਂ ਪਟੀਸ਼ਨਾਂ ਸਵੀਕਾਰ ਕਰ ਲਈਆਂ ਅਤੇ ਕੇਂਦਰ ਸਰਕਾਰ, ਸੂਬਾ ਸਰਕਾਰ ਅਤੇ ਤਾਮਿਲਨਾਡੂ ਪੁਲੀਸ ਨੂੰ ਨੋਟਿਸ ਜਾਰੀ ਕਰ ਦਿੱਤੇ। ਬਚਾਅ ਪੱਖ ਵੱਲੋਂ ਭਾਰਤ ਦੇ ਸਾਬਕਾ ਕਨੂੰਨ ਮੰਤਰੀ ਅਤੇ ਉੱਘੇ ਵਕੀਲ ਰਾਮ ਜੇਠਮਲਾਮੀ ਪੇਸ਼ ਹੋਏ ਸਨ।

## 'ਨਵੀਂ ਦੁਨੀਆ', ਨਵਾਂ ਅੰਦਾਜ਼ : ਨਵੇਂ ਅਹਿਦ, ਨਵੇਂ ਸੰਕਲਪ

ਵਿਨੀਪੈਗ ਅਤੇ ਆਸ-ਪਾਸ ਦੇ ਪਾਠਕ 'ਨਵੀਂ ਦੁਨੀਆ' ਵਿੱਚ ਖ਼ਬਰਾਂ, ਇਸ਼ਤਿਹਾਰ, ਤਸਵੀਰਾਂ ਆਦਿ ਦੇਣ ਲਈ ਸਾਡੇ ਪ੍ਰਤੀਨਿਧੀ 'ਸਰਬ ਮਾਵੀ' ਨਾਲ ਸੰਪਰਕ ਕਰ ਸਕਦੇ ਹਨ।

204-218-6284
ssmavi@live.com



ਸਰਬਜੀਤ ਮਾਵੀ



Preparing you for a safe & healthy journey
Offering National & International Travel Vaccines
ਕਨੇਡਾ ਤੋਂ ਬਾਹਰ ਸੁਰਖਿਅਤ ਤੇ ਸਿਹਤਮੰਦ ਸਫਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ
Atlas Immunization Services
Phone : 780.465.5150
www.atlasimmunization.com
Suite 104, 7633-50 St. Edmonton (Meridian Place)

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"

TOP 1% OF REALTORS IN CANADA
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
Century 21
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

For All Your Real Estate Needs & Best Services Contact
Dan Sidhu
Broker / Owner

Your Real Estate Expert!
ਨਵਾਂ ਜਾਂ ਪੁਰਾਣਾ ਘਰ, ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ / ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ DAN SIDHU ਨੂੰ ਅੱਜ ਹੀ ਫੋਨ ਕਰੋ।
Cell:403 560 6300
Off:403 569 2900
Fax:403 207 1237
email: dansidhu@gmail.com
MAXVALUE REALTY LTD Each Office is Individually Owned and Operated
Specialized in Residential
Commertial & Investment Properties
110-300 Merganser Dr. West Chestermere, AB T1X 1L6


BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA

LUTHRA LAW OFFICE

* Personal Injuries
* Real Estate Transactions
* Immigration Appeals
Services in Hindi, Punjabi, Urdu and Arabic also
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿਚ ਸੇਵਾਵਾਂ ਲਈ ਮਿਲੋ
SARJAN LUTHRA
B.Sc, LL.B.
Barrister Solicitor
780-466-4660


Kuldip S. Powar

# POWAR HOMES LTD.

Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਬੇਸਮੈਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ, ਤਸੱਲੀ ਬਖਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ ਰਣਜੀਤ ਸਿੰਘ ਪਵਾਰ ਅਤੇ ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.


Ranjit S. Powar

Fax: 780-406-6797
Email: ranjit_pawar@hotmail.com

Contact At:
Ph: 780-695-6595

# STP ELECTRIC LTD.

stpelectric@hotmail.com

Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

# EAGLE ROCK GOLF COURSE

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ, ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895




50549, Range Road 234
Edmonton, AB

Catering
Wedding
Banquet
Birthday Parties
Ladies Sangeet
Golf Tournaments

# ALPHA Tent Rentals

All Events Big or Small

We are in this Business Since 2001



Ladies Sangeet Jago Equipment

**Tents** All Size and Different Colours, **Tables** Rectangular & Round, **Chairs** All Colours, **Lights**, Dance Floor, Heaters, Fans, **Catering Equipment,** Coffee Brewers, Food Warmers, Big Burners, Big Pots (Patila), Cutlery and Plates, **Portable Bars,** Beer Tubs, Ice Boxes, **Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Umrao Ghinger: 780 237 5556
www.alphatentrentals.com
Office: 780 490 5354





# DASHMESH TIRE & LUBE



All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
- Do Service on remote locations including Weighing Scales.
- Vehicle Inspection by Certified Mechanic.

Enough Parking Space

Call: Manjit S.Khosa, Garry Dhaliwal
Ph: 780-298-1114, 780-993-4441
6609 34 st. , Edmonton, Alberta.

# WILDROSE MASONARY & STONE WORKS



Commertial & Residential
Ph: 780 340 1400
Off: 780 450 1413
Fax: 780 490 4888
Dave Johal

ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ



Culture Stone Bricks
Blocks Glass Blocks

email:wildrosemasonary@live.ca ✦ 1404-69th St. SW Edmonton, AB T6L 1L4

# MILLWOODS PIZZA & INDIAN CUISINE



4418 36th Ave, Millwoods Road East, Edmonton.

ਪੰਜਾਬੀ ਸਟਾਇਲ ਪੀਜ਼ਾ

Take Out Buffets
starting from $ 7.99

✆780 462 4313
Cell: 780 504 5600
Out door Catering at reasonable rates
www.millwoodspizza.com


Faryad Pannu

# Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੋਰਟਗੇਜ
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

*For All Insurance Needs*
Call: Shalu Badesha
Phone:780-660-3071



*Sponsor by Canada Life & Access to all Major Insurance Companies in Canada*

Concept, Design and Installation

# Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ

ਕੈਂਬਰਿਜ ਵਿੰਡੋ

780-436-0111
7941-Argyll Road Edmonton AB, T6C 4A9

BBB



www.cambridgewindow.com
Better Business Bureau ਦੇ ਮੈਂਬਰ

# ਕੈਨੇਡਾ ਦੀ ਸਿਹਤ ਪ੍ਰਣਾਲੀ ’ਤੇ ਸਵਾਲੀਆ ਨਿਸ਼ਾਨ

ਓਟਾਵਾ (ਨਦਬ) ਕੈਨੇਡਾ ਦੇ ਹਜ਼ਾਰਾਂ ਲੋਕਾਂ ਨਾਲ ਕੀਤੀ ਗਈ ਵਾਰਤਾ ਮਗਰੋਂ ਕੈਨੇਡਾ ਦੇ 'ਬਿਗਐਸਟ ਡਾਕਟਰਜ਼' ਗਰੁੱਪ ਨੇ ਸਿੱਟਾ ਕੱਢਿਆ ਹੈ ਕਿ ਕੈਨੇਡਾ ਦੀ ਜਨਤਕ ਸਿਹਤ ਪ੍ਰਣਾਲੀ ਮੌਲਿਕ ਰੂਪ ਵਿਚ ਟੁੱਟੀ-ਫੁੱਟੀ ਹੈ ਤੇ ਲੋਕਾਂ ਦੀ ਸਿਹਤ ਸੰਭਾਲ ਸਬੰਧੀ ਲੋੜਾਂ ਪੂਰੀਆਂ ਕਰਨ ਲਈ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ। ਕਿਸੇ ਵੇਲੇ ਬਹੁਤ ਵਧੀਆ ਮੰਨਿਆ ਜਾਂਦਾ ਸਿਹਤ ਪ੍ਰਬੰਧ ਅੱਜ ਲੰਮੇ ਉਡੀਕ ਸਮੇਂ ਦਾ ਕਲੰਕ ਸਹਿ ਰਿਹਾ ਹੈ। ਹਸਪਤਾਲ ਮਰੀਜ਼ਾਂ ਨਾਲ ਭਰੇ ਪਏ ਹਨ। ਨਾ ਡਾਕਟਰ ਹਨ ਤੇ ਨਾ ਹੀ ਲੋੜੀਂਦੀਆਂ ਸੇਵਾਵਾਂ। ਇਸੇ ਵਿਸ਼ੇ ਬਾਰੇ ਆਪਣੀ ਰਾਏ ਦੇਣ ਵਾਸਤੇ 15000 ਕੈਨੇਡਾ ਵਾਸੀ ਹੈਲੀਫੈਕਸ, ਟੋਰਾਂਟੋ, ਐਡਮਿੰਟਨ, ਵੈਨਕੂਵਰ, ਲਾ ਪ੍ਰੇਰੀ, ਮੌਂਟਰੀਅਲ ਤੇ ਓਟਾਵਾ ਦੇ ਪਬਲਿਕ ਟਾਊਨ ਹੌਲਜ਼ ਵਿਚ ਇਕੱਤਰ ਹੋਏ। ਲੋਕਾਂ ਨੇ ਉਡੀਕ ਸਮਾਂ ਘਟਾਉਣ, ਦਵਾਈਆਂ ਸਸਤੀਆਂ ਕਰਨ, ਐਮਰਜੈਂਸੀ ਵਿਭਾਗਾਂ ਦੀ ਦੁਰਵਰਤੋਂ ਜਿਹੇ ਮੁੱਦਿਆਂ ਉਪਰ ਵਿਚਾਰ ਪ੍ਰਗਟਾਏ। ਲੋਕਾਂ ਦੀ ਆਮ ਰਾਏ ਇਹ ਹੈ ਕਿ ਸਿਹਤ ਸੁਧਾਰ ਪ੍ਰਣਾਲੀ ਬਿਮਾਰ ਹੁੰਦੀ ਜਾ ਰਹੀ ਹੈ ਪਰ ਇਸ ਨੂੰ ਠੀਕ ਕੀਤਾ ਜਾ ਸਕਦਾ ਹੈ। ਲੋਕ ਜਨਤਕ ਫੰਡ ਸਿਹਤ ਸੰਭਾਲ ਪ੍ਰਣਾਲੀ ਦੇ ਪੂਰੀ ਤਰ੍ਹਾਂ ਹੱਕ ਵਿਚ ਹਨ।

# ਡਾਕਟਰਾਂ ਦੀ ਸੰਖਿਆ ਦੇ ਵਾਧੇ ਨਾਲ ਵੀ ਸਮੱਸਿਆ ਦਾ ਹੱਲ ਨਾ-ਮਾਤਰ

ਵੈਨਕੂਵਰ, (ਨਦਬ) ਇਹ ਦੂਜਾ ਵੱਡਾ ਵਰ੍ਹਾਂ ਹਾ ਜਦੋਂ ਬ੍ਰਿਟਿਸ਼ ਕੋਲੰਬੀਆ ਵਿਖੇ ਡਾਕਟਰਾਂ ਦੀ ਰਿਕਾਰਡ ਆਮਦ ਹੋ ਰਹੀ ਹੈ ਪਰ ਇਸ ਸਭ ਨਾਲ ਵੀ ਉਨ੍ਹਾਂ ਲੋਕਾਂ ਨੂੰ ਕੋਈ ਖਾਸ ਰਾਹਤ ਨਹੀਂ ਮਿਲ ਰਹੀ ਜੋ ਪਰਿਵਾਰਕ ਡਾਕਟਰਾਂ ਜਾਂ ਮਾਹਰਾਂ ਦੀ ਮਦਦ ਲੈਣ ਦੇ ਚਾਹਵਾਨ ਹਨ। ਪਿਛਲੇ ਸਾਲ ਸੂਬੇ ਵਿਚ 333 ਨਵੇਂ ਡਾਕਟਰ ਸਨ, ਜੋ ਹੁਣ ਵਧ ਕੇ 387 ਹੋ ਗਏ ਹਨ ਪਰ ਸੂਬੇ ਵਿਚ ਰਜਿਸਟਰ ਹੋਏ ਕੁਲ 12,832 ਡਾਕਟਰਾਂ ਵਿਚੋਂ ਸਿਰਫ਼ 10,726 ਹੀ ਹਨ ਜੋ ਪ੍ਰੈਕਟਿਸ ਕਰ ਰਹੇ ਹਨ। ਬਾਕੀ ਦੇ ਜਾਂ ਤਾਂ ਛੁੱਟੀਆਂ ਤੇ ਹਨ ਜਾਂ ਕੋਈ ਹੋਰ ਕੰਮ ਕਰ ਰਹੇ ਹਨ। ਡਾਕਟਰਾਂ ਦੀ ਵੱਧ ਰਹੀ ਗਿਣਤੀ ਦਰਅਸਲ ਬੀ.ਸੀ. ਸਰਕਾਰ ਦੇ ਉਨ੍ਹਾਂ ਯਤਨਾਂ ਦਾ ਹੀ ਨਤੀਜਾ ਹੈ, ਜਿਸ ਤਹਿਤ ਯੂਨੀਵਰਸਿਟੀ ਆਫ ਬੀ.ਸੀ. ਵਿਖੇ ਜ਼ਿਆਦਾ ਵਿਦਿਆਰਥੀਆਂ ਨੂੰ ਟਰੇਨਿੰਗ ਲਈ ਆਉਣ ਵਾਸਤੇ ਉਤਸ਼ਾਹਤ ਕੀਤਾ ਗਿਆ ਅਤੇ ਦੂਜੇ ਮੁਲਕਾਂ ਤੋਂ ਆਏ ਮੈਡੀਕਲ ਗਰੈਜੁਏਟਸ ਨੂੰ ਲਾਇਸੈਂਸ ਦਿੱਤੇ ਗਏ ਪਰ ਇਸ ਨਾਲ ਸਿਰਫ਼ ਕਾਗਜ਼ਾਂ ਵਿਚ ਉਨ੍ਹਾਂ ਦੀ ਗਿਣਤੀ ਵਧੀ ਹੈ। ਇਨ੍ਹਾਂ ਵਿਚੋਂ ਵੀ ਬਹੁਤੇ ਡਾਕਟਰ ਤਾਂ ਆਪਣਾ ਸਿਰਫ਼ ਦੋ-ਤਿਹਾਈ ਸਮਾਂ ਹੀ ਮਰੀਜ਼ਾਂ ਵਿਚ ਗੁਜਾਰਦੇ ਹਨ, ਬਾਕੀ ਦਾ ਸਮਾਂ ਜਾਂ ਤਾਂ ਖੋਜ ਕਾਰਜ ਵਿਚ ਲੰਘਦਾ ਹੈ ਜਾਂ ਮੈਡੀਕਲ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਵਿਚ ਲੰਘ ਜਾਂਦਾ ਹੈ। ਸੂਬੇ ਦੇ ਹੀ ਇਕ ਪਰਿਵਾਰਕ ਡਾਕਟਰ ਡਾ. ਸ਼ੈਲੀ ਰੌਸ ਨੇ ਆਪਣੇ ਕੁਝ ਸਾਥੀ ਡਾਕਟਰਾਂ ਨਾਲ ਮਿਲ ਕੇ 'ਡਾਕਟਰਜ਼ ਟੂਡੇ ਐਂਡ ਟੂਮਾਰੋ' ਸਿਰਲੇਖ ਹੇਠ ਰਿਪੋਰਟ ਤਿਆਰ ਕੀਤੀ ਹੈ। ਰਿਪੋਰਟ ਮੁਤਾਬਕ ਸੂਬਾ ਸਰਕਾਰ ਹਸਪਤਾਲਾਂ ਨੂੰ ਜੋ ਸਹੂਲਤੰ ਮੁਹੱਈਆ ਕਰਦੀ ਹੈ, ਉਹ ਸਿਰਫ਼ ਅੰਕੜਿਆਂ ਉਪਰ ਅਧਾਰਤ ਹੁੰਦੀਆਂ ਹਨ ਜਦਕਿ ਅਸਲ ਸਚਾਈ ਕੁਝ ਹੋਰ ਹੈ। ਸਰਕਾਰ ਨੂੰ ਡਾਕਟਰਾਂ ਦੇ ਵਰਕਲੋਡ ਦਾ ਅੰਦਾਜ਼ਾ ਤੱਕ ਨਹੀਂ।



ਡਾ. ਸ਼ੈਲੀ ਰੌਸ ਦਾ ਸੁਝਾਅ ਹੈ ਕਿ ਸਰਕਾਰ ਨੂੰ ਸਹੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਸਹੀ ਯੋਜਨਾਵਾਂ ਉਲੀਕੀਆਂ ਜਾ ਸਕਣ। ਸਭ ਤੋਂ ਵੱਡੀ ਸਮੱਸਿਆ ਉਹ ਵਿਦਿਆਰਥੀ ਹਨ ਜੋ ਹੈ ਤਾਂ ਬੀ.ਸੀ. ਦੇ ਪਰ ਮੈਡੀਕਲ ਸਿੱਖਿਆ ਦੂਜੇ ਮੁਲਕਾਂ ਵਿਚ ਲੈ ਰਹੇ ਹਨ ਕਿਉਂਕਿ ਉਨ੍ਹਾਂ ਮੁਲਕਾਂ ਵਿਚ ਬਿਨਾਂ ਅੰਡਰ ਗਰੈਜੁਏਟ ਡਿਗਰੀ ਤੋਂ ਹੀ ਸਿੱਧਾ ਦਾਖ਼ਲਾ ਮਿਲ ਜਾਂਦਾ ਹੈ। ਹਰ ਸਾਲ ਕਰੀਬ 50 ਕੈਨੇਡੀਅਨ ਵਿਦੇਸ਼ਾਂ ਤੋਂ ਗਰੈਜੁਏਟ ਹੋ ਕੇ, ਪੋਸਟ ਗਰੈਜੁਏਟ ਦੀ ਟਰੇਨਿੰਗ ਲੈਣ ਲਈ ਕੈਨੇਡਾ ਆਉਂਦੇ ਹਨ, ਜਦੋਂਕਿ ਸਾਰੇ ਇੰਟਰਨੈਸ਼ਨਲ ਮੈਡੀਕਲ ਗਰੈਜੁਏਟ ਵਾਸਤੇ ਬੀ.ਸੀ. ਵਿਖੇ ਸਿਰਫ਼ 18 ਹੀ ਪੁਜੀਸ਼ਨਾਂ ਹਨ। ਇਸ ਵੇਲੇ ਅਜਿਹੇ 3027 ਗਰੈਜੁਏਟ ਬੀ.ਸੀ. ਵਿਖੇ ਪ੍ਰੈਕਟਿਸ ਕਰ ਰਹੇ ਹਨ। ਪਿਛਲੇ ਸਾਲ 304 ਇੰਟਰਨੈਸ਼ਨਲ ਮੈਡੀਕਲ ਗਰੈਜੁਏਟਸ ਨੇ ਰਜਿਸਟਰੇਸ਼ਨ ਦੀ ਅਰਜ਼ੀ ਦਿੱਤੀ ਸੀ, ਜਿਨ੍ਹਾਂ ਵਿਚੋਂ ਸਿਰਫ਼ 266 ਨੂੰ ਹੀ ਕਾਮਯਾਬੀ ਮਿਲੀ। ਵੱਡੀ ਗਿਣਤੀ ਡਾਕਟਰ ਭਾਰਤ ਤੋਂ ਆਏ ਸਨ ਤੇ ਬਾਕੀ ਦੇ ਮਿਆਂਮਾਰ, ਮੈਡਾਗਾਸਕਰ, ਵੀਅਤਨਾਮ, ਨਾਈਜ਼ੀਰੀਆ, ਆਰਸੀਨੀਆ, ਬੈਹਰੀਨ ਅਤੇ ਬ੍ਰਾਜ਼ੀਲ ਤੋਂ ਸੀ। ਕਈ ਵਾਰੀ ਅਜਿਹੇ ਕਿੱਸੇ ਵੀ ਸਾਹਮਣੇ ਆਉਂਦੇ ਹਨ ਕਿ ਬਾਹਰੋਂ ਆਏ ਡਾਕਟਰਾਂ ਨੇ ਵੀਜ਼ਾ ਤਾਂ ਲੈ ਲਿਆ ਪਰ ਇਥੇ ਟੈਕਸੀ ਚਲਾ ਰਹੇ ਹਨ। ਮਾਹਰਾਂ ਦਾ ਕਹਿਣਾ ਹੈ ਕਿ ਕਈ ਵਾਰੀ ਅਜਿਹੇ ਡਾਕਟਰਾਂ ਦੀ ਪੜ੍ਹਾਈ ਅਸਲ ਵਿਚ ਕੈਨੇਡੀਅਨ ਮਾਪਦੰਡਾਂ ਮੁਤਾਬਕ ਨਹੀਂ ਹੁੰਦੀ ਤੇ ਇਹ ਵੀ ਹੋ ਸਕਦਾ ਹੈ ਕਿ ਆਪਣੇ ਮੁਲਕਾਂ ਵਿਚ ਵੀ ਉਹ ਡਾਕਟਰੀ ਦੀ ਬਜਾਏ ਟੈਕਸੀ ਹੀ ਚਲਾਉਂਦੇ ਰਹੇ ਹੋਣ। ਕਾਲਜ ਆਫ ਫਜ਼ੀਸ਼ੀਅਨਜ਼ ਐਂਡ ਸਰਜਨਜ਼ ਕੋਲ ਇਸ ਵੇਲੇ ਹਜ਼ਾਰਾਂ ਅਜਿਹੇ ਡਾਕਟਰਾਂ ਦੀਆਂ ਅਰਜ਼ੀਆਂ ਹਨ, ਜਿਨ੍ਹਾਂ ਦੇ ਸਰਟੀਫਿਕੇਟਾਂ ਦੀ ਜਾਂਚ ਕਰਨੀ ਹੈ। ਇਸ ਤੋਂ ਇਲਾਵਾ ਪਿਛਲੇ ਸਾਲ 2010 ਵਿਚ ਵੈਨਕੂਵਰ ਓਲੰਪਿਕਸ ਦੌਰਾਨ ਵੀ 159 ਵਿਦੇਸ਼ੀ ਡਾਕਟਰਾਂ ਨੂੰ ਟੈਂਪਰੇਰੀ ਲਾਇਸੈਂਸ ਦਿੱਤੇ ਗਏ ਸਨ। 9/11 ਦੇ ਦਹਿਸ਼ਤੀ ਹਮਲਿਆਂ ਮਗਰੋਂ ਅੱਜ ਕਲ ਸਰਕਾਰਾਂ ਹਰ ਵੇਲੇ ਇਸ ਡਰ ਵਿਚ ਰਹਿੰਦੀਆਂ ਹਨ ਕਿ ਪਤਾ ਨਹੀਂ ਕਦੋਂ ਅਜਿਹਾ ਕੋਈ ਹਾਸਦਾ ਸਾਡੇ ਨਾਲ ਵਾਪਰ ਜਾਵੇਗਾ ਤੇ ਵੱਡੀ ਗਿਣਤੀ ਵਿਚ ਡਾਕਟਰਾਂ ਦੀ ਲੋੜ ਪੈ ਜਾਵੇਗੀ। ਇਸ ਕਰਕੇ ਵੀ ਵਿਦੇਸ਼ੀ ਡਾਕਟਰਾਂ ਦੀਆਂ ਅਰਜ਼ੀਆਂ ਉਪਰ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ।

# ਅਲਬਰਟਾ ’ਚ ਮਹਿੰਗੀ ਹੋ ਰਹੀ ਹੈ ਪੜ੍ਹਾਈ

ਅਲਬਰਟਾ (ਨਦਬ) ਟੀ.ਡੀ. ਕੈਨੇਡਾ ਟਰੱਸਟ ਸਟੂਡੈਂਟ ਫਾਈਨਾਂਸ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਆਪਣੀ ਫੀਸ ਜਮ੍ਹਾਂ ਕਰਨ ਲਈ ਗਰਮੀਆਂ ਦੌਰਾਨ ਕੰਮ ਕਰਨ ਵਾਲਿਆਂ ਵਿਚ ਅਲਬਰਟਾ ਦੇ ਵਿਦਿਆਰਥੀ ਸਭ ਤੋਂ ਅੱਗੇ ਹਨ। ਅਲਬਰਟਾ ਦੇ ਮਜ਼ਬੂਤ ਵਰਕ ਐਥਿਕਸ ਭਾਵ ਕਾਰਜ ਸਿਧਾਂਤਾ ਦੇ ਬਾਵਜੂਦ ਵਧ ਰਹੀ ਬੇਰੁਜ਼ਗਾਰੀ ਅਤੇ ਫੀਸ ਵਿਦਿਆਰਥੀਆਂ ਲਈ ਚਿੰਤਾ ਦਾ ਸਬੱਬ ਬਣੀ ਹੋਈ ਹੈ। ਸਕੂਲ ਦੀ ਫੀਸ ਭਰਨ ਦਾ ਖਿਆਲ ਆਉਂਦੇ ਹੀ 38 ਫੀਸਦੀ ਵਿਦਿਆਰਥੀ ਫ਼ਿਕਰਮੰਦ ਹੋ ਜਾਂਦੇ ਹਨ ਜਦੋਂਕਿ 17 ਫੀਸਦੀ ਤਾਂ ਤਣਾਅ ਗ੍ਰਸਤ ਹਨ। 59 ਫੀਸਦੀ ਨੂੰ ਪੂਰੀ ਉਮੀਦ ਹੈ ਕਿ ਉਹ ਆਪਣੇ ਸਿਰ ਉਪਰ ਕਰਜ਼ੇ ਦੀ ਤਲਵਾਰ ਲੈ ਕੇ ਗਰੈਜੁਏਟ ਹੋਣਗੇ ਤੇ 21 ਫੀਸਦੀ ਨੂੰ ਡਰ ਹੈ ਕਿ ਉਨ੍ਹਾਂ ਉਪਰ 25000 ਡਾਲਰ ਕਰਜ਼ਾ ਹੋਵੇਗਾ।

# ਸਿੱਖ ਨੌਜਵਾਨਾਂ ਨੂੰ ਜੂਨੀਅਰ ਪੁਲੀਸ ਅਕਾਦਮੀ ’ਚ ਦਾਖ਼ਲਾ ਲੈਣ ਦਾ ਸੱਦਾ



ਕੈਲਗਰੀ (ਨਦਬ) : ਜੂਨੀਅਰ ਪੁਲੀਸ ਅਕਾਦਮੀ ਦਾ ਗੈਰੈਜੂਏਸ਼ਨ ਸਮਾਗਮ ਇਥੋਂ ਦੇ ਗੁਰਦੁਆਰਾ ਸਾਹਿਬ ਵਿਚ ਹੋਇਆ। ਇਸ ਸਮਾਗਮ ਵਿਚ ਜਿਥੇ ਗੈਰੈਜੁਏਟਸ ਦੇ ਪਰਿਵਾਰਕ ਮੈਂਬਰ ਤੇ ਦੋਸਤਾਂ ਨੇ ਹਿੱਸਾ ਲਿਆ, ਉਥੇ ਗੁਰਦੁਆਰੇ ਦੇ ਪੈਟਰਨ ਤੇ ਪੁਲੀਸ ਫੋਰਸ ਦੇ ਮੈਂਬਰਾਂ ਨੇ ਵੀ ਸ਼ਿਰਕਤ ਕੀਤੀ। ਜੂਨੀਅਰ ਪੁਲੀਸ ਅਕਾਦਮੀ ਦੇ ਗਰੈਜੁਏਟਸ ਨੇ ਖੋਜੀ ਪੁਲੀਸ ਦੀਆਂ ਗਤੀਵਿਧੀਆਂ ਤੇ ਇਕਾਈਆਂ ਜਿਵੇਂ ਕਿ ਫੋਰਾਂਸਿਕਸ, ਨਸ਼ਿਆਂ ਬਾਰੇ ਜਾਗਰੂਕਤਾ, ਅਪਰਾਧ ਵਾਲੀ ਥਾਂ ਦੀਆਂ ਸੂਹਾਂ ਲੈਣੀਆਂ ਤੇ ਹੋਰ ਕਈ ਕਾਰਵਾਈਆਂ ਵਿਚ ਹਿੱਸਾ ਲਿਆ। ਇਹ ਪ੍ਰੋਗਰਾਮ ਨੌਜਵਾਨਾਂ ਖਾਸ ਤੌਰ ’ਤੇ ਸਿੱਖ ਨੌਜਵਾਨਾਂ ਲਈ ਬਹੁਤ ਵਧੀਆ ਮੌਕਾ ਸੀ ਕਿਉਂਕਿ ਇਸ ਰਾਹੀਂ ਭਾਈਚਾਰੇ ਵਿਚ ਨਾ ਸਿਰਫ਼ ਸ਼ਮੂਲੀਅਤ ਵਧਦੀ ਹੈ ਸਗੋਂ ਪੁਲੀਸ ਦੇ ਕੰਮਾਂ ਦੀ ਅਹਿਮੀਅਤ ਬਾਰੇ ਜਾਗਰੂਕਤਾ ਪੈਦਾ ਹੁੰਦੀ ਹੈ ਅਤੇ ਭਾਈਚਾਰਕ ਮਸਲਿਆਂ ਨੂੰ ਬੇਹਤਰ ਢੰਗ ਨਾਲ ਸਮਝਣ ਵਿਚ ਮਦਦ ਮਿਲਦੀ ਹੈ। ਕੈਲਗਰੀ ਮੌਂਟਰੋਸ ਤੋਂ ਵਿਧਾਇਕ ਮਨਮੀਤ ਭੁੱਲਰ ਨੇ ਇਸ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਵਾਲੇ ਸਾਰੇ ਗਰੈਜੁਏਟਸ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਾਰਜਕਾਰੀ ਸੁਪਰਡੈਂਟ ਡੇਵਿਡ ਕੋਟੋਵਸਕੀ, ਕਾਰਜਕਾਰੀ ਡਿਪਟੀ ਚੀਫ ਰਿਚਰਡ ਹਿਨਸੇ, ਡਿਟੈਕਟਿਵ ਰੋਬ ਪੈਟਰਸਨ, ਕਾਂਸਟੇਬਲ ਪਵਨ ਧਾਲੀਵਾਲ ਤੇ ਕਾਂਸਟੇਬਲ ਗੁਰੀਤ ਸਵੀਹਰਤ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ। ਸ੍ਰੀ ਭੁੱਲਰ ਨੇ ਕਿਹਾ ਕਿ ਪੁਲੀਸ ਵਿਚ ਇਸ ਭਾਈਚਾਰੇ ਦੇ ਨੌਜਵਾਨਾਂ ਦੀ ਸ਼ਮੂਲੀਅਤ ਭਾਈਚਾਰੇ ਨੂੰ ਹੋਰ ਮਜ਼ਬੂਤ ਕਰਦੀ ਹੈ ਤੇ ਉਸ ਨੂੰ ਵਧੇਰੇ ਸ਼ਕਤੀਆਂ ਮਿਲਦੀਆਂ ਹਨ। ਉਨ੍ਹਾਂ ਜੂਨੀਅਰ ਪੁਲੀਸ ਅਕਾਦਮੀ ਦੇ ਅਗਲੇ ਸੈਸ਼ਨ ਲਈ ਨੌਜਵਾਨਾਂ ਨੂੰ ਦਾਖ਼ਲਾ ਲੈਣ ਲਈ ਉਤਸ਼ਾਹਤ ਕੀਤਾ।

# ਇਸੇ ਮਹੀਨੇ ਲਾਗੂ ਹੋਵੇਗਾ ਅਲਬਰਟਾ ’ਚ ਡਰਾਈਵਰਾਂ ਸਬੰਧੀ ਸਖ਼ਤ ਕਾਨੂੰਨ



ਅਲਬਰਟਾ (ਨਦਬ) ਅਲਬਰਟਾ ਵਿਚ ਜਲਦ ਹੀ ਡਿਸਟਰੈਕਡ ਡਰਾਈਵਰ ਕਾਨੂੰਨ ਲਾਗੂ ਹੋਣ ਵਾਲਾ ਹੈ। ਇਸ ਤੋਂ ਪਹਿਲਾਂ ਹੀ ਡਰਾਈਵਰਾਂ ਨੂੰ ਚਿਤਾਵਨੀ ਦੇ ਦਿੱਤੀ ਗਈ ਹੈ ਕਿ ਆਪਣੀਆਂ ਡਰਾਈਵਿੰਗ ਦੀਆਂ ਆਦਤਾਂ ਜਾਂ ਤਾਂ ਸੁਧਾਰ ਲੈਣ ਨਹੀਂ ਤਾਂ 172 ਡਾਲਰ ਜੁਰਮਾਨਾ ਭਰਨ ਲਈ ਤਿਆਰ ਰਹਿਣ।

ਪਹਿਲੀ ਸਤੰਬਰ ਤੋਂ ਗੱਡੀ ਚਲਾਉਣ ਵੇਲੇ ਹੱਥ ਰੋਕ ਕੇ ਸੈਲ ਫੋਨ ਸੁਣਨਾ, ਡਰਾਈਵ ਕਰਦਿਆਂ ਕੁਝ ਪੜ੍ਹਨਾ ਤੇ ਹੋਰ ਧਿਆਨ ਭਟਕਾਉ ਕੰਮ ਕਰਨਾ ਗੈਰ ਕਾਨੂੰਨੀ ਹੋਵੇਗਾ। ਇਸ ਵਿਚ ਆਪਣੇ ਆਪ ਨੂੰ ਸਜਾਉਣਾ ਸੰਵਰਨਾ ਵੀ ਸ਼ਾਮਲ ਹੋਵੇਗਾ। ਇਹ ਕਾਨੂੰਨ ਐਮਰਜੈਂਸੀ ਸੇਵਾਵਾਂ ਦੇ ਕਰਮਚਾਰੀਆਂ ਉਪਰ ਲਾਗੂ ਨਹੀਂ ਹੋਵੇਗਾ। ਇਨ੍ਹਾਂ ਲੋਕਾਂ ਨੂੰ ਕਈ ਵਾਰੀ ਡਰਾਈਵ ਕਰਦੇ ਸਮੇਂ ਫੋਨ ਕਰਨਾ ਪੈਂਦਾ ਹੈ। ਆਰ.ਸੀ.ਐਮ.ਪੀ. ਅਧਿਕਾਰੀਆਂ ਨੂੰ ਵੀ ਡਰਾਈਵ ਕਰਦੇ ਸਮੇਂ ਫੋਨ ਕਰਨ ਜਾਂ ਹੋਰ ਅਜਿਹੇ ਕੰਮ ਕਰਨ ਦੀ ਖਾਸ ਸਿਖਲਾਈ ਦਿੱਤੀ ਜਾਂਦੀ ਹੈ ਜੋ ਕਿ ਉਨ੍ਹਾਂ ਦੇ ਕੰਮ ਦਾ ਹਿੱਸਾ ਹੈ।

ਆਰ.ਸੀ.ਐਮ.ਪੀ. ਦੇ ਅਧਿਕਾਰੀਆਂ ਨੂੰ ਉਮੀਦ ਹੈ ਕਿ ਕੁਝ ਲੋਕ ਅਜਿਹੇ ਜ਼ਰੂਰ ਸਾਹਮਣੇ ਆਉਣਗੇ ਜੋ ਸੰਵਿਧਾਨ ਵਿਚਲੀ ਧਾਰਾ ਜਾਣਦੇ ਹੋਣ ਦੇ ਬਾਵਜੂਦ ਖਾਸ ਖੁੱਲ੍ਹ ਦੀ ਮੰਗ ਕਰਨਗੇ ਕਿ ਉਨ੍ਹਾਂ ਨੂੰ ਕੁਝ ਨਿਯਮ ਤੋੜਨ ਦੀ ਆਗਿਆ ਦਿੱਤੀ ਜਾਵੇ। ਆਰ.ਸੀ.ਐਮ.ਪੀ. ਦੇ ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਬੇਸ਼ੱਕ ਉਹ ਖੁਦ ਵੀ ਕੋਸ਼ਿਸ਼ ਕਰਨਗੇ ਕਿ ਜਿਥੋਂ ਤਕ ਹੋ ਸਕੇ ਹੈਂਡਜ਼-ਫਰੀ ਦੀ ਵਰਤੋਂ ਕਰਨ ਪਰ ਹਰ ਵਾਰੀ ਅਜਿਹਾ ਸੰਭਵ ਨਹੀਂ ਹੋ ਸਕੇਗਾ। ਫਾਇਰ ਸਰਵਿਸਿਜ਼, ਈ.ਐਮ.ਐਸ. ਤੇ ਪੁਲੀਸ ਅਧਿਕਾਰੀਆਂ ਨੂੰ ਇਕੋ ਸਮੇਂ ਕਈ ਕੰਮ ਕਰਨ ਵਿਚ ਮੁਹਾਰਤ ਹੁੰਦੀ ਹੈ ਤੇ ਉਨ੍ਹਾਂ ਦਾ ਅਜਿਹਾ ਕਰਨਾ ਸੜਕ ’ਤੇ ਚੱਲ ਰਹੇ ਲੋਕਾਂ ਲਈ ਖ਼ਤਰਾ ਨਹੀਂ ਪੈਦਾ ਕਰਦਾ ਪਰ ਆਮ ਲੋਕ ਜ਼ਿਆਦਾਤਰ ਇਕੋ ਸਮੇਂ ਡਰਾਈਵਿੰਗ, ਰੇਡੀਓ, ਬੱਚੇ, ਟਰੈਫਿਕ ਤੇ ਫੋਨ ਉਪਰ ਧਿਆਨ ਕੇਂਦਰਤ ਨਹੀਂ ਕਰ ਪਾਉਂਦੇ। ਫਿਲਹਾਲ ਤਾਂ ਲੋਕਾਂ ਉਪਰ ਜ਼ਿਆਦਾ ਅਸਰ ਨਹੀਂ ਦਿਸ ਰਿਹਾ। ਇਕ ਵਾਰੀ ਜਦੋਂ ਜੁਰਮਾਨੇ ਲੱਗਣੇ ਸ਼ੁਰੂ ਹੋ ਜਾਣਗੇ ਤਾਂ ਹੈਂਡਜ਼-ਫਰੀ ਉਪਰਕਰਨਾਂ ਦੀ ਵਿਕਰੀ ਵਧਣ ਦੀ ਪੂਰੀ ਉਮੀਦ ਹੈ।







# ਕੈਨੇਡਾ ’ਚ ਹੋ ਸਕਦੀ ਹੈ ਕੈਂਸਰ ਤੇ ਕੀਮੋਥਰੈਪੀ ਦਵਾਈਆਂ ਦੀ ਕਮੀ

ਓਟਾਵਾ (ਨਦਬ) ਕੈਨੇਡਾ ਦੇ ਸਿਹਤ ਵਿਭਾਗ ਨੇ ਚਿਤਾਵਨੀ ਦਿੱਤੀ ਹੈ ਕਿ ਮੁਲਕ ਭਰ ਵਿਚ ਕੁਝ ਜ਼ਰੂਰੀ ਦਵਾਈਆਂ ਦੀ ਕਿਲਤ ਹੋ ਸਕਦੀ ਹੈ। ਇਨ੍ਹਾਂ ਵਿਚ ਕੈਂਸਰ ਤੇ ਕੀਮੋਥਰੈਪੀ ਦੀਆਂ ਦਵਾਈਆਂ ਵੀ ਸ਼ਾਮਲ ਹਨ।

ਦਰਅਸਲ ਓਹਾਇਓ ਸਥਿਤ ਬੈਨ ਵੈਨਿਯੂ ਲੈਬਾਰਟਰੀਜ਼ ਵਿਖੇ ਉਤਪਾਦਨ ਸਬੰਧੀ ਔਕੜਾਂ ਕਾਰਨ ਇਹ ਸਥਿਤੀ ਪੈਦਾ ਹੋਣੀ ਹੈ। ਸਿਹਤ ਵਿਭਾਗ ਵਲੋਂ ਜਾਂਚ ਦੌਰਾਨ ਬੀ.ਵੀ. ਐਲ. ਮੈਨੂਫੈਕਚਰਿੰਗ ਸਾਈਟ ਵਿਖੇ ਬਣਾਈਆਂ ਜਾ ਰਹੀਆਂ ਦਵਾਈਆਂ ਦੀ ਗੁਣਵੱਤਾ ਅਤੇ ਉਤਪਾਦਨ ਪ੍ਰਕਿਰਿਆ ਵਿਚ ਖਾਸੀਆਂ ਕਮੀਆਂ ਪਾਈਆਂ ਗਈਆਂ ਹਨ। ਇਨ੍ਹਾਂ ਉਨਤਾਈਆਂ ਕਾਰਨ ਦਵਾਈਆਂ ਦੀ ਗੁਣਵੱਤਾ ਵਿਚ ਕਮੀ ਹੋਣ ਦਾ ਖਦਸ਼ਾ ਹੈ। ਇਸ ਲਈ ਹੁਣ ਤੋਂ ਹੀ ਸਿਹਤ ਵਿਭਾਗ ਸਿਰਫ਼ ਉਨ੍ਹਾਂ ਦਵਾਈਆਂ ਦੀ ਹੀ ਬਰਾਮਦ ਕਰੇਗਾ, ਜਿਨ੍ਹਾਂ ਉਪਰ 'ਮੈਡੀਕਲ ਨਸੈਸਰੀ’ ਲਿਖਿਆ ਹੋਵੇਗਾ, ਭਾਵ ਜਿਨ੍ਹਾਂ ਦੀ ਵਰਤੋਂ ਕਿਸੇ ਜਾਨਲੇਵਾ ਬਿਮਾਰੀ ਲਈ ਬੇਹੱਦ ਜ਼ਰੂਰੀ ਹੈ। ਮੁਸ਼ਕਲ ਇਹ ਹੈ ਕਿ ਬਾਕੀ ਦੀਆਂ ਦਵਾਈਆਂ ਜੋ ਇਥੇ ਬਣਾਈਆਂ ਜਾਣਗੀਆਂ, ਉਨ੍ਹਾਂ ਦੀ ਮਾਤਰਾ ਏਨੀ ਘੱਟ ਹੋਵੇਗੀ ਕਿ ਸ਼ਾਇਦ ਲੋਕਾਂ ਦੀ ਲੋੜ ਪੂਰੀ ਨਾ ਹੋ ਸਕੇ।

ਬੀ.ਵੀ. ਐਲ. ਮੈਨੂਫੈਕਚਰਿੰਗ ਸਾਈਟ ਵਿਖੇ ਜੋ ਘਟੀਆ ਮਾਪਦੰਡਾਂ ਹੇਠ ਬਣੀਆਂ ਦਵਾਈਆਂ ਮਿਲੀਆਂ ਹਨ, ਉਨ੍ਹਾਂ ਵਿਚ ਕੀਮੋਥਰੈਪੀ ਡਰੱਗ ਟੋਮੂਡੈਕਸ ਤੇ ਡੋਕਸੋਰੂਬਿਸਿਨ, ਬਲੱਡ ਕੈਂਸਰ ਦੇ ਇਲਾਜ ਲਈ ਵਰਤੀ ਜਾਂਦੀ ਵੈਲਕੇਡ, ਕਿਡਨੀਆਂ ਦੇ ਕੈਂਸਰ ਦੀ ਰੋਕਥਾਮ ਲਈ ਵਰਤੀ ਜਾਂਦੀ ਟੋਰੀਸੈਲ, ਬੱਚਿਆਂ ਵਿਚ ਹੋਣ ਵਾਲੇ ਗੰਭੀਰ ਲੋਅਰ ਰੈਸਪਿਰਟੇਰੀ ਟਰੈਕਟ ਇਨਫੈਕਸ਼ਨ ਵਾਸਤੇ ਵਾਇਰਾਜ਼ੋਲ ਤੇ ਐਂਟੀਬਾਇਓਟਿਕ ਸਟ੍ਰੈਪਟੋਮਾਈਸਿਨ ਸ਼ਾਮਲ ਹਨ।

ਏਜੰਸੀ ਦਾ ਕਹਿਣਾ ਹੈ ਕਿ ਫਿਲਹਾਲ ਤਾਂ ਇਨ੍ਹਾਂ ਦਵਾਈਆਂ ਦੇ ਅਸਰ ਕਾਰਨ ਕਿਸੇ ਕਿਸਮ ਦੇ ਨੁਕਸਾਨ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ ਪਰ ਲੈਬ ਉਪਰ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ। ਬੀ.ਵੀ.ਐਲ. ਨੇ ਵੀ ਮਾਮਲੇ ਲਈ ਖੇਦ ਪ੍ਰਗਟਾਉਂਦਿਆਂ ਸੁਧਾਰ ਕਰਨ ਦਾ ਭਰੋਸਾ ਦਿੱਤਾ ਹੈ।

# ਜਰਮ ਮਾਰੂ ਰਸਾਇਣ ਹੱਥ ਧੋਣ ਦਾ ਬਦਲ ਨਹੀਂ



ਓਟਾਵਾ (ਨਦਬ) ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਜਰਨਲ ਵਿਚ ਛਪੇ ਲੇਖ ਮੁਤਾਬਕ ਅਲਕੋਹਲ ਦੇ ਆਧਾਰ ’ਤੇ ਬਣੇ ਹੈਂਡ ਸੈਨਿਟਾਈਜ਼ਰ (ਹੱਥ ਸਾਫ ਕਰਨ ਵਾਲਾ ਤਰਲ) ਹੱਥਾਂ ਨੂੰ ਧੋਣ ਦੇ ਰਵਾਇਤੀ ਤਰੀਕੇ ਦੀ ਥਾਂ ਨਹੀਂ ਲੈ ਸਕਦੇ। ਇਹ ਲੇਖ ਅਮਰੀਕਾ ਵਿਖੇ ਹੋਏ ਅਧਿਐਨ ਉਪਰ ਅਧਾਰਤ ਹੈ। ਇਸ ਰਿਪੋਰਟ ਤੋਂ ਪਤਾ ਚੱਲਦਾ ਹੈ ਕਿ ਬਹੁਤ ਸਾਰੀਆਂ ਸਿਹਤ ਸੰਭਾਲ ਸਹੂਲਤਾਂ 'ਨੋਰੋਵਾਇਰਸ’ ਭਾਵ ਗੰਭੀਰ ਪੇਟ ਦੀਆਂ ਬਿਮਾਰੀਆਂ ਦੇ ਖ਼ਤਰੇ ਹੇਠ ਹਨ, ਜਿਸ ਨਾਲ ਹੈਜ਼ਾ ਅਤੇ ਉਲਟੀਆਂ ਲਗ ਸਕਦੀਆਂ ਹਨ, ਕਿਉਂਕਿ ਲੌਂਗ ਟਰਮ ਫੈਸਿਲਟੀਆਂ ਵਿਖੇ ਕੰਮ ਕਰਨ ਵਾਲਾ ਵੱਡੀ ਗਿਣਤੀ ਸਟਾਫ ਸਾਬਣ ਅਤੇ ਪਾਣੀ ਨਾਲ ਹੱਥ ਧੋਣ ਦੀ ਬਜਾਏ ਹੈਂਡ ਸੈਨਿਟਾਈਜ਼ਰ ਨੂੰ ਤਰਜੀਹ ਦਿੰਦਾ ਹੈ। ਅਧਿਐਨ ਦੌਰਾਨ ਪਤਾ ਚੱਲਿਆ ਹੈ ਕਿ 45 ਸਹੂਲਤਾਂ ਵਿਚੋਂ ਹੈਂਡ ਸੈਨਿਟਾਈਜ਼ਰ ਦੀ ਵਰਤੋਂ ਕਾਰਨ 53 ਫੀਸਦੀ ਹੈਜ਼ੇ ਤੇ ਉਲਟੀਆਂ ਦਾ ਸ਼ਿਕਾਰ ਹੋਏ ਜਦਕਿ ਅਧਿਐਨ ਵਿਚ ਸ਼ਾਮਲ ਹੋਰ 17 ਸਹੂਲਤਾਂ ਵਿਚ ਸਟਾਫ਼ ਹੱਥ ਧੋਣ ਲਈ ਪਾਣੀ ਤੇ ਸਾਬਣ ਦਾ ਇਸਤੇਮਾਲ ਕਰਦਾ ਹੈ ਤੇ ਇਨ੍ਹਾਂ ਵਿਚੋਂ ਸਿਰਫ਼ 18 ਫੀਸਦੀ ਵਿਚ ਹੀ ਹੈਜ਼ੇ ਤੇ ਉਲਟੀਆਂ ਦੀ ਸ਼ਿਕਾਇਤ ਸਾਹਮਣੇ ਆਈ। ਯੂ.ਐਸ.ਸੈਂਟਰਸ ਡਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਦੇ ਮਾਹਰਾਂ ਦੀ ਸਲਾਹ ਹੈ ਕਿ ਸਿਹਤ ਸਹੂਲਤਾਂ ਦੇ ਸਟਾਫ ਨੂੰ ਵਾਰ ਵਾਰ ਹੱਥ ਧੋਣ ਵਾਸਤੇ ਸਾਬਣ ਤੇ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ।

# ਟੈਲੀਵਿਜ਼ਨ ਦੇ ਰਿਹਾ ਹੈ ਹੌਲੀ ਹੌਲੀ ਮੌਤ



ਮੈਲਬਰਨ (ਨਦਬ) ਇਕ ਨਵੀਂ ਖੋਜ ਤੋਂ ਪਤਾ ਚੱਲਿਆ ਹੈ ਕਿ ਤੁਹ-ਾਡਾ ਟੀ.ਵੀ. ਤੁਹਾਡੀ ਜ਼ਿੰਦਗੀ ਦੇ ਕਈ ਸਾਲ ਘਟਾ ਸਕਦਾ ਹੈ। ਆਸਟਰੇਲਿਆਈ ਖੋਜਕਾਰਾਂ ਨੇ ਬੀਤੇ ਦਿਨੀਂ ਆਸਟਰੇਲੀਆ ਦੇ ਅੰਕੜਾ ਬਿਓਰੋ ਤੋਂ ਮਿਲੇ ਅੰਕੜਿਆਂ ਅਤੇ 11000 ਲੋਕਾਂ ਉਪਰ ਕੀਤੇ ਗਏ ਅਧਿਐਨ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਸਿੱਟੇ ਨਿਕਲੇ ਹਨ। ਖੋਜ ਮੁਤਾਬਕ 25 ਵਰ੍ਹਿਆਂ ਦੀ ਉਮਰ ਮਗਰੋਂ ਟੀ.ਵੀ. ਵੇਖਣ ਵਿਚ ਬਿਤਾਇਆ ਹਰ ਇਕ ਘੰਟਾ ਤੁਹਾਡੀ ਜ਼ਿੰਦਗੀ ਦੇ 21.8 ਮਿੰਟ ਘਟਾ ਦਿੰਦਾ ਹੈ। ਯੂਨੀਵਰਸਿਟੀ ਆਫ ਕੁਈਨਜ਼ਲੈਂਡ ਦੇ ਮਾਹਰਾਂ ਨੇ ਇਹ ਵੀ ਦੱਸਿਆ ਹੈ ਕਿ ਉਹ ਲੋਕ ਜੋ ਦਿਨ ਭਰ 4.8 ਘੰਟੇ ਟੀ.ਵੀ. ਦੇਖਦੇ ਹਨ, ਉਹ ਉਨ੍ਹਾਂ ਲੋਕਾਂ ਨਾਲੋਂ 4.8 ਘੰਟੇ ਘੱਟ ਜਿਉਂਦੇ ਹਨ, ਜੋ ਬਿਲਕੁਲ ਟੀ.ਵੀ. ਨਹੀਂ ਵੇਖਦੇ ਪਰ ਨਾਲ ਹੀ ਮਾਹਰਾਂ ਨੇ ਟੀ.ਵੀ. ਅਤੇ ਜੀਵਨ ਕਾਲ ਦੇ ਘਟਣ ਵਿਚਾਲੇ ਕੋਈ ਸਿੱਧਾ ਸਬੰਧ ਨਾ ਹੋਣ ਦੀ ਗੱਲ ਵੀ ਕਹੀ ਹੈ। ਉਨ੍ਹਾਂ ਮੁਤਾਬਕ ਜ਼ਿਆਦਾ ਦੇਰ ਤੱਕ ਟੀ.ਵੀ. ਦੇਖਣ ਨਾਲ ਸਾਡਾ ਰਹਿਣ-ਸਹਿਣ ਪ੍ਰਭਾਵਤ ਹੁੰਦਾ ਹੈ, ਰੋਜ਼ ਦਾ ਕੰਮਕਾਰ ਪ੍ਰਭਾਵਤ ਹੁੰਦਾ ਹੈ, ਚੰਗਾ ਖਾਣ ਖਾਣਾ ਦੀ ਬਜਾਏ ਅਸੀਂ ਛੇਤੀ ਬਣਨ ਵਾਲਾ ਸਮਾਂ ਬਚਾਓ 'ਜੰਕ ਫੂਡ’ ਖਾਣ ਲੱਗ ਪੈਂਦੇ ਹਾਂ। ਹਲਕੀ ਫੁਲਕੀ ਕਸਰਤ ਕਰਨ ਦੀ ਬਜਾਏ ਅਸੀਂ ਸਾਰਾ ਦਿਨ ਟੀ.ਵੀ. ਅੱਗੇ ਲੇਟੇ ਰਹਿੰਦੇ ਹਾਂ, ਜਿਸ ਨਾਲ ਮੋਟਾਪੇ, ਸ਼ੂਗਰ ਤੇ ਦਿਲ ਦੇ ਰੋਗਾਂ ਦਾ ਖ਼ਤਰਾ ਸਹੇੜਦੇ ਹਾਂ।

ਹਾਲਾਂਕਿ ਇਹ ਅਧਿਐਨ ਸਿਰਫ਼ ਆਸਟਰੇਲਿਆਈ ਲੋਕਾਂ ਉਪਰ ਅਧਾਰਤ ਹੈ ਪਰ ਇਸ ਦੇ ਨਤੀਜੇ ਉਨ੍ਹਾਂ ਸਾਰੇ ਦੂਸਰੇ ਮੁਲਕਾਂ ਦੇ ਵਸਨੀਕਾਂ ਉਪਰ ਵੀ ਲਾਗੂ ਹੋ ਸਕਦੇ ਹਨ ਜਿਥੇ ਉਦਯੋਗੀਕਰਨ ਹੈ ਤੇ ਟੀ.ਵੀ. ਦੇਖਣ ਉਪਰ ਏਨਾ ਹੀ ਸਮਾਂ ਖਰਚ ਕੀਤਾ ਜਾਂਦਾ ਹੈ।

# ਅਲਬਰਟਾ ਵਿਖੇ ਚੁੱਪ ਚਪੀਤੇ ਚਲ ਰਿਹਾ ਹੈ ਲੇਬਰ ਲਾਅ ਰੀਵਿਊ

ਐਡਮਿੰਟਨ, (ਨਦਬ) : ਅਲਬਰਟਾ ਦੀ ਸਰਕਾਰ ਅੱਜਕਲ ਚੁੱਪ ਚਪੀਤੇ ਸੂਬੇ ਦੇ ਵਪਾਰੀਆਂ, ਕੰਪਨੀ ਮਾਲਕਾਂ ਅਤੇ ਯੂਨੀਅਨਾਂ ਨਾਲ ਵਿਚਾਰ ਵਟਾਂਦਰਾ ਕਰ ਰਹੀ ਹੈ। ਇਹ ਵਿਚਾਰ ਵਟਾਂਦਰਾ ਲੇਬਰ ਕਾਨੂੰਨਾਂ ਵਿਚ ਆਉਣ ਵਾਲੀਆਂ ਅਹਿਮ ਤਬਦੀਲੀਆਂ ਬਾਰੇ ਹੈ ਜੋ ਸੂਬੇ ਦੇ ਭਵਨ ਨਿਰਮਾਣ ਸੈਕਟਰ ਨੂੰ ਪ੍ਰਭਾਵਤ ਕਰਨਗੀਆਂ। ਰੁਜ਼ਗਾਰ ਅਤੇ ਇਮੀਗ੍ਰੇਸ਼ਨ ਮੰਤਰੀ ਟੌਮਸ ਲੂਕੈਜ਼ਕ ਨੇ ਪਿਛਲੇ ਮਹੀਨੇ ਇਸ ਰਿਵਿਊ ਦੇ ਆਦੇਸ਼ ਜਾਰੀ ਕੀਤੇ ਸਨ ਜਦੋਂ ਇਕ ਰਿਪੋਰਟ ਤੋਂ ਇਹ ਪਤਾ ਲੱਗਿਆ ਕਿ ਸੂਬੇ ਦੇ ਮੌਜੂਦਾ ਲੇਬਰ ਰਿਲੇਸ਼ਨਸ ਕੋਡ, ਸੂਬੇ ਦੀਆਂ ਕੰਪਨੀਆਂ ਨੂੰ ਮੁਕਾ-ਬਲੇ ਦੇ ਲਾਇਕ ਨਹੀਂ ਛੱਡਦੇ। ਹਾਲਾਂਕਿ ਮੰਤਰੀ ਲੂਕੈਜ਼ਕ ਨੂੰ ਨਹੀਂ ਲਗਦਾ ਕਿ ਫਿਲਹਾਲ ਕਿਸੇ ਤਬਦੀਲੀ ਦੀ ਕੋਈ ਲੋੜ ਹੈ ਪਰ ਫਿਰ ਵੀ ਇਹ ਰਿਵਿਊ ਕੀਤਾ ਜਾਵੇਗਾ। ਦਰਅਸਲ ਉਹ ਕੰਪਨੀਆਂ ਜਿਨ੍ਹਾਂ ਵਿਚ ਯੂਨੀਅਨ ਨਹੀਂ ਜਾਂ ਇੰਡੀਪੈਂਡੇਂਟ ਕ੍ਰਿਸ਼ਚੀਅਨ ਲੇਬਰ ਐਸੋਸੀਏਸ਼ਨ ਆਫ ਕਨੇਡਾ ਵਲੋਂ ਕਾਮਿਆਂ ਦੀ ਅਗਵਾਈ ਕੀਤੀ ਜਾਂਦੀ ਹੈ, ਉਨ੍ਹਾਂ ਦਾ ਇਕ ਗੁੱਟ ਲੇਬਰ ਰਿਲੇਸ਼ਨਸ ਕੋਡ ਵਿਚ ਤਬਦੀਲੀਆਂ ਚਾਹੁੰਦਾ ਹੈ ਜਿਸ ਨਾਲ ਕੰਸਟ੍ਰਕਸ਼ਨ ਇੰਡਸਟਰੀ ਦੇ ਲਗਭਗ 3 ਲੱਖ ਕਾਮਿਆਂ ਉਪਰ ਅਸਰ ਪਵੇਗਾ। ਇਸ ਗੁੱਟ ਦੀਆਂ ਤਜਵੀਜ਼ਾਂ ਵਿਚ ਮੁੱਖ ਤੌਰ ’ਤੇ ਪੰਜ ਚੀਜ਼ਾਂ ਸ਼ਾਮਲ ਹਨ। ਇਨ੍ਹਾਂ ਦੀ ਮੰਗ ਹੈ ਕਿ ਕੰਪਨੀਆਂ ਨੂੰ ਉਨ੍ਹਾਂ ਸ਼ਰਤਾਂ ਅਧੀਨ ਹੀ ਪ੍ਰਾਜੈਕਟ ਪੂਰੇ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ ਜੋ ਸਰਟੀਫਿਕੇਸ਼ਨ ਮਿਲਣ ਤੋਂ ਪਹਿਲਾਂ ਸਨ। ਜਦੋਂ ਕੋਈ ਵਰਕਰ ਕਿਸੇ ਨਾਨ-ਯੂਨੀਅਨ ਮਾਲਕ ਲਈ ਕੰਮ ਕਰੇ ਤਾਂ ਕਿਸੇ ਵੀ ਯੂਨੀਅਨ ਨੂੰ ਆਪਣੇ ਮੈਂਬਰ ਨੂੰ ਜੁਰਮਾਨਾ ਲਾਉਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਕਰਮਚਾਰੀਆਂ ਦੀ ਰਜ਼ਾਮੰਦੀ ਲਏ ਬਗੈਰ ਕਿਸੇ ਵੀ ਯੂਨੀਅਨ ਨੂੰ ਸਿਆਸੀ ਸਰਗਰਮੀਆਂ ਵਾਸਤੇ ਬਕਾਇਆ ਕਰਮ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਹੜਤਾਲ ’ਤੇ ਬੈਠੇ ਕਰਮਚਾਰੀਆਂ ' ਜਦੋਂ ਲੋਕਾਂ ਨੂੰ ਉਨ੍ਹਾਂ ਦੀਆ ਪਿਕੇਟ ਲਾਈਨਾਂ ਤੋਂ ਨਹੀਂ ਗੁਜ਼ਰਨ ਦਿੰਦੇ ਤਾਂ ਲੋਕਾਂ ਨੂੰ ਉਸ ਪ੍ਰੇਸ਼ਾਨੀ ਤੋਂ ਬਚਾਉਣ ਵਾਸਤੇ ਇਹ ਸਾਰੀ ਕਾਰਵਾਈ ਦਾ ਸਮਾਂ ਘੱਟ ਕੀਤਾ ਜਾਣਾ ਚਾਹੀਦਾ ਹੈ।

ਯੂਨੀਅਨ ਤਹਿਤ ਨਾ ਆਉਂਦੀਆਂ 1300 ਕੰਪਨੀਆਂ ਅਤੇ 40 ਹਜ਼ਾਰ ਵਰਕਰਾਂ ਦੀ ਅਗਵਾਈ ਕਰਦੀ 'ਦੀ ਮੈਰਿਟ ਕਟਰੈਕਟਰਸ ਐਸੋਸੀਏਸ਼ਨ’ ਚਾਹੁੰਦੀ ਹੈ ਕਿ ਇਹ ਸਾਰੇ ਬਦਲਾਅ ਲਾਗੂ ਕੀਤੇ ਜਾਣ ਤਾਂ ਜੋ ਅਲਬਰਟਾ ਆਇਲ ਸੈਂਡਸ ਵਿਖੇ ਨਿਵੇਸ਼ ਕਰਨ ਵਾਲਿਆਂ ਨੂੰ ਹਰ ਵੇਲੇ ਬੇਕਾਬੂ ਹੁੰਦੀਆਂ ਜਾ ਰਹੀਆਂ ਕੀਮਤਾਂ ਦੀ ਫਿਕਰ ਨਾ ਸਤਾਉਂਦੀ ਰਹੇ। ਸੂਬੇ ਵਿਚ 12 ਅਜਿਹੇ ਅਪਗ੍ਰੇਡ ਪ੍ਰਾਜੈਕਟ ਹਨ ਜੋ ਐਸ ਵੇਲੇ ਕੰਸਟਰੱਕਸ਼ਨ ਦੀ ਵੱਧ ਰਹੀ ਲਾਗਤ ਕਾਰਨ ਠੱਪ ਪਏ ਹਨ। ਜਦੋਂ ਕਿ ਸੂਬੇ ਦੇ ਬਿਲਡਿੰਗ ਟਰੇਡ ਯੂਨੀਅਨਾਂ ਤਹਿਤ ਆਉਂਦੇ 60 ਹਜ਼ਾਰ ਕਾਮੇ ਐਸ ਵੇਲੇ ਸੂਬੇ ਦੇ ਅੱਧੇ ਦੇ ਕਰੀਬ ਵੱਡੇ ਇੰਡਸਟਰੀਅਲ ਅਤੇ ਕਮਰਸ਼ੀਅਲ ਪ੍ਰਾਜੈਕਟਾਂ ਨੂੰ ਪੂਰਾ ਕਰਨ ਦਾ ਕੰਮ ਕਰ ਰਹੇ ਹਨ। ਇਨ੍ਹਾਂ 24 ਵਿਚੋਂ 18 ਟਰੇਡਾਂ ਨੇ ਇਕ 4 ਸਾਲ ਦੇ ਸਮਝੌਤੇ ਉਪਰ ਦਸਤਖ਼ਤ ਕੀਤੇ ਹਨ। ਜਿਸ ਤਹਿਤ ਤੇਲ ਦੀ ਕੀਮਤ ਅਤੇ ਕੰਜ਼ੂਮਰ ਪ੍ਰਾਈਸ ਇੰਡੈਕਸ ਦੇ ਅਧਾਰ ’ਤੇ ਹੀ ਕਰਮਚਾਰੀਆਂ ਦੇ ਭੱਤੇ ਅਤੇ ਤਨਖ਼ਾਹ ਨਿਰਧਾਰਤ ਹੋਣਗੇ। ਅਲਬਰਟਾ ਦੀ ਅਰਥਵਿਵਸਥਾ ਦਾ ਜੋ ਹਾਲ ਹੈ, ਉਸ ਵਾਸਤੇ ਇਹ ਤਜਵੀਜ਼ਾਂ ਕਾਫੀ ਸਹਾਈ ਸਿੱਧ ਹੋ ਸਕਦੀਆਂ ਹਨ।

# ਵਿਜ਼ ਕਿਡ ਵਲੋਂ ਨਵੇਂ ਜੀਨ ਦੀ ਖੋਜ



ਕੈਲਗਰੀ (ਨਦਬ) :ਇਨ੍ਹਾਂ ਗਰਮੀਆਂ ਦੌਰਾਨ ਜਿਥੇ ਮਾਰਿਆ ਅਮਾਨ ਦੇ 11ਵੇਂ ਗਰੇਡ ਦੇ ਸਹਿਪਾਠੀ ਬੀਚ ’ਤੇ ਛੁੱਟੀਆਂ ਮਨਾ ਰਹੇ ਸਨ, ਤਾਂ ਉਹ ਉਸ ਵੇਲੇ ਨਵੇਂ ਐਨਜਾਈਮ ਦੀ ਖੋਜ ਵਿਚ ਰੁਝੀ ਹੋਈ ਸੀ। ਮੈਡੀਸਿਨ ਹੈਟ ਹਾਈ ਸਕੂਲ ਦੀ ਇਸ ਅਦਭੁੱਤ ਕਾਬਲੀਅਤ ਵਾਲੀ ਬੱਚੀ ਨੂੰ ਅਲਬਰਟਾ ਇਨੋਵੇਟਿਵ ਹੈਲਥ ਸਲਿਊਸ਼ਨਜ਼ ਵਲੋਂ ਕਰਵਾਏ ਸਮਰ ਰਿਸਰਚ ਪ੍ਰੋਗਰਾਮ ਵਾਸਤੇ ਚੁਣਿਆ ਗਿਆ ਸੀ। ਮਾਰਿਆ ਅਮਾਨ ਨੇ ਅਜਿਹੇ ਨਵੇਂ ਜੀਨ ਦੀ ਖੋਜ ਕੀਤੀ ਹੈ ਜੋ ਅਜਿਹੀਆਂ ਗਰਭਵਤੀ ਔਰਤਾਂ ਦੀ ਮਦਦ ਕਰੇਗਾ ਜੋ ਸਮੇਂ ਤੋਂ ਪਹਿਲਾਂ ਪ੍ਰਸੂਤਾ ਪੀੜਾ ਵਿਚ ਚਲੀਆਂ ਜਾਂਦੀਆਂ ਹਨ। ਯੂਨੀਵਰਸਿਟੀ ਆਫ਼ ਕੈਲਗਰੀ ਦੀ ਫੈਕਲਟੀ ਆਫ਼ ਮੈਡੀਸਿਨ ਵਿਖੇ ਐਸੋਸ਼ੀਏਟ ਪ੍ਰੋ. ਵਜੋਂ ਕੰਮ ਕਰ ਰਹੀ ਡੌਨਾ ਸਲੇਟਰ ਵਾਸਤੇ ਇਹ ਇਕ ਬੇਹੱਦ ਅਹਿਮ ਸੁਰਾਗ ਹੋ ਸਕਦਾ ਹੈ। ਡੌਨਾ ਸਲੇਟਰ ਬੱਚੇਦਾਨੀ ਦੇ ਉਨ੍ਹਾਂ ਰਹੱਸਾਂ ਤੋਂ ਪਰਦਾ ਚੁੱਕਣ ਲਈ ਖੋਜ ਕਰ ਰਹੀ ਹੈ, ਜਿਨ੍ਹਾਂ ਕਾਰਨ ਸਮੇਂ ਤੋਂ ਪਹਿਲਾਂ ਪ੍ਰਸੂਤਾ ਪੀੜਾ ਹੋ ਜਾਂਦੀ ਹੈ ਤੇ ਬੱਚੇ ਦੀ ਜ਼ਿੰਦਗੀ ਲਈ ਖ਼ਤਰੇ ਪੈਦਾ ਹੋਣ ਨੌਬਤ ਆ ਜਾਂਦੀ ਹੈ। ਸਲੇਟਰ ਮੁਤਾਬਕ ਮਾਰਿਆ ਅਮਾਨ ਦੀ ਇਸ ਖੋਜ ਦਾ ਕੀ ਸਿੱਟਾ ਨਿਕਲੇਗਾ, ਇਸ ਬਾਰੇ ਤਾਂ ਫਿਲਹਾਲ ਕੁਝ ਕਹਿਣਾ ਮੁਸ਼ਕਲ ਹੈ ਪਰ ਇਹ ਬੇਹੱਦ ਅਹਿਮ ਖੋਜ ਸਿੱਧ ਹੋਵੇਗੀ ਕਿਉਂਕਿ ਏਨਾ ਤਾਂ ਸਾਫ ਪਤਾ ਲਗਦਾ ਹੈ ਕਿ ਇਹ ਨਵਾਂ ਜੀਨ ਬੱਚੇਦਾਨੀ ਵਿਚ ਹੀ ਮੌਜੂਦ ਹੁੰਦਾ ਹੈ। ਜ਼ਿਕਰਯੋਗ ਹੈ ਕਿ ਮਾਰਿਆ ਦੀ ਉਮਰ ਸਿਰਫ਼ 16 ਸਾਲ ਹੈ। ਸਲੇਟਰ ਦੇ ਅਧਿਐਨ ਦਾ ਮੁੱਖ ਉਦੇਸ਼ ਗਰਭਵਤੀ ਔਰਤਾਂ ਦੀ ਮਦਦ ਕਰਨਾ ਹੈ ਜਿਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਪ੍ਰਸੂਤਾ ਪੀੜਾ ਹੋ ਜਾਂਦੀ ਹੈ। ਮਾਰਿਆ ਨੂੰ ਹਿਊਮਨ ਬਾਇਓਲੌਜੀ ਵਿਚ ਡੂੰਘੀ ਦਿਲਚਸਪੀ ਹੈ ਤੇ ਇਸ ਪਿਛੇ ਇਕ ਕਾਰਨ ਉਸ ਦੇ ਪਿਤਾ, ਦਾਦਾ ਤੇ ਦਾਦੀ ਦਾ ਡਾਕਟਰ ਹੋਣਾ ਵੀ ਹੈ। ਅਮਾਨ ਨੂੰ 2011 ਦੇ ਹੈਰੀਟੇਜ ਯੂਥ ਰਿਸਰਚ ਸਮਰ ਪ੍ਰੋਗਰਾਮ ਵਾਸਤੇ ਕਈ ਸੌ ਵਿਦਿਆਰਥੀਆਂ ਵਿਚੋਂ ਚੁਣਿਆ ਗਿਆ ਸੀ। ਇਸ ਪ੍ਰੋਗਰਾਮ ਵਿਚ ਉਨ੍ਹਾਂ ਵਿਦਿਆਰਥੀਆਂ ਨੂੰ ਚੁਣਿਆ ਜਾਂਦਾ ਹੈ, ਜਿਨ੍ਹਾਂ ਦੇ ਗਰੇਡ 11 ਵਿਚ ਮੈਥ ਤੇ ਸਾਇੰਸ ਵਿਚ ਘੱਟੋ-ਘੱਟ 85 ਫੀਸਦੀ ਹੋਣ।

# ਯੂ ਆਫ ਏ ਵਿਦਿਆਰਥੀ ਸਾਲਾਹ ਰਹਿਮਾਨੀ ਭੁੱਖ ਹੜਤਾਲ ’ਤੇ

ਐਡਮਿੰਟਨ, (ਨਦਬ) : ਸਾਲਾਹ ਰਹਿਮਾਨੀ ਨਾਂ ਦਾ ਵਿਦਿਆਰਥੀ ਅੱਜਕਲ ਭੁੱਖ ਹੜਤਾਲ ’ਤੇ ਹੈ ਅਤੇ ਬੀਤੇ ਦੋ ਹਫ਼ਤਿਆਂ ਤੋਂ ਸਟੂਡੈਂਟ ਯੂਨੀਅਨ ਬਿਲਡਿੰਗ (ਐਸ.ਯੂ.ਬੀ.) ਦੇ ਬਾਹਰ ਤੰਬੂ ਲਾ ਕੇ ਬੈਠਾ ਹੋਇਆ ਹੈ। ਇਸ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਆਫ ਅਲਬਰਟਾ ਉਸ ਨੂੰ ਗ੍ਰੈਜੂਏਟ ਵਿਦਿਆਰਥੀ ਵਜੋਂ ਵਾਪਸ ਸਵੀਕਾਰ ਨਹੀਂ ਕਰ ਰਹੀ। ਰਹਿਮਾਨੀ ਨੇ ਪਿਛਲੇ ਸਾਲ ਡਿਪਾਰਟਮੈਂਟ ਆਫ਼ ਲੈਬਾਰਟਰੀ ਮੈਡੀਸ਼ਨ ਐਂਡ ਪੈਥੋਲੋਜੀ ਵਿਚ ਦਾਖ਼ਲਾ ਲਿਆ ਸੀ ਅਤੇ ਉਦੋਂ ਤੋਂ ਹੀ ਉਹ ਸੁਪਰਵਾਈਜ਼ਿੰਗ ਵਾਸਤੇ ਇਕ ਪ੍ਰੋਫੈਸਰ ਦੀ ਭਾਲ ਵਿਚ ਹੈ। ਪਿਛਲੇ ਕਈ ਮਹੀਨਿਆਂ ਤੋਂ ਉਹ ਕਈ ਪ੍ਰੋਫੈਸਰਾਂ ਨਾਲ ਰਾਬਤਾ ਕਾਇਮ ਕਰ ਚੁੱਕਾ ਹੈ ਪਰ ਹਰ ਵਾਰੀ ਠੁਕਰਾ ਦਿਤਾ ਗਿਆ। ਉਸ ਦਾ ਵਿਚਾਰ ਹੈ ਕਿ ਅਜਿਹਾ ਸ਼ਾਇਦ ਇਸ ਕਰ ਕੇ ਹੈ ਕਿਉਂਕਿ ਉਸ ਨੂੰ ਡਿਪਾਰਟਮੈਂਟ ਆਫ਼ ਸੈਲ ਬਾਇਓਲੌਜੀ ਤੋਂ ਕੱਢ ਦਿਤਾ ਗਿਆ ਸੀ। ਹਾਲਤ ਦਿਨ ਬਦਿਨ ਖਸਤਾ ਹੁੰਦੀ ਜਾ ਰਹੀ ਹੈ। ਪ੍ਰੋਫੈਸਰ ਤਰ੍ਹਾਂ ਤਰ੍ਹਾਂ ਦੇ ਬਹਾਨੇ ਬਣਾਉਂਦੇ ਹਨ। ਰਹਿਮਾਨੀ ਦੋ ਹਫ਼ਤਿਆਂ ਤੋਂ ਐਸ.ਯੂ.ਬੀ. ਦੇ ਪੂਰਬੀ ਪ੍ਰਵੇਸ਼ ਦੁਆਰ ਅੱਗੇ ਤੰਬੂ ਗੱਡ ਕੇ ਬੈਠਾ ਹੈ ਜਿਸ ਉਪਰ ਲਿਖਿਆ ਹੈ, "ਮੈਂ ਸਮਾਜਕ ਸ਼ੋਸ਼ਣ ਦਾ ਸ਼ਿਕਾਰ ਹਾਂ। ਮੈਨੂੰ ਅਣ ਮਨੁੱਖੀ ਅਤੇ ਗੁੰਡਾਗਰਦੀ ਸਹਿਣੀ ਪੈ ਰਹੀ ਹੈ।’’ ਉਸ ਨੇ ਅਦਾਰੇ ਉਪਰ ਮੌਕਿਆਂ ਤੋਂ ਮਹਿਰੂਮ ਰੱਖਣ ਦਾ ਦੋਸ਼ ਵੀ ਲਾਇਆ ਹੈ। ਉਸ ਨੂੰ ਕਈ ਲੋਕਾਂ ਦਾ ਸਮਰਥਨ ਹਾਸਲ ਹੈ।

ਰਹਿਮਾਨੀ ਦਾ ਕਹਿਣਾ ਹੈ ਕਿ ਜਿਨ੍ਹਾਂ ਪ੍ਰੋਫੈਸਰਾਂ ਨੇ ਉਸ ਨੂੰ ਫੰਡਿੰਗ ਨਾ ਹੋਣ




ਜਾਂ ਸੀਟਾਂ ਨਾ ਹੋਣ ਦਾ ਬਹਾਨਾ ਲਾ ਕੇ ਠੁਕਰਾਇਆ ਸੀ ਉਨ੍ਹਾਂ ਪ੍ਰੋਫੈਸਰਾਂ ਨੇ ਹੋਰ ਕਈ ਵਿਦਿਆਰਥੀਆਂ ਨੂੰ ਸੀਟਾਂ ਦਿਤੀਆਂ ਹਨ। ਫੈਕਲਟੀ ਆਫ਼ ਗ੍ਰੈਜੂਏਟ ਸਟੱਡੀਜ਼ ਐਂਡ ਰਿਸਰਚ ਦੇ ਵਾਈਸ ਡੀਨ ਰੈਨ ਪੌਲਿਕਿਨ ਨੇ ਭਰੋਸਾ ਦੁਆਇਆ ਹੈ ਕਿ ਅਦਾਰਾ ਰਹਿਮਾਨੀ ਦੇ ਕੇਸ ਦੀ ਪੜਤਾਲ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਰਹਿਮਾਨੀ ਨੂੰ ਪਿਛਲੇ ਸਾਲ ਡਿਪਾਰਟਮੈਂਟ ਆਫ਼ ਸੈਲ ਬਾਇਉਲੌਜੀ ਤੋਂ ਕੱਢ ਦਿਤਾ ਗਿਆ ਸੀ। ਉਸ ਦਾ ਕਸੂਰ ਇਹ ਸੀ ਕਿ ਉਸ ਨੇ ਸੁਪਰਵਾਈਜ਼ਰੀ ਕਮੇਟੀ ਦੇ ਇਕ ਮੈਂਬਰ ਵਿਰੁਧ ਨਸਲੀ ਟਿੱਪਣੀ ਕਰਨ ਦਾ ਦੋਸ਼ ਲਾਇਆ ਸੀ। ਵਿਭਾਗ ਦੇ ਮੁਖੀ ਰਿਚਰਡ ਰਚੂਬਿਨਸਦੀ ਨੇ ਉਸ ਨੂੰ ਲਿਖਤੀ ਮਾਫੀਨਾਮਾ ਦੇਣ ਨੂੰ ਆਖਿਆ। ਇਨਕਾਰ ਕਰਨ ’ਤੇ ਉਸ ਨੂੰ ਕੱਢ ਦਿਤਾ ਗਿਆ।

ਰਹਿਮਾਨੀ ਨੇ ਅਲਬਰਟਾ ਸੂਬੇ ਦੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਦਰਜ ਕਰਵਾਇਆ, ਜਿਸ ਮਗਰੋਂ ਉਸ ਨੂੰ ਪੜ੍ਹਾਈ ਜਾਰੀ ਰੱਖਣ ਦੀ ਇਜਾਜ਼ਤ ਤਾਂ ਮਿਲ ਗਈ ਪਰ ਸੁਪਰਵਾਈਜ਼ਰ ਤੋਂ ਬਿਨਾਂ। ਮੁਸ਼ਕਲ ਇਹ ਹੈ ਕਿ ਮੈਡੀਕਲ ਡਿਗਰੀ ਵਾਸਤੇ ਸੋਧ ਕਾਰਜ ਕਰਨਾ ਜ਼ਰੂਰੀ ਹੈ ਪਰ ਬਿਨਾ ਸੁਪਰਵਾਈਜ਼ਰ ਦੇ ਉਹ ਕਿਸੇ ਲੈਬ ਵਿਚ ਨਹੀਂ ਜਾ ਸਕਦਾ। ਯੂਨੀਵਰਸਿਟੀ ਰਹਿਮਾਨੀ ਦੀ ਪ੍ਰੇਸ਼ਾਨੀ ਦੇ ਹੱਲ ਵਾਸਤੇ ਫਿਲਹਾਲ ਕਿਸੇ ਤਰ੍ਹਾਂ ਦੀ ਜਲਦੀ ਵਿਚ ਨਹੀਂ ਲੱਗ ਰਹੀ। ਵਾਈਸ ਡੀਨ ਨੇ ਸਿਰਫ ਐਨਾ ਹੀ ਕਿਹਾ ਹੈ ਕਿ ਹੱਲ ਲਭਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਰਹਿਮਾਨੀ ਦੀ ਸਿਹਤ ਦੀ ਚਿੰਤਾ ਹੈ।

# MAPLE LEAF WRITER'S FOUNDATION, EDMONTON

**INVITES ONE & ALL**
**TO A MULTILINGUAL POETIC SYMPOSIUM**
**ON**
**SATURDAY, OCTOBER 1, 2011**

**TIME: 2-00 PM**
**AT**
**Meridian Banquet and Conference Center**
**4820 - 76 Ave, Edmonton, Alberta, T6B 0A3**

**Eminent Poets of Punjabi, Urdu and Hindi**
**will participate**

**For more information contact:**

DR. P. R. Kalia: 780- 440-2766; Dalbir Sangione: 780- 995-5475;
Daljit Rakhra: (780) 989-2977; Darshan Khaira: 780-450-3834;
Parminder Dhaliwal: 780-994-1886; Pavittar Dhaliwal: 780- 909-3315;
Jasvir Deol: 780-906-4497; Raminder Sandhu: 780- 462- 3685;
Gurminder Moom: 780-450-2075; Anup Khanna: 780-970-0992;
Navtej Bains: 780-200-2872; Bakhsh Sangha: 780-461-7528

# 'ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ, ਐਡਮਿੰਟਨ'

**ਵੱਲੋਂ**
**ਮਿਤੀ 1 ਅਕਤੂਬਰ 2011, ਦਿਨ ਸ਼ਨੀਵਾਰ**
**ਸਮਾਂ 2 ਵਜੇ ਬਾਅਦ ਦੁਪਹਿਰ**
**ਮੈਰੀਡੀਅਨ ਬੈਂਕੁਇਟ ਐਂਡ ਕਾਨਫਰੰਸ ਸੈਂਟਰ**
**4820-76 ਐਵੀਨਿਊ, ਐਡਮਿੰਟਨ**
**ਵਿਖੇ**

## 'ਬਹੁ-ਭਾਸ਼ਾਈ ਕਵੀ ਸੰਮੇਲਨ'

ਆਯੋਜਿਤ ਕੀਤਾ ਜਾ ਰਿਹਾ ਹੈ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਡਾ. ਪੀ.ਆਰ. ਕਾਲੀਆ: (780) 440-2766; ਦਲਬੀਰ ਸਾਂਗਿਆਣ: (780) 995-5475; ਦਲਜੀਤ ਰੱਖੜਾ: (780) 989-2977;
ਦਰਸ਼ਨ ਖਹਿਰਾ: (780) 450-3834; ਪਰਮਿੰਦਰ ਧਾਲੀਵਾਲ: (780) 994-1886; ਪਵਿੱਤਰ ਧਾਲੀਵਾਲ: (780) 909-3315;
ਜਸਵੀਰ ਦਿਉਲ: (780) 906-4497; ਨਵਤੇਜ ਬੈਂਸ: (780) 200-2872; ਬਖਸ਼ ਸੰਘਾ (780) 461-7528;
ਗੁਰਮਿੰਦਰ ਮੂਮ: (780) 667-5555; ਅਨੂੰਪ ਖ਼ੰਨਾ: (780) 970-0992; ਰਮਿੰਦਰ ਸੰਧੂ: (780) 462-3685

**ਮੁਸ਼ਾਇਰੇ ਵਿੱਚ ਦਿਲਚਸਪੀ ਰੱਖਣ ਵਾਲਿਆਂ ਨੂੰ ਇਸ ਸਮਾਰੋਹ**
**ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਹੈ।**

# 'ਅਸੀਂ ਨਹੀਂ ਜਾਣਦੇ ਕਿਸ ਤਰ੍ਹਾਂ ਛਪੇ ਚੋਣ ਇਸ਼ਤਿਹਾਰ'

## ਕਾਰਵਾਈ ਨਾ ਹੋਣ 'ਤੇ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਜਾਵੇਗੀ : ਅਰੋੜਾ

ਚੰਡੀਗੜ੍ਹ, (ਨਦਬ) : ਸਾਲ 2009 ਦੀਆਂ ਲੋਕ ਸਭਾ ਚੋਣਾਂ ਵਿਚ ਵੱਖ ਵੱਖ ਪਾਰਟੀਆਂ ਵਲੋਂ ਕਰੋੜਾਂ ਰੁਪਏ ਦੇ ਵੱਖ ਵੱਖ ਅਖ਼ਬਾਰਾਂ ਨੂੰ ਵੱਡੇ ਵੱਡੇ ਇਸ਼ਤਿਹਾਰ ਦਿੱਤੇ ਗਏ ਪਰ ਸਬੰਧਤ ਉਮੀਦਵਾਰਾਂ ਦੀ ਆਗਿਆ ਤੇ ਜਾਣਕਾਰੀ ਤੋਂ ਬਿਨਾਂ। ਅਜਿਹਾ ਸੁਣਨ ਵਿਚ ਤਾਂ ਅਜੀਬ ਲਗਦਾ ਹੈ ਪਰ ਸਬੰਧਤ ਉਮੀਦਵਾਰਾਂ ਵਲੋਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਕੁਸੁਮਜੀਤ ਸਿੱਧੂ ਨੂੰ ਭੇਜੇ ਗਏ ਲਿਖਤੀ ਜਵਾਬ ਤੋਂ ਤਾਂ ਅਜਿਹਾ ਹੀ ਕੁਝ ਪ੍ਰਤੀਤ ਹੋ ਰਿਹਾ ਹੈ। ਸਬੰਧਤ ਉਮੀਦਵਾਰਾਂ ਨੇ ਇਕ ਤਾਂ ਲੋਕ ਸਭਾ ਚੋਣਾਂ ਤੋਂ ਬਾਅਦ ਜਮ੍ਹਾਂ ਕਰਵਾਏ ਗਏ ਚੋਣ ਖਰਚੇ ਵਿਚ ਪ੍ਰਚਾਰ ਲਈ ਮੀਡੀਆ 'ਤੇ ਖਰਚ ਕੀਤੀ ਗਈ ਰਕਮ ਦਾ ਬਿਊਰਾ ਦੇਣਾ ਜ਼ਰੂਰੀ ਨਹੀਂ ਸਮਝਿਆ। ਦੂਜਾ ਹੁਣ ਜਦੋਂ ਮੁੱਖ ਚੋਣ ਅਧਿਕਾਰੀ ਨੇ ਉਨ੍ਹਾਂ ਨੂੰ ਵੱਖ ਵੱਖ ਅਖ਼ਬਾਰਾਂ ਵਿਚ ਪ੍ਰਕਾਸ਼ਤ ਇਸ਼ਤਿਹਾਰਾਂ ਦੀਆਂ ਕਾਤਰਾਂ ਭੇਜ ਕੇ ਜਵਾਬ ਤਲਬੀ ਕੀਤੀ ਗਈ ਤਾਂ ਸਬੰਧਤ ਉਮੀਦਵਾਰਾਂ ਨੇ ਸਾਫ ਕਿਹਾ ਕਿ ਉਨ੍ਹਾਂ ਨੂੰ ਇਨ੍ਹਾਂ ਇਸ਼ਤਿਹਾਰਾਂ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਲਿਖਤੀ ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨਾ ਤਾਂ ਖੁਦ ਇਹ ਇਸ਼ਤਿਹਾਰ ਪ੍ਰਕਾਸ਼ਤ ਕਰਵਾਏ ਅਤੇ ਨਾ ਹੀ ਕਿਸੇ ਹੋਰ ਵਿਅਕਤੀ ਨੂੰ ਇਸ ਸਬੰਧੀ ਕੋਈ ਮਨਜ਼ੂਰੀ ਦਿਤੀ ਸੀ। ਇਸ ਵਿਚ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ, ਸੰਸਦ ਮੈਂਬਰ ਮਹਿੰਦਰ ਸਿੰਘ ਕੇ.ਪੀ. ਅਤੇ ਰਵਨੀਤ ਸਿੰਘ, ਜਲੰਧਰ ਤੋਂ ਅਕਾਲੀ ਉਮੀਦਵਾਰ ਰਹੇ ਹੰਸ ਰਾਜ ਹੰਸ ਅਤੇ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਲਾਹਕਾਰ ਅਤੇ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਆਦਿ ਸ਼ਾਮਲ ਹਨ।

### 150 ਇਸ਼ਤਿਹਾਰਾਂ ਦੀ ਮੰਗੀ ਸੀ ਜਾਣਕਾਰੀ

ਐਕਸ਼ਨ ਗਰੁੱਪ ਅਗੈਂਸਟ ਕਰਪਸ਼ਨ ਦੇ ਐਡਵੋਕੇਟ ਐਚ.ਸੀ. ਅਰੋੜਾ ਨੇ ਦਸਿਆ ਕਿ ਨਵਾਂ ਸ਼ਹਿਰ ਵਾਸੀ ਪਰਵਿੰਦਰ ਸਿੰਘ ਨੇ 30 ਨਵੰਬਰ 2009 ਨੂੰ ਮੁੱਖ ਚੋਣ ਅਧਿਕਾਰੀ ਨੂੰ ਲਿਖੀ ਚਿੱਠੀ ਵਿਚ ਅਖ਼ਬਾਰਾਂ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਅੰਕ ਵਿਚ ਪ੍ਰਕਾਸ਼ਤ ਪਾਰਟੀਆਂ ਦੇ 25 ਉਮੀਦਵਾਰਾਂ ਨਾਲ ਸਬੰਧਤ 150 ਇਸ਼ਤਿਹਾਰਾਂ ਸਬੰਧੀ ਜਾਣਕਾਰੀ ਮੰਗੀ ਸੀ। ਸਿੱਧੂ ਨੇ ਸਾਰੇ ਸਬੰਧਤ ਉਮੀਦਵਾਰਾਂ ਨੂੰ ਚਿੱਠੀ ਲਿਖ ਕੇ ਜਵਾਬ ਮੰਗਿਆ ਸੀ ਪਰ ਉਮੀਦਵਾਰਾਂ ਨੇ ਇਨ੍ਹਾਂ ਇਸ਼ਤਿਹਾਰਾਂ ਤੋਂ ਪੂਰੀ ਤਰ੍ਹਾਂ ਪੱਲਾ ਝਾੜ ਲਿਆ। ਐਡਵੋਕੇਟ ਅਰੋੜਾ ਨੇ ਕਿਹਾ ਕਿ ਮੁੱਖ ਚੋਣ ਮੁੱਖ ਚੋਣ ਅਧਿਕਾਰੀ ਨੇ ਇਸ ਤੋਂ ਬਾਅਦ ਨਾ ਤਾਂ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਕਿ ਅਖ਼ਬਾਰਾਂ ਦੇ ਵੱਖ ਵੱਖ ਐਡੀਸ਼ਨਾਂ ਵਿਚ ਕਿੰਨੇ ਇਸ਼ਤਿਹਾਰ ਪ੍ਰਕਾਸ਼ਤ ਹੋਏ ਅਤੇ ਨਾ ਹੀ ਇਹ ਪਤਾ ਕਰਨ ਦੀ ਕੋਸ਼ਿਸ਼ ਕੀਤੀ ਕਿ ਆਖ਼ਰ ਲੱਖਾਂ ਕਰੋੜਾਂ ਰੁਪਏ ਦੇ ਇਹ ਇਸ਼ਤਿਹਾਰ ਕਿਸ ਨੇ ਅਤੇ ਕਿਉਂ ਪ੍ਰਕਾਸ਼ਿਤ ਕਰਵਾਏ? ਉਨ੍ਹਾਂ ਨੇ ਹੁਣ ਇਸ ਮਾਮਲੇ ਵਿਚ ਮੁੱਖ ਚੋਣ ਅਧਿਕਾਰੀ ਨੂੰ ਨੋਟਿਸ ਭੇਜ ਕੇ ਇਸ ਸਬੰਧੀ ਇਕ ਮਹੀਨੇ ਵਿਚ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਜੇ ਇਸ ਦੌਰਾਨ ਕੋਈ ਕਾਰਵਾਈ ਨਾ ਹੋਈ ਤਾਂ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਜਾਵੇਗੀ।


Join the Winning Team!

Take Action: Vote for Dr. Ted Morton As Premier


Dr. Ted Morton
Former Finance and Enterprise Minister of Alberta

* ਨਵੀਂ ਉਮੀਦ, ਨਵਾਂ ਇਨਕਲਾਬ। ਡਾ. ਟਿਡ ਮੋਰਟਨ ਇਕ ਸੁਲਝਿਆ, ਪ੍ਰਤਿਭਾਵਾਨ ਰਾਜਨੀਤਕ ਅਤੇ ਦੂਰ ਅੰਦੇਸ਼ੀ ਦਾ ਮਾਲਿਕ ਜੋ ਕਿ ਅਲਬਰਟਾ ਸੂਬੇ ਦੀ ਖੁਸ਼ਹਾਲੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।
* ਕਾਲਜ ਤੇ ਯੂਨੀਵਰਸਿਟੀ ਵਿਦਿਆਰਥੀਆਂ ਲਈ ਟਿਊਸ਼ਨ ਫੀਸ $20,000 ਤਕ ਦੀ ਛੋਟ।
* ਅਲਬਰਟਾ ਸੂਬੇ ਦੀ ਸੰਪੂਰਨ ਤਰੱਕੀ।
* ਨਵੇਂ ਕਿਰਤੀ-ਕਾਮਿਆਂ ਨੂੰ ਸੂਬੇ ਵਿਚ ਲਿਆਉਣ ਲਈ ਅਲਬਰਟਾ ਸੂਬੇ ਦੀ ਮੌਜੂਦਾ ਇਮੀਗ੍ਰੇਸ਼ਨ ਪਾਲਿਸੀ ਵਿਚ ਸੁਧਾਰ।
* ਭਾਰਤ ਤੇ ਚੀਨ ਆਦਿ ਦੇਸ਼ਾਂ ਨਾਲ ਵਪਾਰਕ ਸਬੰਧ, ਕੁਦਰਤੀ ਸਰੋਤ, ਤੇਲ, ਨਵੀਆਂ ਆਰਥਿਕ ਨੀਤੀਆਂ ਆਦਿ ਨੂੰ ਹੋਰ ਮਜ਼ਬੂਤ ਕਰਨਾ।
* ਲੋਕਤੰਤਰ ਵਿਚ ਸੁਧਾਰ ਕਰਕੇ ਇਸਨੂੰ ਹੋਰ ਮਜਬੂਤ ਬਣਾਉਣ ਤਾਕਿ ਸਰਕਾਰ ਨੂੰ ਹੋਰ ਪਾਰਦਰਸ਼ੀ ਤੇ ਲੋਕਾਂ ਪ੍ਰਤੀ ਵਚਨਬੱਧ ਕੀਤਾ ਜਾਵੇ।
* ਸਾਰੇ ਅਲਬਰਟਾ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ Ted Morton ਦੀ ਸਪੋਰਟ ਕਰੋ ਅਤੇ ਉਨ੍ਹਾਂ ਨੂੰ ਅਲਬਰਟਾ ਦਾ Premier ਬਣਾਉ ਤਾਂਕਿ ਖੁਸ਼ਹਾਲ ਅਲਬਰਟਾ ਦਾ ਸੁਪਨਾ ਸਾਕਾਰ ਹੋਵੇ। ਸਾਡੀ ਟੀਮ ਦਾ ਹਿੱਸਾ ਬਣਨ ਲਈ ਸੰਪਰਕ ਕਰੋ:


MLA Peter Sandhu
Edmonton Manning

Advance Polling September 13th from 9 am to 7 pm
Locations listed on www.albertapc.ab.ca


MLA Peter Sandhu, Dr. Ted Morton, and Edmonton MLAs


Dr. Ted Morton along with his team of MLAs

With the first ballot to elect the new leader of the Progressive Conservative Party just a mere five weeks away, it is important for Albertans to vote for a leader that will put them first. Dr. Ted Morton's political platform proposes a sustainable and strong future for Alberta. His plan includes:

- Tuition Tax Credit Program of $20,000 for Alberta College and University graduates
- Advancing Alberta in Ottawa by promoting a strong relationship with the Federal Government
- A strong Immigration Policy very similar to Québec's
- Recognizing foreign credentials
- Party renewal by modernizing PC Party systems and practices and making change our ally
- Fixed election dates by removing the power of the Premier to arbitrarily choose when Albertans go to the polls
- Strengthening our MLAs' ability to represent their constituents' interests

Dr. Ted Morton has been an accomplished Professor of Political Science at the University of Calgary for over twenty years and as an author of several books, his writing on public policy has received numerous awards.

MLA Peter Sandhu (Edmonton Manning) along with 5 Capital Region (Edmonton Area) MLAs – David Xiao (Edmonton-McClung), Doug Elniski (Edmonton-Calder), Carl Benito (Edmonton-Mill Woods), Tony Vandermeer (Edmonton-Beverly-Clareview), and Ken Allred (St. Albert) have joined together in support of Ted Morton's leadership campaign. They know he is a strong and fiscally responsible leader with a vision to provide a voice for Albertans.

We are looking for support from all Albertans. Please join the winning team by volunteering your time or by donating to help make an impact on Alberta's future.

Contact Ted Morton's Campaign: info@tedmorton.ca
Calgary Campaign Headquarters:
526 16 Ave NW
(403) 910-2334 or
(855) 471-6715

Edmonton Campaign Headquarters:
Park Plaza 5th Floor

10611 – 98 Avenue
(780) 809-2062

Or get involved online by joining Ted Morton's Facebook Page or following him on Twitter. For more information, please visit his website at www.tedmorton.ca .

This is a paid advertisement sponsored by MLA Peter Sandhu. To contact Mr. Sandhu regarding how you can get involved with the campaign you can email him at petersandhu37@hotmail.com or call (780) 695-4058.



mobilicity

$25 PER MONTH | UNLIMITED LOCAL CALLING + UNLIMITED TEXT & PICTURE MESSAGING + CALLER ID + ADD UNLIMITED DATA FOR ONLY $10/mo




NEW NOKIA E73 | SAMSUNG GTOUCH

EVERY MONTH LOW PRICE

$25/mo UNLIMITED LOCAL TALK

$20/mo UNLIMITED INDIA + SINGAPORE + HONG KONG + CHINA

MG WIRELESS

113 2920 CALGARY TRAIL
780 757 7274 | www.mgwirelessinc.com
http://www.facebook.com/mgwirelessinc
http://twitter.com/mgwireless

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

### Who We Are

**Western Canada's**

Biggest Brokers Team, designed to serve Canadians' with solutions for your personal and professional insurance needs.

### When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

### Quick Quotes When You Need Them



### What we Offer

- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

We Provide Service In English, Punjabi, Gujrati, Hindi & Urdu

**Edmonton: 780-465-6900**

ਜਸਵੀਰ ਦਿਉਲ, ਨਵਤੇਜ ਬੈਂਸ, ਲੌਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ, ਦੀਪਕ ਸ਼ਾਹ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਦੀਪ ਗਿੱਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates




RESIDENTIAL COMMERCIAL

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

**HARRY'S EXCAVATING**
Ph 780-918-2252

Specialist in : Digging Basements & All Kind of Services

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



**C.J. Auto**
& Transmission Repair Ltd.
& Body Shop

Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



**KOPY CENTRE & PRINTING**
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

**Gurkeerat Holding Ltd.**

- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸੱਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

Ph. 780-996-2873



**A & V Collision LTD.**
27 Years of Journey Man Experience

AUTO BODY & PAINT

Frame Repair
All Insurance Claims
Domestic & Imports Specialists

Quality Service With Best Market Price

Terry Sumka, Manager
Cell: 780 984 9982 Ph: 780 988 2886 Fax: 780 988 2896

ਆਪਣੀਆਂ ਗੱਡੀਆਂ ਨੂੰ ਦੋਬਾਰਾ ਤੋਂ ਨਵੀਆਂ ਬਣਾਉਣ ਲਈ ਸਾਡੇ ਕੋਲ ਆਓ

3918-91 Street NW Edmonton, AB T6E 5K7
www.avcollision.ca
avcollision@shaw.ca



ਕੀ ਤੁਸੀਂ ਕਨੇਡਾ ਵਿੱਚ ਨਵੇਂ ਆਏ ਹੋ ?
ਕੀ ਤੁਸੀਂ ਘਰ ਖਰੀਦਣ ਬਾਰੇ ਸੋਚ ਰਹੇ ਹੋ ?
ਕੀ ਤੁਹਾਡੇ ਘਰ ਦੀ Mortgage Renew ਹੋਣ ਵਾਲੀ ਹੈ ?
ਕੀ ਤੁਹਾਡੇ Credit Cards ਭਰੇ ਹੋਏ ਹਨ ?
ਕੀ ਤੁਸੀਂ ਬੈਂਕਾਂ ਨਾਲੋਂ ਸਸਤੀ Mortgage ਲੈਣੀ ਚਾਹੁੰਦੇ ਹੋ ?
ਕੀ ਤੁਸੀਂ ਘਰ ਉਪਰ Line of Credit ਲੈਣੀ ਚਾਹੁੰਦੇ ਹੋ ?

MORTGAGE ALLIANCE
Walk In Centre

ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਿਕ Mortgage ਲੈ ਕੇ ਦੇਣ ਦਾ ਵਾਅਦਾ ਕਰਦੇ ਹਾਂ।



Jessie Singh CAIB

ਜੇਕਰ ਉਪਰ ਦਿੱਤੇ ਸਵਾਲਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਵੀ ਹਾਂ ਵਿੱਚ ਹੈ ਤਾਂ ਫਿਰ ਦੇਰ ਨਾ ਕਰੋ
ਹੁਣੇ ਹੀ ਆਪਣੀ ਕਮਿਊਨਿਟੀ ਦੇ ਜਾਣੇ-ਪਛਾਣੇ,ਤਜਰਬੇਕਾਰ ਅਤੇ ਭਰੋਸੇਯੋਗ ਜੈਸੀ ਸਿੰਘ ਨੂੰ ਫੋਨ ਕਰੋ

403-830-7007

# ਪੰਜਾਬ

# ਅੱਜ-ਕੱਲ੍ਹ

ਪੰਜਾਬ ਪਾਲ

## ਗੁਰੂ ਅਤੇ ਗਿੱਲ

ਦਰਬਾਰਾ ਸਿੰਘ ਗੁਰੂ ਅਤੇ ਪਰਮਜੀਤ ਸਿੰਘ ਗਿੱਲ ਦੋਵੇਂ ਕ੍ਰਮਵਾਰ ਪ੍ਰਸ਼ਾਸਨਕ ਤੇ ਪੁਲੀਸ ਸੇਵਾਵਾਂ ਵਿਚ ਸਿਖ਼ਰਲੀਆਂ ਪੁਜੀਸ਼ਨਾਂ 'ਤੇ ਹਨ। ਦੋਵਾਂ ਨੂੰ ਪੰਜਾਬ ਦੀ ਹਾਕਮ ਪਾਰਟੀ ਵਲੋਂ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਉਤਾਰੇ ਜਾਣ ਦੀ ਚਰਚਾ ਹੈ। ਇਨ੍ਹਾਂ ਦੋਵੇਂ ਉਚ ਅਧਿਕਾਰੀਆਂ ਦੀਆਂ ਪਿਛਲੇ ਕੁਝ ਸਮੇਂ ਦੀਆਂ ਸਰਗਰਮੀਆਂ ਇਹ ਪ੍ਰਭਾਵ ਦੇ ਰਹੀਆਂ ਹਨ ਕਿ ਇਹ ਆਪਣੀਆਂ ਸਰਕਾਰੀ ਪੁਜੀਸ਼ਨਾਂ ਨੂੰ ਸਿਆਸੀ ਲਾਮਬੰਦੀ ਲਈ ਉਪਯੋਗ ਵਿਚ ਲਿਆ ਰਹੇ ਹਨ ਭਾਵ ਸਰਕਾਰੀ ਅਹੁਦੇ ਦੀ ਦੁਰਵਰਤੋਂ ਕਰ ਰਹੇ ਹਨ। ਵਿਰੋਧੀ ਧਿਰ ਦੇ ਆਗੂਆਂ ਨੇ ਇਨ੍ਹਾਂ ਵਲੋਂ ਅਜਿਹਾ ਕਰਨ ਦੀ ਜਾਣਕਾਰੀ ਸਮੇਂ ਸਮੇਂ ਚੋਣ ਕਮਿਸ਼ਨ ਨੂੰ ਲਿਖ ਭੇਜੀ ਹੈ। ਜਾਣਕਾਰੀ ਵਿਚ ਕੀਤੀਆਂ ਗਈਆਂ ਇਨ੍ਹਾਂ ਦੀਆਂ ਸ਼ਿਕਾਇਤਾਂ ਦਾ ਚੋਣ ਕਮਿਸ਼ਨ ਵਲੋਂ ਵੀ ਗੰਭੀਰ ਨੋਟਿਸ ਲਿਆ ਗਿਆ ਹੈ। ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ ਸਬੰਧੀ ਤਾਂ ਚੋਣ ਕਮਿਸ਼ਨ ਕੋਲ ਅਜਿਹੀਆਂ ਰਿਪੋਰਟਾਂ ਵੀ ਪਹੁੰਚੀਆਂ ਹਨ, ਜਿਨ੍ਹਾਂ ਅਨੁਸਾਰ ਉਨ੍ਹਾਂ ਨੇ ਅਪਰਾਧਕ ਪਿਛੋਕੜ ਵਾਲੇ ਅਦਾਲਤੀ ਭਗੌੜਿਆਂ ਨਾਲ ਵੀ ਸਬੰਧ ਕਾਇਮ ਰੱਖਿਆ ਹੋਇਆ ਹੈ। ਸੰਭਵ ਹੈ ਕਿ ਇਸ ਸਬੰਧ ਦਾ ਮਕਦਸ ਵੀ ਅਗਾਮੀ ਵਿਧਾਨ ਸਭਾ ਚੋਣਾਂ ਵਿਚ 'ਉਨ੍ਹਾਂ' ਦੀ ਵਰਤੋਂ ਕਰਨਾ ਹੀ ਹੋਵੇ। ਮੋਗੇ ਦਾ ਪਿਛੋਕੜ ਰੱਖਣ ਵਾਲੇ ਇਸ ਡੀ.ਜੀ.ਪੀ. ਦੀਆਂ ਸ਼ੱਕੀ ਸਰਗਰਮੀਆਂ ਨੇ ਚੋਣ ਕਮਿਸ਼ਨ ਲਈ ਸੁਤੰਤਰ ਤੇ ਨਿਰਪੱਖ ਚੋਣਾਂ ਕਰਵਾਉਣ ਦੀ ਚੁਣੌਤੀ ਨੂੰ ਵੀ ਉਜਾਗਰ ਕੀਤਾ ਹੈ। ਪਿਛਲੇ ਦਿਨੀਂ ਜਦ ਅਖ਼ਬਾਰਾਂ ਨੇ ਡੀ.ਜੀ.ਪੀ. ਦੀ ਅਪਰਾਧਕ ਪਿਛੋਕੜ ਵਾਲੇ ਅਦਾਲਤੀ ਭਗੌੜਿਆਂ ਨਾਲ ਖਿਚਵਾਈ ਇਕ ਜਨਤਕ ਸਭਾ ਦੀ ਤਸਵੀਰ ਪ੍ਰਕਾਸ਼ਿਤ ਕੀਤੀ ਤਾਂ ਇਸ ਨੂੰ ਦੇਖ ਕੇ ਲੋਕਤੰਤਰ ਵਿਚ ਆਸਥਾ ਰੱਖਣ ਵਾਲੇ ਲੋਕਾਂ ਨੂੰ ਜ਼ਰੂਰ ਨਰਾਜ਼ਗੀ ਦਾ ਅਹਿਸਾਸ ਹੋਇਆ ਹੋਵੇਗਾ।

## ਕੈਪਟਨ ਦਾ ਬਾਦਲ ਵਿਸ਼ਲੇਸ਼ਣ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਦੇ ਵਰਤਮਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸ਼ਖ਼ਸੀਅਤ ਦਾ ਵਿਸ਼ਲੇਸ਼ਣ ਕਰ ਹੀ ਜਾਂਦੇ ਹਨ। ਪਿਛਲੇ ਦਿਨੀਂ ਉਨ੍ਹਾਂ ਦਾ ਇਕ ਲੇਖ ਪੰਜਾਬੀ ਦੇ ਇਕ ਰੋਜ਼ਾਨਾ ਅਖ਼ਬਾਰ ਨੇ ਪ੍ਰਕਾਸ਼ਤ ਕੀਤਾ ਹੈ, ਭਾਵੇਂ ਇਹ ਲੇਖ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹਾਦਤ ਨੂੰ ਵਿਸ਼ਾ ਬਣਾ ਕੇ ਲਿਖਿਆ ਗਿਆ ਹੈ ਪਰ ਇਹ ਵਿਸ਼ਲੇਸ਼ਣ ਬਾਦਲ ਦੀ ਸ਼ਖ਼ਸੀਅਤ ਦਾ ਹੀ ਕਰਦਾ ਹੈ। ਲੇਖ ਦਾ ਨਿਚੋੜ ਇਹ ਹੈ ਕਿ ਬਾਦਲ ਬੁਨਿਆਦੀ ਤੌਰ 'ਤੇ ਇਕ ਕਾਇਰ ਵਿਅਕਤੀ ਹੈ। ਦਹਿਸ਼ਤਗਰਦੀ ਦੇ ਕਾਲ ਵਿਚ ਬਾਦਲ ਦੀ ਭੂਮਿਕਾ ਬੇਹੱਦ ਨਕਾਰਾਤਮਕ ਰਹੀ। ਉਸਨੂੰ ਕੇਵਲ ਦੋ ਹੀ ਫਿਕਰ ਰਹੇ, ਇਕ ਆਪਣੀ ਜਾਨ ਦਾ ਅਤੇ ਦੂਜਾ ਮੁੱਖ ਮੰਤਰੀ ਬਣਨ ਦਾ। ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਬਾਦਲ ਦੀ ਇਸੇ ਸੋਚ ਦੀ ਬਲੀ ਦਾ ਬੱਕਰਾ ਬਣ ਗਏ। ਕੈਪਟਨ ਨੇ ਆਪਣੇ ਲੇਖ ਵਿਚ ਇਹ ਵੀ ਲਿਖਿਆ ਕਿ ਬਾਦਲ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਪੰਜਾਬ ਦੀ ਵੰਡ ਕਰਵਾਈ ਤੇ ਉਹ ਸਭ ਕੁਝ ਪੰਜਾਬ ਤੋਂ ਬਾਹਰ ਜਾਣ ਦਿਤਾ, ਜਿਸ ਨੇ ਪੰਜਾਬ ਦੇ ਆਰਥਕ ਵਿਕਾਸ ਵਿਚ ਸਹਾਈ ਹੋਣਾ ਸੀ, ਮਿਸਾਲ ਵਜੋਂ ਹਿਮ-ਾਚਲ ਬਣਨ ਨਾਲ ਪੰਜਾਬ ਲਈ ਹਾਈਡਲ ਪਾਵਰ ਪ੍ਰਾਜੈਕਟ ਬਣਨ ਦੀਆਂ ਸੰਭਵਾਨਾਵਾਂ ਖਤਮ ਹੋ ਗਈਆਂ, ਇਸੇ ਤਰ੍ਹਾਂ ਵੱਡੇ ਸਨਅਤੀ ਨਗਰ ਹਰਿਆਣੇ 'ਚ ਚਲੇ ਗਏ ਤੇ ਬਾਦਲ ਦੀ ਸੁੰਗੜੀ ਸੋਚ ਵਜੋਂ ਪੰਜਾਬ ਦੇ ਆਰਥਕ ਵਿਕਾਸ ਦੀਆਂ ਸੰਭਾਵਨਾਵਾਂ ਵੀ ਸੁੰਗੜ ਕੇ ਰਹਿ ਗਈਆਂ। ਨਿਰਸੰਦੇਹ, ਕੈਪਟਨ ਦਾ ਬਾਦਲ-ਵਿਸ਼ਲੇਸ਼ਣ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਵੀ ਹੋਵੇਗਾ, ਪਰ ਇਹ ਕੁਝ ਅਹਿਮ ਤੇ ਬੁਨਿਆਦੀ ਤੱਥਾਂ 'ਤੇ ਧਿਆਨ ਕੇਂਦਰਿਤ ਕਰਦਾ ਹੈ।



## ਪੌਣੇ ਤਿੰਨ ਕਰੋੜੀ ਪੰਜਾਬ

ਤਾਜ਼ਾ ਜਨਗਣਨਾ ਅਨੁਸਾਰ ਪੰਜਾਬ ਦੀ ਆਬਾਦੀ ਪੌਣੇ ਤਿੰਨ ਕਰੋੜ ਹੋ ਗਈ ਹੈ। ਮਰਦਮਸ਼ੁਮਾਰੀ ਦੇ ਜਾਰੀ ਹੋਏ ਮੁਢਲੇ ਅੰਕੜਿਆਂ ਮੁਤਾਬਕ 62.51 ਫੀਸਦੀ ਆਬਾਦੀ ਪੇਂਡੂ ਇਲਾਕਿਆਂ ਵਿਚ ਹੈ ਅਤੇ 37.49 ਪ੍ਰਤੀਸ਼ਤ ਸ਼ਹਿਰੀ ਇਲਾਕਿਆਂ ਵਿਚ। ਲੁਧਿਆਣਾ, ਮੋਹਾਲੀ, ਅੰਮ੍ਰਿਤਸਰ ਤੇ ਜਲੰਧਰ ਦਾ ਵਧੇਰੇ ਸ਼ਹਿਰੀਕਰਣ ਹੋਇਆ ਹੈ ਅਤੇ ਤਰਨ ਤਾਰਨ ਦਾ ਸਭ ਤੋਂ ਘੱਟ। ਪਿੰਡਾਂ ਦੀ ਆਬਾਦੀ ਵਿਚ 25.72 ਪ੍ਰਤੀਸ਼ਤ ਵਾਧਾ ਹੋਇਆ ਹੈ ਤੇ ਸ਼ਹਿਰੀ ਆਬਾਦੀ ਵਿਚ ਪਿਛਲੀ ਜਨਗਣਨਾ (ਸਾਲ 2001) ਦੇ ਮੁਕਾਬਲੇ 37.49 ਪ੍ਰਤੀਸ਼ਤ ਵਾਧਾ ਹੋਇਆ ਹੈ। ਸਭ ਤੋਂ ਵੱਧ ਸ਼ਹਿਰੀ ਵਸੋਂ ਵਾਲੇ ਜ਼ਿਲ੍ਹਿਆਂ ਲੁਧਿਆਣਾ, ਮੋਹਾਲੀ, ਅੰਮ੍ਰਿਤਸਰ ਤੇ ਜਲੰਧਰ ਦੀ ਅੱਧੀ ਤੋਂ ਵੱਧ ਆਬਾਦੀ ਸ਼ਹਿਰਾਂ ਵਿਚ ਰਹਿ ਰਹੀ ਹੈ। ਪੰਜਾਬ ਦੀ ਕੁਲ ਸ਼ਹਿਰੀ ਆਬਾਦੀ ਦਾ ਲਗਭਗ 20 ਫੀਸਦੀ ਹਿੱਸਾ ਲੁਧਿਆਣਾ ਵਿਚ ਨਿਵਾਸ ਕਰਦਾ ਹੈ। ਮੋਹਾਲੀ ਰਾਜ ਦਾ ਦੂਜਾ ਸਭ ਤੋਂ ਵੱਡਾ ਸ਼ਹਿਰੀ ਵਸੋਂ ਵਾਲਾ ਸ਼ਹਿਰ ਬਣ ਗਿਆ ਹੈ। ਮਰਦਮਸ਼ੁਮਾਰੀ ਵਿਚ ਰਾਜ ਦੀ ਸਾਖਰਤਾ ਦਰ ਅਤੇ ਲਿੰਗ ਅਨੁਪਾਤ ਵਿਚ ਵੀ ਸੁਧਾਰ ਦਰਜ ਕੀਤਾ ਗਿਆ ਹੈ। ਆਬਾਦੀ ਵਿਚ ਕੁਲ ਵਾਧਾ 7.58 ਫੀਸਦੀ ਹੋਇਆ ਹੈ। ਇਹ ਮਰਦਮਸ਼ੁਮਾਰੀ ਸਾਡੇ ਲਈ ਕੁਝ ਨਵੀਆਂ ਵੰਗਾਰਾਂ ਲੈ ਕੇ ਆਈ ਹੈ। ਸ਼ਹਿਰੀਕਰਨ ਦੀ ਪ੍ਰਕਿਰਿਆ ਭਾਵੇਂ ਸੁਭਾਵਕ ਹੈ ਤੇ ਇਸ ਨੂੰ ਅਜੋਕੇ ਦੌਰ ਵਿਚ ਨਾ ਰੋਕਿਆ ਜਾ ਸਕਦਾ ਹੈ ਅਤੇ ਨਾ ਹੀ ਰੋਕਿਆ ਜਾਣਾ ਚਾਹੀਦਾ ਹੈ ਪਰ ਸ਼ਹਿਰ ਜਿਹੜੇ ਕਿ ਪਹਿਲਾਂ ਹੀ ਯੋਜਨਾਬੰਦੀ ਦੀ ਕਮੀ ਦੀ ਮਿਸਾਲ ਪੇਸ਼ ਕਰ ਰਹੇ ਹਨ, ਵਧ ਰਹੀ ਸ਼ਹਿਰੀ ਵਸੋਂ ਦਾ ਭਾਰ ਕਿਵੇਂ ਝੱਲਣਗੇ? ਜਾਹਰ ਹੈ ਕਿ ਇਥੇ ਭੀੜ ਭੜੱਕੇ ਤੇ ਤੰਗ ਬਸਤੀਆਂ ਦਾ ਵਧੇਰੇ ਬੋਲ ਬਾਲਾ ਹੋ ਜਵੇਗਾ। ਸ਼ਹਿਰਾਂ ਲਾਗਲੀ ਜ਼ਮੀਨ ਉਪਰ ਟਕਰਾਅ ਵਧਣਗੇ, ਕਿਉਂਕਿ ਕਿਸਾਨ ਜ਼ਮੀਨ ਦੇਣ ਲਈ ਤਿਆਰ ਨਹੀਂ ਹਨ ਤੇ ਰਿਹਾਇਸ਼ੀ ਕਾਲੋਨੀਆਂ ਕੱਟਣ ਲਈ ਜ਼ਮੀਨ ਦੀ ਜ਼ਰੂਰਤ ਹੋਵੇਗੀ। ਇੰਝ ਹੀ ਸ਼ਹਿਰਾਂ ਵਿਚ ਸੁਵਿਧਾਵਾਂ ਤੇ ਰੁਜ਼ਗਾਰ ਦੇ ਮੌਕਿਆਂ ਦੇ ਵਾਧੇ ਦੀ ਚੁਣੌਤੀ ਵੀ ਦਰਪੇਸ਼ ਹੋਵੇਗੀ। ਕੁਲ ਮਿਲਾ ਕੇ, ਪੇਂਡੂ ਤੇ ਸ਼ਹਿਰੀ ਵਸੋਂ ਦਾ ਬਦਲਦਾ ਤਵਾਜ਼ਨ ਭਵਿੱਖ ਵਿਚ ਸਾਡੇ ਲਈ ਇਕ ਕਠਿਨ ਪ੍ਰੀਖਿਆ ਸਿੱਧ ਹੋਵੇਗਾ।

## ਦੱਖਣੀ ਮਾਲਵੇ ਵਿਚ ਜ਼ਮੀਨੀ ਘੋਲਾਂ ਦਾ ਮੁੜ ਉਭਾਰ



ਦੱਖਣੀ ਮਾਲਵੇ ਦੇ ਕਿਸਾਨਾਂ ਨੇ ਤਿੱਖੇ ਜ਼ਮੀਨੀ ਘੋਲਾਂ ਦਾ ਇਤਿਹਾਸ ਸਿਰਜਿਆ ਹੈ। ਇਥੋਂ ਦੇ ਕਿਸਾਨਾਂ ਨੇ ਜ਼ਬਰਦਸਤ ਲੋਕ ਸੰਘਰਸ਼ਾਂ ਰਾਹੀਂ ਜ਼ਮੀਨੀ ਸੁਧਾਰ ਲਾਗੂ ਕਰਵਾਏ, ਮੁਜ਼ਾਰਿਆਂ ਨੂੰ ਜ਼ਮੀਨ ਦੀ ਮਾਲਕੀ ਦੇ ਹੱਕ ਦਵਾਏ। ਫਿਰ ਜਦੋਂ ਹਰੀ ਕ੍ਰਾਂਤੀ ਤੋਂ ਬਾਅਦ ਇਹ ਜ਼ਰਾ ਵਾਹਵਾ ਖਾਂਦੇ ਪੀਂਦੇ ਹੋ ਗਏ ਤਾਂ ਆਪਣੇ ਸੰਘਰਸ਼ਸ਼ੀਲ ਵਿਰਸੇ ਤੋਂ ਥੋੜਾ ਪਾਸੇ ਵੀ ਹੱਟ ਗਏ। ਜ਼ਿਕਰਯੋਗ ਹੈ ਕਿ ਜ਼ਮੀਨ ਦੇ ਮਾਲਕੀ ਹੱਕਾਂ ਦੇ ਘੋਲਾਂ ਦੀ ਅਗਵਾਈ ਕਮਿਊਨਿਸਟਾਂ ਨੇ ਕੀਤੀ ਸੀ, ਪਰ ਇਸ ਤੱਥ ਨੂੰ ਅੱਖੋਂ ਪਰੋਖੇ ਕਰਕੇ ਦੱਖਣੀ ਮਾਲਵਾ ਪੰਥਕ ਰਾਜਨੀਤੀ ਦੇ ਰੰਗ ਵਿਚ ਰੰਗਿਆ ਗਿਆ, ਪੰਥਕ ਰਾਜਨੀਤੀ ਵੀ ਉਹ ਜਿਸ ਦੀ ਅਗਵਾਈ ਮਲਿਕ ਭਾਗੋਆਂ ਦੇ ਹੱਥ ਵਿਚ ਸੀ ਤੇ ਹੁਣ ਵੀ ਹੈ। ਹੁਣ ਜਦੋਂ ਕਿਸਾਨਾਂ ਦੇ ਪੈਰਾਂ ਹੇਠਲੀ ਜ਼ਮੀਨ ਮੁੜ ਖਿਸਕਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ ਤਾਂ ਦੱਖਣੀ ਮਾਲਵੇ ਦੇ ਕਿਸਾਨਾਂ ਨੂੰ ਫਿਰ ਆਪਣਾ ਇਨਕਲਾਬੀ ਤੇ ਜੁਝਾਰੂ ਵਿਰਸਾ ਯਾਦ ਆਇਆ ਹੈ। ਸਰਕਾਰ ਕੰਪਨੀਆਂ ਲਈ ਖੇਤੀਯੋਗ ਜ਼ਮੀਨ ਐਕਵਾਇਰ ਕਰ ਰਹੀ ਹੈ ਤੇ ਕਿਸਾਨ ਆਪਣੇ ਭਵਿੱਖ ਦੀ ਚਿੰਤਾ ਅਧੀਨ ਜ਼ਮੀਨਾਂ ਦੇਣ ਦਾ ਸਰਗਰਮ ਤੇ ਜਥੇਬੰਦਕ ਵਿਰੋਧ ਕਰ ਰਹੇ ਹਨ। ਸਰਕਾਰ ਕੁਟਿਲ ਨੀਤੀ ਤੇ ਬਲ ਪ੍ਰਯੋਗ ਦੋਵਾਂ ਦਾ ਸਾਹਰਾ ਲੈ ਰਹੀ ਹੈ ਤੇ ਦੂਜੇ ਪਾਸੇ ਕਿਸਾਨ ਆਪਣਾ  ਜਨਤਕ ਦਬਾਅ ਵਧਾ ਰਹੇ ਹਨ। ਗੋਬਿੰਦਪੁਰਾ ਦੇ ਕਿਸਾਨਾਂ ਦੀ ਜ਼ਮੀਨ ਕਾਰਪੋਰੇਟ ਪਿਓਨਾ ਪਾਵਰ ਕੰਪਨੀ ਨੂੰ ਦਿਤੇ ਜਾਣ ਦਾ ਇਸ ਸਮੇਂ ਡਟਵਾਂ ਵਿਰੋਧ ਹੋ ਰਿਹਾ ਹੈ। ਕਾਰਪੋਰੇਟ ਜ਼ਮੀਨ ਦੀ ਵਰਤੋਂ ਕਿਸ ਤਰ੍ਹਾਂ ਕਰ ਰਿਹਾ ਹੈ, ਕਿਸ ਤਰ੍ਹਾਂ ਇਵਜ਼ਾਨੇ ਵਿਚ ਮੌਕਾਪ੍ਰਸਤ ਰਾਜਸੀ ਪਾਰਟੀਆਂ ਨੂੰ ਫੰਡਿੰਗ ਕਰ ਰਿਹਾ ਹੈ, ਇਹ ਗੱਲ ਕੋਈ ਲੁਕੀ ਛੁਪੀ ਨਹੀਂ ਹੈ ਤੇ ਸ਼ਾਤਰ ਧਿਰਾਂ ਦੀ ਇਸੇ ਸਾਜ਼ਸ਼ ਦੇ ਚੱਲਦਿਆਂ ਪ੍ਰਤੀਕ੍ਰਮ ਵਜੋਂ ਦੱਖਣੀ ਮਾਲਵਾ ਮੁੜ ਜ਼ਮੀਨੀ ਘੋਲਾਂ ਦਾ ਅਖਾੜਾ ਬਣ ਗਿਆ ਹੈ।

## ਭਾਸ਼ਣ ਕਲਾ ਦਾ ਅਭਿਆਸ

ਜਦੋਂ ਸੰਸਦ ਵਿਚ ਅੰਨਾ ਹਜ਼ਾਰੇ ਦੀਆਂ ਮੰਗਾਂ ਬਾਰੇ ਜਾਂ ਦੂਜੇ ਸ਼ਬਦਾਂ ਵਿਚ ਭ੍ਰਿਸ਼ਟਾਚਾਰ ਬਾਰੇ ਬਹਿਸ ਹੋਈ ਤਾਂ ਇਸ ਵਿਚ ਬਠਿੰਡਾ ਲੋਕ ਸਭਾ ਹਲਕੇ ਦੀ ਮੈਂਬਰ ਪਾਰਲੀਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਨੇ ਵੀ ਭਾਗ ਲਿਆ। ਸੁਖਬੀਰ ਬਾਦਲ ਦੀ ਪਤਨੀ ਇਸ ਸਮੇਂ ਜਾਂ ਤਾਂ ਸਚਮੁਚ ਹੀ ਭ੍ਰਿਸ਼ਟਾਚਾਰ ਦੇ ਖ਼ਿਲਾਫ ਬੋਲ ਰਹੀ ਸੀ ਜਾਂ ਫਿਰ ਆਪਣੀ ਭਾਸ਼ਣ ਕਲਾ ਦਾ ਅਭਿਆਸ ਕਰ ਰਹੀ ਸੀ। ਉਂਝ ਮਗਰਲੀ ਗੱਲ ਵਧੇਰੇ ਠੀਕ ਜਾਪਦੀ ਹੈ। ਕਿਉਂਕਿ ਬਾਦਲ ਹਕੂਮਤ ਨੇ ਪੰਜਾਬ ਵਿਚ ਭ੍ਰਿਸ਼ਟਾਚਾਰ ਦੇ ਵੱਧਣ ਫੁੱਲਣ ਵਿਚ ਜੋ ਭੂਮਿਕਾ ਨਿਭਾਈ ਹੈ, ਉਹ ਕਿਸੇ ਤੋਂ ਲੁਕੀ ਛੁਪੀ ਨਹੀਂ। ਬੀਬੀ ਬਾਦਲ ਦੇ ਭਾਸ਼ਣ ਸਮੇਂ ਹੀ ਪੰਜਾਬ ਸਰਕਾਰ ਦੇ ਆਦਰੇ ਪੰਜਾਬ ਸਕੂਲ ਸਿਖਿਆ ਬੋਰਡ ਦੇ ਕੁਝ ਅਧਿਕਾਰੀ 'ਪਾਠ ਪੁਸਤਕ ਘੁਟਾਲੇ' ਵਿਚ ਗ੍ਰਿਫ਼ਤਾਰ ਕੀਤੇ ਗਏ। ਜਿਹੜੇ ਫੜੇ ਨਹੀਂ ਗਏ ਪਰ ਇਸ ਘੁਟਾਲੇ ਵਿਚ ਦੋਸ਼ੀ ਨਾਮਜ਼ਦ ਕੀਤੇ ਗਏ, ਉਨ੍ਹਾਂ ਵਿਚ ਇਕ ਉਹ ਉਚ ਅਧਿਕਾਰੀ ਵੀ ਸ਼ਾਮਲ ਹੈ, ਜੋ ਅਕਾਲੀ ਵਿਧਾਇਕ ਦੀ ਪਤਨੀ ਹੈ। ਇਸੇ ਤਰ੍ਹਾਂ ਮੌਜੂਦਾ ਅਕਾਲੀ ਸਰਕਾਰ ਦੇ ਸਮੇਂ ਵਿਚ ਅਨੇਕਾਂ ਅਜਿਹੇ ਘੁਟਾਲੇ ਸਾਹਮਣੇ ਆਏ, ਜਿਨ੍ਹਾਂ ਨੂੰ ਜਾਂ ਤਾਂ ਖੁਰਦ ਬੁਰਦ ਕਰ ਦਿਤਾ ਗਿਆ ਜਾਂ ਫਿਰ ਉਨ੍ਹਾਂ ਉਪਰ ਕੋਈ ਨਿਰਣਾਇਕ ਕਾਰਵਾਈ ਹੀ ਨਹੀਂ ਕੀਤੀ ਗਈ। ਇਥੋਂ ਦੇ ਸਰਕਾਰੀ ਦਫ਼ਤਰ ਭ੍ਰਿਸ਼ਟਾਚਾਰ ਦੀ ਜੀਂਦੀ ਜਾਗਦੀ ਮਿਸਾਲ ਬਣ ਹੋਏ ਹਨ। ਇਸ ਕਰ ਕੇ ਨਹੀਂ ਕਿ ਇਨ੍ਹਾਂ ਵਿਚ ਰਿਸ਼ਵਤ ਸ਼ਰੇਆਮ ਚੱਲ  ਰਹੀ ਹੈ ਸਗੋਂ ਇਸ ਕਰ ਕੇ ਕਿ ਆਮ ਲੋਕਾਂ ਦੇ ਕੰਮ ਦਫਤਰਾਂ ਵਿਚ ਵਰ੍ਹਿਆਂ ਤੱਕ ਲਟਕਦੇ ਰਹਿੰਦੇ ਹਨ, ਸੁਣਵਾਈ ਹੀ ਨਹੀਂ ਹੁੰਦੀ। ਕਈ ਅਕਾਲੀ, ਭਾਜਪਾ ਵਿਧਾਇਕਾਂ ਤੇ ਮੰਤਰੀਆਂ ਉਪਰ ਭ੍ਰਿਸ਼ਟਾਚਾਰ ਦੇ ਕੇਸ ਚਲ ਰਹੇ ਹਨ। ਅਜਿਹੀ ਭ੍ਰਿਸ਼ਟ ਸਥਿਤੀ ਪੰਜਾਬ ਵਿਚ ਪੈਦਾ ਕਰ ਕੇ, ਫਿਰ ਭ੍ਰਿਸ਼ਟਾਚਾਰ ਵਿਰੁਧ ਬੋਲਣਾ ਭਾਸ਼ਣਾ ਕਲਾ ਦਾ ਅਭਿਆਸ ਨਹੀਂ ਤਾਂ ਹੋਰ ਕੀ ਹੈ?

## ਛੇਕੜਲੀ ਗੱਲ

ਅੰਤਰ ਝਾਤ, ਸਵੈ-ਪੜਚੋਲ, ਇਨ੍ਹਾਂ ਲਫ਼ਜ਼ਾਂ ਦਾ ਤਾਂ ਜਿਵੇਂ ਕੋਈ ਮਤਲਬ ਹੀ ਨਾ ਰਹਿ ਗਿਆ ਹੋਵੇ। ਨਸੀਹਤਾਂ ਦੇਣ ਦਾ ਯੁੱਗ ਆ ਗਿਆ ਹੈ। ਕਾਫੀ ਪੁਰਾਣੀ ਗੱਲ ਹੈ। ਇਕ ਅਧਿਆਪਕ ਜਦੋਂ ਆਪਣੀ ਜਮਾਤ ਵਿਚ ਜਾਇਆ ਕਰੇ ਤਾਂ ਵਿਦਿਆਰਥੀਆਂ ਨਾਲ ਕੁਝ ਇਸ ਤਰ੍ਹਾਂ ਦੇ ਸਵਾਲ ਜਵਾਬ ਕਰਿਆ ਕਰੇ:

''ਹਾਂ ਬਈ ਘੁੱਦਿਆ ਖੜਾ ਹੋ ਕੇ ਦੱਸ ਤਾਜ਼ ਮਹਲ ਕਿੱਥੇ ਐ?''

ਘੁੱਦਾ ਵਿਚਾਰਾ ਸਹਿਮੀ ਹੋਈ ਚੁੱਪ ਤੋਂ ਮਗਰੋਂ ਨਾਂਹ ਵਿਚ ਸਿਰ ਹਿਲਾਉਂਦਿਆਂ ਕਹਿ ਦੇਵੇ, 'ਪਤਾ ਨੀਂ ਜੀ।''

ਅਧਿਆਪਕ ਉਹਦੀ ਗਿੱਚੀ 'ਚ ਧੱਫਾ ਧਰ ਕੇ ਕਹੇ, ''ਉਏ ਪਤੰਦਰਾ ਖੂਹ ਦਾ ਡੱਡੂ ਨੀਂ ਬਣੇ ਰਹੀਦਾ, ਬਾਹਰਲੀ ਦੁਨੀਆ ਵਲ ਨਿਗਾਹ ਮਾਰਿਆ ਕਰੋ।''

ਅਗਲੇ ਦਿਨ ਫਿਰ ਇਹੋ ਕੁਝ ਹੁੰਦਾ ਹੈ, ਕਿਸੇ ਨੂੰ ਕੁਤਾਬ ਮਿਨਾਰੇ ਬਾਰੇ, ਕਿਸੇ ਨੂੰ ਲਾਲ ਕਿਲੇ ਬਾਰੇ ਪੁਛਿਆ ਜਾਂਦਾ। ਵਿਦਿਆਰਥੀਆਂ ਵਲੋਂ 'ਨਹੀਂ ਜੀ ਪਤਾ ਨੀਂ' ਕਿਹਾ  ਜਾਂਦਾ ਤਾਂ ਅਧਿਆਪਕ ਫਿਰ ਵਿਦਿਆਰਥੀ ਦਾ ਕੰਨ ਮਰੋੜ ਕੇ ਪਹਿਲਾਂ ਵਾਲੀ ਨਸੀਹਤ ਦੁਹਰਾ ਦਿੰਦਾ, ''ਸਹੁਰਿਓ! ਬਾਹਰਲੀ ਦੁਨੀਆ ਵਲ ਦੇਖੋ! ਘਰ ਹੀ ਨਾ ਵੜੇ ਰਿਹਾ ਕਰੋ।''

ਇਕ ਦਿਨ ਇਕ ਵਿਦਿਆਰਥੀ ਨੂੰ ਪਤਾ ਨੀਂ ਕਿਵੇਂ ਔੜੀ, ਉਹ ਅਧਿਆਪਕ ਦੇ ਪੁੱਛਣ ਤੋਂ ਪਹਿਲਾਂ ਹੀ ਖੜਾ ਹੋ ਕੇ ਪੁੱਛਣ ਲੱਗਾ, ''ਮਾਸਟਰ ਜੀ, ਰਾਮ ਲਾਲ ਨੂੰ ਦੇਖਿਆ।''

ਮਾਸਟਰ ਨੇ ਘੂਰੀ ਵੱਟ ਕੇ ਜਗਿਆਸਾ ਪ੍ਰਗਟਾਈ, ''ਨਹੀਂ ਕਿਉਂ ਕੀ ਗੱਲ।''

''ਮਾਸਟਰ ਜੀ, ਕਦੇ ਘਰ ਵੀ ਰਹਿ ਲਿਆ ਕਰੋ, ਐਵੇਂ ਬਾਹਰ ਹੀ....।''

□

# 43 ਮੈਡਲ ਜਿੱਤਣ 'ਤੇ ਵੀ ਖਿਡਾਰੀ ਨਹੀਂ ਮੰਨਦੀ ਪੰਜਾਬ ਸਰਕਾਰ

ਚੰਡੀਗੜ੍ਹ, (ਨਦਬ) : ਪੰਜਾਬ ਸਰਕਾਰ ਦੇ ਕਾਰਨਾਮੇ ਵੀ ਅਜੀਬ ਹਨ। ਇਕ ਪਾਸੇ ਤਾਂ ਸਰਕਾਰ ਖੇਡ ਸਰਗਰਮੀਆਂ ਨੂੰ ਵਧਾਉਣ ਲਈ ਨਾਮਾਂਕਣ ਦੇ ਜਰੀਏ ਡੀ.ਐਸ.ਪੀ. ਨਿਯੁਕਤ ਕਰ ਰਹੀ ਹੈ ਤਾਂ ਦੂਜੇ ਪਾਸੇ ਅਮ੍ਰਿਤਸਰ ਵਾਸੀ ਕੀਰਤ ਕੌਰ ਕੁਲਾਰ ਜਿਸਨੇ ਪੰਜਾਬ ਰਾਜ ਦੀ ਨੁਮਾਇੰਦਗੀ ਕਰਦੇ ਹੋਏ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ 43 ਤਮਗੇ ਹਾਸਿਲ ਕੀਤੇ ਹਨ, ਨੂੰ ਐਮ.ਬੀ.ਬੀ.ਐਸ. ਖੇਡ ਕੋਟੇ 'ਚ ਸਰਕਾਰ ਵਲੋਂ ਮੰਨਣ ਤੋਂ ਇਨਕਾਰ ਕਰਨ 'ਤੇ ਦਾਇਰ ਅਰਜ਼ੀ 'ਤੇ ਜੱਜ ਰਾਜੀਵ ਭੱਲਾ ਨੇ ਪੰਜਾਬ ਸਰਕਾਰ, ਨਿਰਦੇਸ਼ਕ ਖੇਡ ਅਤੇ ਬਾਬਾ ਫਰੀਦ ਯੂਨੀਵਰਸਟੀ ਨੂੰ ਨੋਟਿਸ ਜਾਰੀ ਕਰਦੇ ਹੋਏ ਉਸਦੇ ਲਈ ਇਕ ਸੀਟ ਰਿਜ਼ਰਵ ਕਰਨ ਦੇ ਆਦੇਸ਼ ਦਿੱਤੇ ਹਨ। ਬੇਨਤੀਕਰਤਾ ਦਾ ਦੋਸ਼ ਸੀ ਕਿ ਜਿਮਨਾਸਿਟਕ 'ਚ ਉਸਨੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ 43 ਤਮਗੇ ਹਾਸਿਲ ਕੀਤੇ ਹਨ ਅਤੇ ਇਹ ਖੇਡ ਉਲੰਪਿਕ ਖੇਡਾਂ 'ਚ ਸ਼ਾਮਿਲ ਹੈ ਪਰ ਪੰਜਾਬ ਸਰਕਾਰ ਵਲੋਂ ਜਾਰੀ ਗ੍ਰੇਡੇਸ਼ਨ ਪਾਲਸੀ 'ਚ ਉਕਤ ਖੇਡ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ ਜਦਕਿ ਨੈਟਬਾਲ, ਕਬੱਡੀ ਅਤੇ ਚੈਸ ਵਰਗੀਆਂ ਖੇਡਾਂ ਨੂੰ ਮਾਨਤਾ ਦਿੱਤੀ ਗਈ ਹੈ। ਅਰਜ਼ੀਕਰਤਾ ਨੇ ਕਿਹਾ ਕਿ ਨਿਰਦੇਸ਼ਕ ਵਲੋਂ ਇਸ ਮਾਮਲੇ 'ਚ 23 ਮਈ 2011 ਨੂੰ ਸੱਕਤਰ ਨੂੰ ਪੱਤਰ ਲਿਖ ਕੇ ਇਸ ਗੇਮ ਨੂੰ ਵੀ ਸਪੋਰਟਸ ਗ੍ਰੈਡੇਸ਼ਨ ਪਾਲਿਸੀ 'ਚ ਸ਼ਾਮਿਲ ਕਰਨ ਦੇ ਲਈ ਕਿਹਾ ਗਿਆ ਹੈ ਪਰ ਫਿਰ ਵੀ ਸਰਕਾਰ ਵਲੋਂ ਅਜਿਹਾ ਨਹੀਂ ਕੀਤਾ ਗਿਆ। ਬੇਨਤੀਕਰਤਾ ਨੇ ਇਹ ਵੀ ਕਿਹਾ ਕਿ ਹਰਿਆਣਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਜਾਰੀ ਗ੍ਰੈਡੇਸ਼ਨ ਪਾਲਸੀਆਂ 'ਚ ਉਕਤ ਖੇਡ ਨੂੰ ਸ਼ਾਮਿਲ ਕੀਤਾ ਗਿਆ ਹੈ ਅਤੇ ਸਿਰਫ ਪੰਜਾਬ ਸਰਕਾਰ ਵਲੋਂ ਅਜਿਹਾ ਕਰਨਾ ਖਿਡਾਰੀਆਂ ਨਾਲ ਖਿਲਵਾੜ ਹੈ।

# 'ਮੁਰਦਾ' ਵਿਅਕਤੀ ਹਾਈ ਕੋਰਟ ਵਿੱਚ ਪੇਸ਼ ਜਾਨ ਦੀ ਰਾਖੀ ਦੀ ਦਿੱਤੀ ਦੁਹਾਈ

ਚੰਡੀਗੜ੍ਹ, (ਨਦਬ) :-ਇਕ ਅਜਿਹੇ ਵਿਅਕਤੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ 'ਜਾਨ ਦੀ ਸਲਾਮਤੀ' ਦੀ ਮੰਗ ਕੀਤੀ ਹੈ ਜਿਸ ਨੂੰ ਪੰਜਾਬ ਪੁਲੀਸ ਵੱਲੋਂ ਪਹਿਲਾਂ ਹੀ 'ਮੁਰਦਾ' ਐਲਾਨਿਆ ਜਾ ਚੁੱਕਿਆ ਹੈ। ਤਰਨ ਤਾਰਨ ਜ਼ਿਲ੍ਹੇ ਨਾਲ ਸਬੰਧਤ ਦਿਲਬਾਗ ਸਿੰਘ ਨਾਮੀ ਇਸ ਵਿਅਕਤੀ ਦਾ ਕਹਿਣਾ ਹੈ ਕਿ ਪੰਜਾਬ ਪੁਲੀਸ ਨੇ ਉਸ ਨੂੰ ਮਹਾਰਾਸ਼ਟਰ ਵਿਚ 'ਮਾਰ ਦਿੱਤਾ ਗਿਆ' ਐਲਾਨਿਆ ਹੋਇਆ ਹੈ ਅਤੇ ਰਿਕਾਰਡ ਵਿਚ 'ਮ੍ਰਿਤਕ' ਹੋਣ ਕਾਰਨ ਉਸ ਨੂੰ ਡਰ ਹੈ ਕਿ ਉਸ ਨੂੰ ਕਿਤੇ ਸੱਚਮੁੱਚ ਪੁਲੀਸ ਵੱਲੋਂ ਮਾਰ ਨਾ ਦਿੱਤਾ ਜਾਵੇ ਜਾਂ ਕਿਸੇ ਕੇਸ ਵਿਚ ਨਾ ਫਸਾ ਦਿੱਤਾ ਜਾਵੇ। ਉਸ ਨੇ ਅਦਾਲਤ ਦਾ ਬੂਹਾ ਖੜਕਾ ਕੇ ਆਪਣੀ ਰਾਖੀ ਦੀ ਮੰਗ ਕੀਤੀ ਹੈ।

ਮਾਮਲੇ ਨੂੰ ਸੁਣਵਾਈ ਲਈ ਮਨਜ਼ੂਰ ਕਰਦਿਆਂ ਹਾਈ ਕੋਰਟ ਦੇ ਜਸਟਿਸ ਕੇ. ਕਾਨਨ ਨੇ ਇਸ ਸਬੰਧੀ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ, ਤਰਨ ਤਾਰਨ ਜ਼ਿਲ੍ਹੇ ਦੇ ਐਸ.ਐਸ.ਪੀ. ਅਤੇ ਝਬਾਲ ਪੁਲੀਸ ਥਾਣੇ ਦੇ ਐਸ.ਐਚ.ਓ. ਨੂੰ ਨੋਟਿਸ ਜਾਰੀ ਕੀਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 20 ਸਤੰਬਰ ਨੂੰ ਹੋਵੇਗੀ।

ਪਟੀਸ਼ਨਰ ਦਾ ਕਹਿਣਾ ਹੈ ਕਿ ਪੁਲੀਸ ਉਸ ਦੇ ਪਿਤਾ ਕਸ਼ਮੀਰ ਸਿੰਘ ਨੂੰ ਵੀ 'ਮਾਰ ਦਿੱਤਾ' ਕਰਾਰ ਦੇ ਚੁੱਕੀ ਹੈ ਜਦੋਂਕਿ ਉਸ ਨੂੰ ਚਾਰ ਕੁ ਮਹੀਨੇ ਪਹਿਲਾਂ ਆਪਣੇ ਪਿਤਾ ਦੇ ਜ਼ਿੰਦਾ ਹੋਣ ਦਾ ਪਤਾ ਲੱਗਿਆ ਹੈ। ਦਿਲਬਾਗ ਸਿੰਘ ਦੀ ਇਹ ਕਹਾਣੀ ਬਾਲੀਵੁੱਡ ਦੀ ਕਿਸੇ ਸਨਸਨੀਖੇਜ਼ ਫ਼ਿਲਮ ਦੀ ਕਹਾਣੀ ਨਾਲ ਮੇਲ ਖਾਂਦੀ ਹੈ। ਵਕੀਲ ਰੰਜਨ ਲਖਨਪਾਲ ਰਾਹੀਂ ਦਾਇਰ ਇਸ ਪਟੀਸ਼ਨ ਵਿਚ ਉਸ ਨੇ ਕਿਹਾ ਹੈ ਕਿ ਪੁਲੀਸ ਨੇ 16 ਮਈ, 1993 ਨੂੰ ਹਿਰਾਸਤ ਵਿਚ ਲਏ ਹੋਏ ਉਸ ਦੇ ਦਾਦਾ ਮੋਹਿੰਦਰ ਸਿੰਘ ਨੂੰ ਮਾਰ ਦਿੱਤਾ ਸੀ।

ਦਿਲਬਾਗ ਸਿੰਘ ਮੁਤਾਬਕ ਉਸ ਵੇਲੇ ਉਸ ਦੀ ਉਮਰ 13 ਸਾਲ ਸੀ ਅਤੇ ਉਹ ਪੁਲੀਸ ਵੱਲੋਂ ਕਿਸੇ ਝੂਠੇ ਕੇਸ ਵਿਚ ਫਸਾਏ ਤੇ ਮਾਰ ਦਿੱਤੇ ਜਾਣ ਦੇ ਡਰੋਂ ਮਹਾਰਾਸ਼ਟਰ ਚਲਾ ਗਿਆ। ਇਸ ਤੋਂ ਅਗਲੇ ਸਾਲ ਹੀ ਪੁਲੀਸ ਨੇ ਮਹਾਰਾਸ਼ਟਰ ਵਿਚ ਅਮਰਾਵਤੀ ਵਿਖੇ ਉਸ ਦੇ ਨਾਨਾ ਅਨੋਖ ਸਿੰਘ, ਉਸ ਦੇ ਤਿੰਨ ਮਾਮਿਆਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਦਿਲਬਾਗ ਸਿੰਘ ਮੁਤਾਬਕ ਪੁਲੀਸ ਨੇ ਪੰਜਾਬ ਵਿਚ ਮੀਡੀਆ 'ਚ ਇਹ ਐਲਾਨ ਕਰ ਦਿੱਤਾ ਕਿ ਦਿਲਬਾਗ ਸਿੰਘ ਤੇ ਉਸ ਦੇ ਪਿਤਾ ਕਸ਼ਮੀਰ ਸਿੰਘ ਨੂੰ ਵੀ ਪੁਲੀਸ ਨੇ ਮਾਰ ਦਿੱਤਾ ਹੈ। ਉਸ ਨੇ ਕਿਹਾ ਕਿ ਚਾਰ ਕੁ ਮਹੀਨੇ ਪਹਿਲਾਂ ਉਸ ਨੂੰ ਆਪਣੇ ਪਿਤਾ ਦੇ ਜ਼ਿੰਦਾ ਹੋਣ ਦਾ ਪਤਾ ਲੱਗਿਆ ਜਿਸ ਪਿੱਛੋਂ ਕਰੀਬ 20 ਸਾਲਾਂ ਬਾਅਦ ਉਹ ਮਹਾਰਾਸ਼ਟਰ ਤੋਂ ਪੰਜਾਬ ਪਰਤਿਆ ਹੈ। ਪਟੀਸ਼ਨ ਵਿਚ ਮੰਗ ਕੀਤੀ ਗਈ ਹੈ ਕਿ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਜਾਣ ਕਿ ਪਟੀਸ਼ਨਰ ਨੂੰ ਮਾਰਿਆ ਨਾ ਜਾਵੇ ਜਾਂ ਕਿਸੇ ਕੇਸ ਵਿਚ ਨਾ ਫਸਾਇਆ ਜਾਵੇ।

# 'ਕਨੇਡਾ ਦੇ ਗ਼ਦਰੀ ਯੋਧੇ' ਲੋਕ –ਅਰਪਣ




ਕੈਲਗਰੀ (ਇਕਬਾਲ ਖ਼ਾਨ) : ਅਰਪਨ ਲਿਖਰੀ ਸਭਾ ਨੇ ਟੈਂਪਲ ਕਮਿਉਨਟੀ ਸੈਂਟਰ ਦੇ ਹਾਲ ਵਿਚ ਪ੍ਰੋ ਸੋਹਣ ਸਿੰਘ ਪੂੰਨੀ ਦੀ ਲਿਖੀ ਇਤਿਹਾਸਕ ਪੁਸਤਕ 'ਕਨੇਡਾ ਦੇ ਗ਼ਦਰੀ ਜੋਧੇ' ਰੀਲੀਜ਼ ਕੀਤੀ। ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਇਕਬਾਲ ਖ਼ਾਨ ਨੇ ਕਰਦਿਆਂ ਅਰਪਨ ਲਿਖਾਰੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ, ਪੁਸਤਕ ਦੇ ਲੇਖਕ ਸੋਹਣ ਸਿੰਘ ਪੂੰਨੀ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਸੁਰਜੀਤ ਭੱਟੀ, ਡਾ. ਰਜਨੀਸ਼ ਬਹਾਦਰ ਨੂੰ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਲਈ ਬੇਨਤੀ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਜਸਵੰਤ ਸਿੰਘ ਸੇਖੋਂ ਅਤੇ ਸਰੂਪ ਸਿੰਘ ਮੰਡੇਰ ਦੇ ਕਵੀਸ਼ਰੀ ਜੱਥੇ ਨੇ ਕਵੀਸ਼ਰੀ ਨਾਲ ਕੀਤੀ।

ਉਪਰੰਤ ਡਾ. ਸੁਰਜੀਤ ਭੱਟੀ ਨੇ ਆਖਿਆ ਕਿ ਜਿਹੜਾ ਕੰਮ ਸਾਡੀਆਂ ਯੂਨੀਵਰਸਿਟੀਆਂ ਜਾਂ ਸਰਕਾਰਾਂ ਨੂੰ ਕਰਨਾ ਚਾਹੀਦਾ ਸੀ ਉਹ ਕੰਮ ਇੱਕਲੇ ਪ੍ਰੋ. ਸੋਹਣ ਸਿੰਘ ਪੂੰਨੀ ਨੇ ਕੀਤਾ ਹੈ। ਡਾ. ਰਘਬੀਰ ਸਿੰਘ ਸਿਰਜਣਾ ਨੇ ਕਿਤਾਬ ਵਿਚਲੇ ਤੱਥਾਂ ਬਾਰੇ ਸੋਹਣ ਸਿੰਘ ਪੂੰਨੀ ਵੱਲੋਂ ਕੀਤੀ ਮਿਹਨਤ ਤੇ ਇਤਿਹਾਸ ਨੂੰ ਲਿਖਣ ਦੀਆਂ ਮੁਸ਼ਕਲਾਂ ਦੇ ਸੰਦਰਭ ਵਿੱਚ ਵਿਸਥਾਰ ਨਾਲ ਗੱਲ ਕਰਦਿਆਂ ਆਖਿਆ ਕਿ ਗ਼ਦਰੀਆਂ ਨੇ ਗ਼ਦਰ ਲਹਿਰ ਤੋਂ ਬਿਨ੍ਹਾਂ ਵੀ ਭਾਰਤ ਦੀ ਆਜ਼ਾਦੀ ਲਈ ਚੱਲੀਆਂ ਹੋਰਨਾ ਲਹਿਰਾਂ, ਖ਼ਾਸ ਕਰਕੇ ਹਥਿਆਰਬੰਦ ਲਹਿਰਾਂ ਵਿਚ ਵੀ ਬਹੁਤ ਵੱਡਾ ਯੋਗਦਾਨ ਪਾਇਆ ਹੈ। ਡਾ. ਰਜ਼ਨੀਸ਼ ਬਹਾਦਰ ਨੇ ਕਿਹਾ ਕਿ ਇਸ ਕਿਤਾਬ ਦੀ ਖ਼ਾਸੀਅਤ ਇਹ ਹੈ ਕਿ ਇਹ ਕਿਤਾਬ ਇਕ ਸੰਵਾਦ ਛੇੜਦੀ ਹੈ।

ਡਾ. ਹਰਭਜਨ ਸਿੰਘ ਢਿੱਲੋਂ ਨੇ ਕਿਹਾ ਕਿ ਇਤਿਹਾਸ ਵਾਰ ਵਾਰ ਲਿਖਿਆ ਜਾਵੇਗਾ ਕਿਉਂ ਕਿ ਸਮੇਂ ਦੀਆ ਸਰਕਾਰਾਂ ਸੱਚ ਨੂੰ ਸਾਹਮਣੇ ਆਉਂਣ ਨਹੀਂ ਦਿੰਦੀਆਂ ਅਤੇ ਇਤਿਹਾਸਕਾਰ ਸਮੇਂ ਸਮੇਂ ਤੱਥਾਂ ਨੂੰ ਲੱਭ ਕੇ ਲਿਖਦੇ ਰਹਿਣਗੇ। ਮਾ. ਭਜਨ ਗਿੱਲ ਨੇ ਕਿਹਾ ਸਾਡੀ ਸੱਚੀ ਸੁੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਜਿਹੜੇ ਸੁਪਨੇ ਗ਼ਦਰੀ ਲੈ ਕੇ ਚੱਲੇ ਸੀ ਉਨ੍ਹਾਂ ਨੂੰ ਪੂਰੇ ਕਰਨ ਲਈ ਅਸੀਂ ਉਨ੍ਹਾਂ ਦੇ ਸ਼ੰਘਰਸ਼ ਨੂੰ ਜਾਰੀ ਰੱਖੀਏ। ਕੈਲਗਰੀ ਮੈਕਾਲ ਹਲਕੇ ਤੋਂ ਲਿਬਰਲ ਪਾਰਟੀ ਦੇ ਐਮ. ਐਲ. ਦਰਸ਼ਣ ਕੰਗ ਅਤੇ ਗੁਰਚਰਨ ਕੌਰ ਥਿੰਦ ਨੇ ਪ੍ਰੋ. ਪੂੰਨੀ ਨੂੰ ਗ਼ਦਰੀਆਂ ਦੇ ਜੀਵਨ ਬ੍ਰਿਤਾਂਤ ਨੂੰ ਬਿਆਨ ਕਰਦੀ ਕਿਤਾਬ ਲਿਖਣ ਤੇ ਵਧਾਈ ਦਿੱਤੀ। ਸੋਹਣ ਸਿੰਘ ਪੂੰਨੀ ਕੋਲੋਂ ਗ਼ਦਰੀਆਂ ਦੇ ਦੁੱਖਾਂ ਦੀ ਵਾਰਤਾ ਸੁਣ ਕੇ ਸਰੋਤਿਆਂ ਦੀਆਂ ਅੱਖਾਂ ਨਮ ਹੋ ਗਈਆਂ। ਉਨ੍ਹਾਂ ਜ਼ੋਰ ਦਿੰਦਿਆਂ ਆਖਿਆ ਕਿ ਭਾਵੇ 1947 ਨੂੰ ਗੋਰਿਆਂ ਨੇ ਹਿੰਦੁਸਤਾਨ ਨੂੰ ਛੱਡ ਦਿੱਤਾ ਤੇ ਸਾਡਾ ਦੇਸ਼ ਅਜ਼ਾਦ ਹੋ ਗਿਆ ਪਰ ਇਹ ਆਜ਼ਾਦੀ ਗ਼ਦਰੀਆਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ। ਰਾਜਨੀਤਿਕ ਤੇ ਸਮਾਜਿਕ ਆਜ਼ਾਦੀ ਤੋਂ ਬਿਨਾ ਆਜ਼ਾਦੀ ਅਧੂਰੀ ਹੈ। ਉਭਰਦੇ ਗਾਇਕ ਨਿੰਮੇ ਖ਼ਹਿਰਾ, ਗਾਇਕ ਹਰਜੀਤ ਗਿੱਲ ਅਤੇ ਮਾ. ਬਚਿੱਤਰ ਸਿੰਘ ਗਿੱਲ ਨੇ ਆਪਣੇ ਗੀਤਾਂ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ।

ਅਖ਼ੀਰ ਤੇ ਅਰਪਨ ਲਿਖਾਰੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ ਨੇ ਅਰਪਨ ਲਿਖਾਰੀ ਸਭਾ ਵੱਲੋਂ ਕਿਤਾਬ ਰੀਲੀਜ਼ ਕਰਦਿਆਂ ਕਿਹਾ, " ਅਸੀਂ ਇਹੋ ਜਿਹੀ ਕਿਤਾਬ ਰੀਲੀਜ਼ ਕਰਨ 'ਤੇ ਮਾਣ ਮਹਿਸੂਸ ਕਰਦੇ ਹਾਂ। ਕੈਲਗਰੀ ਮਾਊਂਟਰੋਜ਼ ਹਲਕੇ ਤੋਂ ਪੀ. ਸੀ. ਪਾਰਟੀ ਦੇ ਨੌਜਵਾਨ ਐਮ. ਐਲ ਏ. ਮਨਮੀਤ ਭੁੱਲਰ ਨੇ ਵੀ ਪ੍ਰੋ. ਪੂੰਨੀ ਨੂੰ ਵਧਾਈ ਦਾ ਸੰਦੇਸ਼ ਭੇਜਿਆ।

ਕੈਲਗਰੀ ਵਿਚ ਪੁਸਤਕ 'ਕਨੇਡਾ ਦੇ ਗ਼ਦਰੀ ਯੋਧੇ' ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ।ਇਸ ਸਮਾਗਮ ਵਿਚ ਪੱਤਰਕਾਰ ਰਣਜੀਤ ਸਿੱਧੂ ਨੇ ਫੋਟੋਗ੍ਰਾਫੀ ਦੀਆਂ ਸੇਵਾਵਾਂ ਨਿਭਾਈਆਂ।

# ਐਡਮਿੰਟਨ 'ਚ ਪੁੱਤਰ ਦੇ ਗੁੱਸੇ ਨੇ ਲਈ ਪਿਓ ਦੀ ਜਾਨ

ਐਡਮਿੰਟਨ, (ਨਦਬ) : ਐਡਮਿੰਟਨ ਸ਼ਹਿਰ ਵਿਚ ਵਾਪਰੀ ਇਕ ਦੁਖਦਾਇਕ ਘਟਨਾ ਵਿਚ 59 ਸਾਲਾਂ ਦੇ ਪੰਜਾਬੀ ਨੂੰ ਉਸ ਦੇ ਆਪਣੇ ਪੁੱਤਰ ਨੇ ਹੀ ਕਾਰ ਥੱਲੇ ਦਰੜ ਕੇ ਮਾਰ ਦਿਤਾ। ਇਸ ਕਤਲ ਨੇ ਪੰਜਾਬੀ ਭਾਈਚਾਰੇ ਨੂੰ ਹੈਰਾਨ ਕਰ ਕੇ ਰੱਖ ਦਿਤਾ ਹੈ, ਕਿਉਕਿ ਮ੍ਰਿਤਕ ਮੋਹਨ ਸਿੰਘ ਹੀਰ ਸ਼ਹਿਰ ਦਾ ਮੰਨਿਆ ਪ੍ਰਮੰਨਿਆ ਬਿਲਡਰ ਸੀ ਅਤੇ ਭਾਈਚਾਰੇ ਦੇ ਸਾਂਝੇ ਕੰਮਾਂ ਵਿਚ ਹਮੇਸ਼ਾ ਮੋਹਰੀ ਭੂਮਿਕਾ ਨਿਭਾਉਂਦਾ ਸੀ। ਮੋਹਨ ਸਿੰਘ ਹੀਰ ਨੂੰ ਕੁਚਲਣ ਵਾਲੇ ਉਸ ਦੇ 26 ਸਾਲਾ ਪੁੱਤਰ ਨੂੰ ਪੁਲੀਸ ਨੇ ਕਤਲ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੋਹਨ ਸਿੰਘ ਦਾ ਪਰਿਵਾਰ ਕਿਤੇ ਜਾਣ ਦੀ ਤਿਆਰੀ ਵਿਚ ਸੀ ਕਿ ਉਸ ਦਾ ਆਪਣੇ ਇਕਲੌਤੇ ਪੁੱਤਰ ਸਟੀਵ ਸਿੰਘ ਹੀਰ ਨਾਲ ਤਕਰਾਰ ਹੋ ਗਿਆ ਅਤੇ ਮਾਮਲਾ ਇੰਨਾ ਵੱਧ ਗਿਆ ਕਿ ਸਟੀਵਨ ਹੀਰ ਨੇ ਗੱਡੀ ਘਰ ਦੀਆਂ ਬਰੂਹਾਂ ਸਾਹਮਣੇ ਖੜੇ ਮੋਹਨ ਸਿੰਘ ਉਪਰ ਚੜ੍ਹਾ ਦਿਤੀ। ਦੋ ਵਾਰ ਉਸ ਨੂੰ ਕੁਚਲਣ ਪਿਛੋਂ ਸਵੀਟਨ ਹੀਰ ਆਪਣੀ ਨਵੀ ਬੀ.ਐਮ.ਡਬਲਯੂ. ਕਾਰ ਲੈ ਕੇ ਫਰਾਰ ਹੋ ਗਿਆ। ਇਹ ਘਟਨਾ ਮੋਹਨ ਸਿੰਘ ਦੀ ਪਤਨੀ ਅਤੇ 20 ਸਾਲਾ ਬੇਟੀ ਦੇ ਸਾਹਮਣੇ ਵਾਪਰੀ, ਜਿਨ੍ਹਾਂ ਤੁਰੰਤ ਪੁਲੀਸ ਨੂੰ ਸੂਚਿਤ ਕੀਤਾ। ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਗਈ। ਇੰਸਪੈਕਟਰ ਬਰਾਇਨ ਨਾਓਲਿਨ ਨੇ ਦਸਿਆ ਕਿ ਹਮਲਾਵਰ ਨੂੰ ਘਟਨਾ ਤੋਂ ਦੋ ਘੰਟੇ ਬਾਅਦ ਗ੍ਰਿਫਤਾਰ ਕਰ ਲਿਆ ਗਿਆ ਹੈ।

# ਕੁਲਵੰਤ ਧਾਲੀਵਾਲ ਨੇ ਕੈਂਸਰ ਵਿਰੁੱਧ ਜਹਾਦ ਦਾ ਸੱਦਾ ਦਿੱਤਾ

ਕੈਲਗਰੀ(ਹਰਬੰਸ ਬੁੱਟਰ) ਪੰਜਾਬ ਵਿੱਚ ਕੈਂਸਰ ਵਰਗੀ ਭਿਆਨਕ ਬੀਮਾਰੀ ਦੇ ਮਹਾਂਮਾਰੀ ਦੇ ਸੰਕੇਤਾਂ ਤੋਂ ਅਗਾਂਊ ਜਾਣੂ ਕਰਵਾਉਣ ਦਾ ਬੀੜਾ ਚੁੱਕੀ ਫਿਰ ਰਹੇ ਕੁਲਵੰਤ ਧਾਲੀਵਾਲ ਨੇ ਬੀਤੇ ਦਿਨੀ ਸੰਦਲ ਪ੍ਰੌਡਕਸਨ ਕੈਲਗਰੀ ਦੀ ਪੇਸ਼ਕਸ ਪੰਜਾਬੀ ਫਿਲਮ "ਦਿਲ ਦਰਿਆ ਸਮਦੂੰਰੋਂ ਡੂੰਘੇ" ਦੇ ਸੋਅ ਦੌਰਾਨ ਵੀ ਸਿਰਕਤ ਕੀਤੀ। ਫਿਲਮ ਸੁਰੂ ਹੋਣ ਤੋਂ ਪਹਿਲਾਂ ਪ੍ਰੋਡਿਊਸਰ ਪਰਮਜੀਤ ਸੰਦਲ ਨੇ ਸ਼੍ਰੀ ਧਾਲੀਵਾਲ ਨੂੰ ਸਤਿਕਾਰ ਵੱਜੋਂ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਫਿਲਮ ਦੀ ਦਰਸਕਾਂ ਨਾਲ ਸਾਂਝ ਪਾਉਦਿਆਂ ਉਹਨਾਂ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਜਿੰਦਗੀ ਵਿੱਚ ਜਿੰਨੇ ਮਰਜੀ ਵੱਡੇ ਰੁਤਬੇ ਤੁਸੀਂ ਪਾ ਲਵੋ ਪਰ ਆਪਣਾ ਪਿਛੋਕੜ ਨਹੀਂ ਭੁੱਲਣਾ ਚਾਹੀਦਾ। ਸ਼੍ਰੀ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੇ ਪਿੰਡਾਂ ਨੂੰ ਕੈਂਸਰ ਤੋਂ ਛੁਟਕਾਰਾ ਦਿਵਾਉਣ ਲਈ ਲੋਕਾਂ ਨੂੰ ਜਗਰੂਕ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਹੰਭਲਾ ਮਾਰੋ ਤੇ ਆਪਣੇ ਆਪਣੇ ਪਿੰਡ ਨਾਲ ਲੈ ਲਵੋਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਬਠਿੰਡੇ ਤੋਂ ਚੱਲਣ ਵਾਲੀ ਗੱਡੀ ਜਿਸ ਦਾ ਨਾਂ ਹੀ ਹੁਣ "ਕੈਂਸਰ ਟਰੇਨ" ਪੈ ਗਿਆ ਹੈ, ਦਾ ਨਾਂ ਬਦਲ ਕੇ "ਸਿਹਤਮੰਦ ਪੰਜਾਬ" ਹੋ ਜਾਵੇਗਾ।


Best Truck Wash

Your Mobile Wash Professionals Edmonton & Area

ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ। ਵਧੀਆ ਸਰਵਿਸ ਲਈ ਸੰਪਰਕ ਕਰੋ।

ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck anywhere in Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:

BIN: (780) 267-9102

CAM: (780) 238-8161

As your Medicine Shoppe Pharmacist, I do more than just fill your prescriptions. I help you make sense of the bigger health picture. I take the time to get to know you, understand your health needs, and take an active role in helping you achieve and maintain good health.






Jasbir Bhui
B.Sc. Pharm.
Pharmacist / Owner

(780) 461-8648
127 Millbourne Road East
Edmonton, AB
www.medicineshoppe.ca

Hours of Operation
Monday - Friday: 10 am to 7 pm
Saturdays: 10 am to 3 pm
Sundays & Holidays: Closed

Your Medicine Shoppe Pharmacy is now your Community Immunization Centre

Please call or visit our pharmacy and speak with our Certified Immunizing Pharmacist for all your immunization needs.

- Hepatitis A
- Hepatitis B
- HPV
- Tetanus
- H1N1 & Seasonal Flu
- And More...

Your health. Our priority.

WOW! 4.99 each

Rexall Brand
ASA 81mg
Low Dose
Enteric Coated
120 Tablets

Offer expires September 30th, 2011. Limit 2 per person. While supplies last.

Accu-Pak™ Blister Packaging

Immunization Services Available

Free Medication Reviews

Free City-wide Delivery










The Medicine Shoppe PHARMACY

0411CustomQue_MS170

# ਐਡਮਿੰਟਨ ਵਿਚ ਬਣ ਰਹੇ ਖੇਡ ਕੰਪਲੈਕਸ ਲਈ ਭਾਰੀ ਉਤਸ਼ਾਹ -4 ਲੱਖ ਡਾਲਰ ਤੋ ਵੀ ਵੱਧ ਦੇ ਵਾਅਦੇ



ਐਡਮੰਟਨ, (ਨਦਬ) : ਪੰਜਾਬ ਯੁਨਾਇਟਿਡ ਸਪੋਰਟਸ ਐਂਡ ਹੈਰੀਟੇਜ ਐਸੋਸੀਏਸਨ ਦੇ ਸੇਵਾਦਾਰ ਬੜੇ ਮਾਣ ਨਾਲ ਇਸ ਖਬਰ ਦਾ ਐਲਾਨ ਕਰਨਾ ਚਾਹੁੰਦੇ ਹਨ ਕਿ ਐਡਮੰਟਨ ਨਿਵਾਸੀਆਂ ਲਈ ਇੱਕ ਹੋਰ ਬਹੁਤ ਵਧੀਆ ਪ੍ਰੋਜੈਕਟ - ਵਿਯਨ 2020, ਜਿਸਦਾ ਪ੍ਰਸਤਾਵ ਪਿਛਲੇ ਸਾਲ ਦੇ ਅਖੀਰ ਵਿਚ ਭਾਈਚਾਰੇ ਦੇ ਰੂਬਰੂ ਕੀਤਾ ਗਿਆ ਸੀ, ਲਈ ਬਹੁਤ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਹੁਣ ਤੱਕ 4 ਲੱਖ ਡਾਲਰ ਤੋਂ ਵੀ ਵੱਧ ਰਕਮ ਦੇ ਵਾਅਦੇ ਪਹੁੰਚ ਚੁੱਕੇ ਹਨ। ਇਸ ਦਾ ਐਲਾਨ ਸੰਸਥਾ ਵਲੋਂ ਮਰਿਡੀਅਨ ਬੈਂਕੁਏਟ ਹਾਲ ਵਿਚ ਕਾਰੋਬਾਰੀ ਭਾਈਚਾਰੇ ਦੇ ਕੁਝ ਮੋਹਰੀ ਸੱਜਣਾਂ ਲਈ ਇੱਕ ਬਿਜਨਿਸ ਡਿਨਰ ਦੌਰਾਨ ਹੋਇਆ। ਇਸ ਮੌਕੇ ਬਿੱਲ ਜੋਸਨ, ਹਾਰਵੀ ਸਰਾਂ, ਹਰਜਿੰਦਰ ਜੋਹਲ, ਦਵਿੰਦਰਜੀਤ ਪੁਰੇਵਾਲ, ਮੱਘਰ ਸਿੰਘ ਉੱਭੀ, ਵਰਿੰਦਰ ਗਰੇਵਾਲ, ਹਰਦੀਪ ਵੜੈਚ, ਸੰਜੀਵ ਨਰੰਗ, ਉਪਿੰਦਰ ਮਠਾਰੂ ਅਤੇ ਕੇਵਲ ਧਾਰੀਵਾਲ ਮੌਜੂਦ ਸਨ। ਇਸ ਜਾਣਕਾਰੀ ਤੋ ਬਾਅਦ ਮਰੀਡੀਅਨ ਬੈਂਕੁਏਟ ਦੇ ਮਾਲਕ ਰਣਜੀਤ ਸਿੰਘ ਧੰਜੂ ਵਲੋਂ ਬਹੁਤ ਹੀ ਸੁੱਚਜੇ ਢੰਗ ਨਾਲ ਖਾਣਾ ਖੁਆਇਆ ਗਿਆ। ਵਿਯਨ 2020 ਦੀ ਵਿਉਂਤ ਨੂੰ ਸਾਕਾਰ ਕਰਨ ਲਈ ਐਡਮੰਟਨ ਦੇ ਦੱਖਣੀ ਇਲਾਕੇ ਨੂੰ ਚੁਣਿਆ ਜਾ ਰਿਹਾ ਹੈ ਜਿੱਥੇ ਪਹੁੰਚਣਾ ਹਰ ਸ਼ਹਿਰੀ ਲਈ ਆਸਾਨ ਹੋਵੇਗਾ। ਇਸ ਯੋਜਨਾ ਮੁਤਾਬਿਕ ਪਹਿਲੇ ਪੜਾਅ ਅਧੀਨ ਖੇਡਾਂ ਲਈ ਗਰਾਊਂਡਾਂ ਵੱਲ ਧਿਆਨ ਦਿੱਤਾ ਜਾਵੇਗਾ। ਦੂਸਰੇ ਪੜਾਅ ਭਾਈਚਾਰੇ ਦੀਆਂ ਲੋੜਾਂ ਨੂੰ ਖਿਆਲ ਵਿਚ ਰੱਖਦੇ ਹੋਏ ਕਮਿਊਨਿਟੀ ਸੈਂਟਰ ਅਤੇ ਰੈਕਰੀਏਸ਼ਨ ਸੈਂਟਰ ਦੀ ਉਸਾਰੀ ਕੀਤੀ ਜਾਵੇਗੀ। ਸੰਸਥਾ ਦੇ ਨੁਮਾਇੰਦਿਆਂ ਪੂਰਾ ਭਰੋਸਾ ਹੈ ਕਿ ਉਹ ਭਾਈਚਾਰੇ ਦੇ ਵਿਸ਼ਵਾਸ਼ 'ਤੇ ਪੂਰੇ ਉਤਰਨਗੇ। ਇਸ ਪ੍ਰੋਜੈਕਟ ਵਾਰੇ ਕਿਸੇ ਨੇ ਹੋਰ ਜਾਣਕਾਰੀ ਲੈਣੀ ਹੋਵੇ ਤਾਂ ਮਹਿੰਦਰ ਬੰਗਾ -780 913 1820, ਇਕਬਾਲ ਮਾਹਲ - 780 995 7035 ਜਾਂ ਕਸ਼ਮੀਰ ਗਿੱਲ ਨਾਲ 780 951 2772 ਤੇ ਸੰਪਰਕ ਕਰ ਸਕਦੇ ਹਨ।

# ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ

ਕੈਲਗਰੀ (ਨਦਬ) : ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਦੇ ਹਾਲ ਵਿਚ ਹੋਈ। ਫੋਰਮ ਦੇ ਸਕੱਤਰ ਜੱਸ ਚਾਹਲ ਨੇ ਜੀ ਆਇਆਂ ਆਖਿਆ ਅਤੇ ਪਿਛਲੀ ਇਕੱਤਰਤਾ ਦੀ ਰਿਪੋਰਟ ਪੜ੍ਹਕੇ ਸੁਣਾਈ ਜੋ ਸਭ ਵਲੋਂ ਪਰਵਾਨ ਕੀਤੀ ਗਈ। ਫੇਰ ਚੰਡੀਗੜ ਤੋਂ ਆਈ ਕਵਿਤ੍ਰੀ ਸੁਦਰਸ਼ਨ ਵਾਲੀਆ ਨੂੰ, ਫੋਰਮ ਪ੍ਰਧਾਨ ਸ਼ਮਸ਼ੇਰ ਸਿੰਘ ਸੰਧੂ ਅਤੇ ਮੀਤ ਪ੍ਰਧਾਨ ਸਲਾਹੁਦੀਨ ਸਬਾ ਸ਼ੇਖ਼ ਦੇ ਨਾਲ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ। ਫੋਰਮ ਸਕੱਤਰ ਨੇ ਗੁਰਦਿਆਲ ਸਿੰਘ ਖੈਹਰਾ ਹੋਰਾਂ ਦੇ ਪਰਿਵਾਰ ਨਾਲ ਵਾਪਰੇ ਹਾਦਸੇ ਦੀ ਦੁਖਦਾਈ ਖ਼ਬਰ ਭਾਰੇ ਦਿਲ ਨਾਲ ਸਾਂਝੀ ਕੀਤੀ। ਇਕ ਕਾਰ ਹਾਦਸੇ ਵਿਚ ਅਮਰੀਕਾ ਵਿਚ ਰਹਿੰਦੇ ਉਹਨਾਂ ਦੇ ਹੋਣਹਾਰ ਦਮਾਦ ਡਾ ਅਮਰਇੰਦਰ ਸਿੰਘ ਸੰਧੂ ਦੀ ਬੇਵਕਤ ਮੌਤ ਹੋ ਗਈ। ਪੂਰੀ ਸਭਾ ਨੇ ਇਕ ਮਿੰਟ ਦਾ ਮੌਨ ਧਾਰ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ।

ਪਹਿਲੇ ਬੁਲਾਰੇ ਤਾਰਿਕ ਮਲਿਕ ਨੇ ਮਸ਼ਹੂਰ ਉਰਦੂ ਸ਼ਾਇਰ ਬਸ਼ੀਰ ਬਦਰ ਦੇ ਕੁਝ ਸ਼ੇਅਰ ਸੁਣਾਏ, ਜਸਵੀਰ ਸਿੰਘ ਸਹੋਤਾ ਨੇ ਅੱਜਕੱਲ ਦੀ ਬਦਲਦੀ ਸੋਚ ਬਾਰੇ ਆਪਣੀ ਕਵਿਤਾ ਪੜ੍ਹੀ, ਸਲਾਹੁਦੀਨ ਸਬਾ ਸ਼ੇਖ਼ ਨੇ ਉਰਦੂ ਵਿਚ ਆਪਣੀਆਂ ਤਿੰਨ ਰਚਨਾਵਾਂ ਸਾਂਝੀਆਂ ਕੀਤੀਆਂ, ਸੁਰਜੀਤ ਸਿੰਘ ਸੀਤਲ 'ਪੰਨੂੰ' ਹੋਰਾਂ ਕੁਝ ਰੁਬਾਇਆਂ ਅਤੇ ਗੁਰਦਿਆਲ ਸਿੰਘ ਖੈਹਰਾ ਨੇ ਗ਼ਮਗੀਨ ਹਾਲਾਤ ਹੋਣ ਦੇ ਬਾਵਜੂਦ ਕੁਝ ਢੁਕਵੇਂ ਸ਼ੇਅਰ ਸੁਣਾਕੇ ਹਾਜ਼ਰੀ ਲਵਾਈ। ਜਸਵੰਤ ਸਿੰਘ ਸੇਖੋਂ ਨੇ ਕਬੱਡੀ ਤੇ ਲਿਖੀ ਤਾਜ਼ੀ ਕਵਿਤਾ ਸੁਣਾਈ। ਸੁਦਰਸ਼ਨ ਵਾਲੀਆ ਨੇ ਦੋ ਖ਼ੂਬਸੂਰਤ ਗ਼ਜ਼ਲਾਂ ਸੁਣਾਈਆਂ। ਸੁਦਰਸ਼ਨ ਵਾਲੀਆ ਦਾ ਨਵਾਂ ਗ਼ਜ਼ਲ ਸੰਗ੍ਰਹਿ 'ਬਿਫਰੇ ਮੌਸਮ' ਰਾਈਟਰਜ਼ ਫੋਰਮ ਕੈਲਗਰੀ ਦੀ ਅਗਲੀ ਇਕਤਰਤਾ ਵਿਚ ਰੀਲੀਜ਼ ਕੀਤਾ ਜਾਵੇਗਾ। ਹਰਚਰਨ ਕੌਰ ਬਾਸੀ ਨੇ ਕਵਿਤਾ 'ਧੀ ਜੰਮੀ' ਸੁਣਾਈ। ਪ੍ਰਭਦੇਵ ਸਿੰਘ ਗਿੱਲ ਨੇ ਸਭਾ ਨੂੰ ਇਕ ਬਹੁਤ ਵਧੀਆ ਸਵਾਲ ਪਾਇਆ ਕਿ ਲੋਕ ਵਡੀ ਉਮਰ ਵਿਚ ਪੰਹੁਚ ਕੇ ਛੋਟਿਆਂ ਨੂੰ ਸਿਖਿਆ ਕਿਉਂ ਦੇਣ ਲਗ ਜਾਂਦੇ ਹਨ? ਜਾਵੇਦ ਨਿਜ਼ਾਮੀ ਨੇ ਦੋ ਗ਼ਜ਼ਲਾਂ ਅਤੇ ਜੱਸ ਚਾਹਲ ਨੇ ਹਿੰਦੀ ਦੀ ਗ਼ਜ਼ਲ ਸੁਣਾਕੇ ਸਾਂਝ ਪਾਈ। ਇਹਨਾਂ ਤੋਂ ਇਲਾਵਾ ਹਰਬੱਖਸ਼ ਸਿੰਘ ਸਰੋਆ, ਸ਼ਿੰਗਾਰਾ ਸਿੰਘ ਪਰਮਾਰ ਅਤੇ ਹਰਪਾਲ ਸਿੰਘ ਬਾਸੀ ਹੋਰਾਂ ਨੇ ਵੀ ਸਭਾ ਦੀ ਰੌਣਕ ਵਧਾਈ।

# ਪੰਜਾਬਣ ਮੁਟਿਆਰਾਂ ਦੇ ਨਾਲ ਮਾਵਾਂ ਨੇ ਵੀ ਨੱਚ ਨੱਚ ਕੇ ਧਰਤੀ ਹਿਲਾਈ



ਕੈਲਗਰੀ (ਨਦਬ) ਕੈਲਗਰੀ ਸਹਿਰ ਦੇ ਪਰੇਰੀਵਿੰਡ ਪਾਰਕ ਵਿੱਚ ਮੇਲਾ ਮਾਵਾਂ ਧੀਆਂ ਦਾ ਮਨਾਇਆ ਗਿਆ। ਛੋਟੀਆਂ ਬੱਚੀਆਂ ਤੋਂ ਲੈਕੇ ਮੁਟਿਆਰਾਂ ਸਮੇਤ ਦਾਦੀਆਂ ਨਾਨੀਆਂ ਵੀ ਸੱਜ ਧੱਜ ਕੇ ਆਈਆਂ ਹੋਈਆਂ ਸਨ। ਬੋਲੀਆਂ ਪਾ ਕੇ ਸੁਰਿੰਦਰ ਲਾਡੀ, ਦਰਸ਼ਨ ਖੇਲਾ, ਗੁਰਦੀਪ ਜੌਹਲ ਵਰਗੇ ਕਲਾਕਾਰ ਸਭ ਨੂੰ ਨਚਾ ਰਹੇ ਸਨ। ਲੇਡੀਜ਼ ਸਿੰਗਰ ਦੇ ਗਰੁਪ ਵਿੱਚੋਂ ਕਮਲਜੀਤ ਕੋਮਲ, ਊਸ਼ਾ ਸਾਗਰ ਤੋਂ ਬਿਨਾਂ ਤਰੰਨਮਪ੍ਰੀਤ ਦੇ ਗੀਤ ਦੇ ਬੋਲ ਸਨ "ਜੇ ਕੁੜੀਆਂ ਜਹਾਨੋਂ ਥੁੜੀਆਂ,ਕੱਖ ਵੀ ਰਹਿਣਾ ਨੀ ਪੱਲੇ" ਪੰਜਾਬੀ ਪਹਿਰਾਵੇ ਦੇ ਮੁਕਾਬਲਿਆਂ ਵਿੱਚੋਂ ਕੁਲਵੰਤ ਕੌਰ ਨਾਂ ਦੀ ਮੁਟਿਆਰ ਨੇ ਮੁੱਖ ਮਹਿਮਾਨ ਰਾਜ਼ ਸ਼ਰਮਨ ਦੇ ਹੱਥੋਂ ਸਨਮਾਨ ਹਾਸਲ ਕੀਤਾ। ਸੰਦਲ ਪ੍ਰੋਡਕਸ਼ਨ ਵੱਲੋਂ ਪੰਜਾਬੀ ਦੀ ਫਿਲਮ "ਦਿਲ ਦਰਿਆ ਸਮੁੰਦਰੋਂ ਡੂੰਘੇ" ਦੀਆਂ ਮੁਫ਼ਤ ਟਿਕਟਾਂ ਹਰ ਬੋਲੀ ਪਾਉਣ ਵਾਲੀ ਮੁਟਿਆਰ ਨੂੰ ਦਿੱਤੀਆਂ ਗਈਆਂ। ਅਖੀਰ ਉੱਤੇ ਮੇਲਾ ਕਮੇਟੀ ਦੇ ਚੇਅਰਮੈਨ ਸੰਤ ਸਿੰਘ ਧਾਲੀਵਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ। ਬ੍ਰਹਮਪ੍ਰਕਾਸ ਲੁੱਡੂ, ਪ੍ਰਮਿੰਦਰਜੀਤ ਰੰਧਾਵਾ, ਕੁਲਜੀਤ ਮਾਨ, ਹਰਵਿੰਦਰ ਮਾਂਗਟ, ਹੈਪੀ ਮਾਨ ਅਤੇ ਪਾਲੀ ਵਿਰਕ ਦੇ ਸਹਿਯੋਗ ਸਦਕੇ ਇਹ ਦੋ ਦਿਨਾਂ ਦਾ ਸੱਭਿਆਚਾਰਕ ਮੇਲਾ ਸੰਪੂਰਨ ਰੂਪ ਵਿੱਚ ਸਿਰੇ ਚੜ੍ਹਿਆ।


**Asian Western Grocery Store**

**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟਨ ਗਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @

780-756-2225
780-660-2061

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

### ਨਿਜਾਮ ਬਦਲਣ ਦੇ ਦਾਅਵੇ ਪਰ...

ਪੰਜਾਬ ਦੀ ਸਿਆਸਤ ਵਿਚ ਮਨਪ੍ਰੀਤ ਸਿੰਘ ਬਾਦਲ ਨੂੰ ਅੱਜ ਜਿਵੇਂ ਦੇਖਿਆ ਪਰਖਿਆ ਜਾ ਰਿਹਾ ਹੈ, ਉਹ ਕਈ ਭਰਮ ਭੁਲੇਖੇ ਪੈਦਾ ਕਰਨ ਵਾਲਾ ਹੈ। ਬਾਦਲ ਪਰਿਵਾਰ ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਕੇ ਜਿਹੜਾ ਰਸਤਾ ਫੜਨ ਦਾ ਦਾਅਵਾ ਮਨਪ੍ਰੀਤ ਸਿੰਘ ਬਾਦਲ ਕਰ ਰਹੇ ਹਨ ਉਹ ਅਖ਼ਬਾਰਾਂ ਵਿਚ ਤਾਂ ਜਚਦਾ ਫਬਦਾ ਹੈ ਪਰ ਅਮਲੀ ਰੂਪ ਵਿਚ ਕਿਧਰੇ ਵੀ ਰੂਪਮਾਨ ਹੁੰਦਾ ਦਿਖਾਈ ਨਹੀਂ ਦੇ ਰਿਹਾ। ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੇ ਪਿੰਡ ਦੀ ਮਿੱਟੀ ਨੂੰ ਮਸਤਕ 'ਤੇ ਲਾ ਕੇ ਨਿਜਾਮ ਬਦਲਣ ਦੇ ਦਾਅਵੇ ਜਿੰਨੇ ਸੁਖਾਲੇ ਹਨ, ਉਨਾਂ ਹੀ ਇਨ੍ਹਾਂ ਦਾਅਵਿਆਂ ਨੂੰ ਆਪਣੇ ਸਿਆਸੀ ਜੀਵਨ ਦਾ ਆਧਾਰ ਬਣਾਉਣਾ ਮੁਸ਼ਕਲ ਹੈ। ਹੋ ਵੀ ਇੰਜ ਹੀ ਰਿਹਾ ਹੈ। ਦਾਅਵੇ ਨਿਜਾਮ ਬਦਲਣ ਦੇ ਹਨ ਪਰ ਸਿਆਸਤ ਸਿਰਫ ਸੱਤਾ ਤਬਦੀਲੀ ਦੀ ਹੈ।

ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦੀ ਸੱਤਾ ਲਾਲਸਾ ਨੇ ਜਿਵੇਂ ਪੰਜਾਬੀਆਂ ਨੂੰ ਰੋਲਿਆ ਹੈ, ਉਸ ਤੋਂ ਹਰ ਜਨ ਸਾਧਾਰਨ ਔਖਾ ਹੀ ਨਹੀਂ ਬਹੁਤ ਦੁਖੀ ਵੀ ਹੈ। ਇਸੇ ਅਕੇਵੇਂ ਅਤੇ ਥਕੇਵੇਂ ਵਿਚੋਂ ਹੀ ਮਨਪ੍ਰੀਤ ਸਿੰਘ ਬਾਦਲ ਨੂੰ ਪੰਜਾਬੀਆਂ ਦੇ ਇਕ ਹਿੱਸੇ ਨੇ ਸਿਰ ਅੱਖਾਂ 'ਤੇ ਬਿਠਾ ਲਿਆ ਹੈ ਪਰ ਜਦੋਂ ਹੁਣ ਇਹੀ ਲੋਕ ਦੇਖ ਰਹੇ ਹਨ ਕਿ ਮਨਪ੍ਰੀਤ ਸਿੰਘ ਬਾਦਲ ਦੇ ਏਜੰਡੇ 'ਤੇ ਵੀ ਪੰਜਾਬੀਆਂ ਅਤੇ ਪੰਜਾਬ ਦੇ ਬੁਨਿਆਦੀ ਮਸਲੇ ਨਾ ਹੋ ਕੇ ਸਿਰਫ ਅਸਥਾਈ ਅਤੇ ਸਨਸਨੀ ਪੈਦਾ ਕਰਨ ਵਾਲੇ ਮੁੱਦੇ ਹੀ ਹਨ ਅਤੇ ਮਨਪ੍ਰੀਤ ਦੇ ਕਾਫਲੇ ਵਿਚ ਵੀ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਦੇ ਕੁਝ ਮੌਕਾ ਪ੍ਰਸਤ ਆਗੂ ਆ ਰਹੇ ਹਨ ਤਾਂ ਇਹੀ ਲੋਕ ਹੁਣ ਨਿਰਾਸ਼ ਵੀ ਹੋਣ ਲੱਗ ਪਏ ਹਨ। ਇਹਨੀਂ ਦਿਨੀਂ ਮਨਪ੍ਰੀਤ ਸਿੰਘ ਬਾਦਲ ਦੇ ਅਮਰੀਕਾ ਅਤੇ ਕਨੇਡਾ ਦੇ ਦੌਰੇ ਦੀ ਵੀ ਬੜੀ ਚਰਚਾ ਹੈ ਤੇ ਆਖਿਆ ਜਾ ਰਿਹਾ ਹੈ ਕਿ ਇਹ ਦੌਰਾ ਬੇਹੱਦ ਸਫ਼ਲ ਰਿਹਾ ਹੈ। ਦਰਅਸਲ ਪ੍ਰਵਾਸੀ ਪੰਜਾਬੀਆਂ ਨੂੰ ਵੀ ਕਾਂਗਰਸ ਪਾਰਟੀ ਅਤੇ ਅਕਾਲੀਆਂ ਤੋਂ ਅਕੇਵਾਂ ਹੈ ਤੇ ਇਸੇ ਲਈ ਉਹ ਮਨਪ੍ਰੀਤ ਦੀਆਂ ਰੈਲੀਆਂ 'ਚ ਵੱਧ ਚੜ੍ਹ ਕੇ ਸ਼ਾਮਲ ਹੋਏ ਹਨ ਪਰ ਰੈਲੀਆਂ ਚ ਭੀੜਾਂ ਹੋਣਾਂ ਹੀ ਕਿਸੇ ਦੀ ਵੀ ਮੁਕੰਮਲ ਸਫਲਤਾ ਨਹੀਂ ਹੁੰਦੀ।

ਪ੍ਰਵਾਸੀ ਭਾਰਤੀਆਂ ਵਿਚੋਂ ਲਗਪਗ 80 ਫੀਸਦੀ ਪੰਜਾਬੀ ਹਨ। ਲਗਾਤਾਰ ਪਛਾੜਾਂ ਖਾਣ ਦੇ ਬਾਵਜੂਦ ਪੰਜਾਬ ਦੀ ਖੁਸ਼ਹਾਲੀ ਪਿੱਛੇ ਪ੍ਰਵਾਸੀ ਪੰਜਾਬੀ ਹਨ। ਪਰ ਇਸ ਖੁਸ਼ਹਾਲੀ ਬਦਲੇ ਪੰਜਾਬ ਦੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਇਨ੍ਹਾਂ ਪ੍ਰਵਾਸੀਆਂ ਲਈ ਭਲਾ ਕੀ ਕੀਤਾ ਹੈ? ਪੰਜਾਬ ਦੇ ਮੁੱਖ ਮੰਤਰੀ ਅਤੇ ਹੋਰ ਮੰਤਰੀ ਲਗਾਤਾਰ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ 'ਚ ਆ ਕੇ ਕਾਰੋਬਾਰ ਲਾਉਣ ਦੇ ਸੱਦੇ ਦਿੰਦੇ ਹਨ, ਪਰ ਕਦੇ ਇਨ੍ਹਾਂ ਪ੍ਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਨੂੰ ਸਮਝਣ, ਇੱਥੋਂ ਤੱਕ ਕਿ ਸੁਣਨ ਦਾ ਵੀ ਕਸ਼ਟ ਨਹੀਂ ਕੀਤਾ ਹੈ। ਪ੍ਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ 'ਤੇ ਭ੍ਰਿਸ਼ਟ ਪੁਲਿਸ ਮਸ਼ੀਨਰੀ ਦੀ ਸਹਾਇਤਾ ਨਾਲ ਕਬਜ਼ੇ ਹੋ ਰਹੇ ਹਨ; ਕੋਈ ਨਹੀਂ ਹੈ ਉਹਨਾਂ ਦੀ ਸੁਣਨ ਵਾਲਾ। ਪ੍ਰਭਾਵਤ ਪ੍ਰਵਾਸੀ ਪੰਜਾਬੀ ਦੋ-ਚਾਰ ਮਹੀਨਿਆਂ ਲਈ ਪੈਰਵੀ ਵਾਸਤੇ ਆਉਂਦੇ ਹਨ; ਪਰ ਜਦ ਕੁਝ ਪਿੜ-ਪੱਲੇ ਨਹੀਂ ਪੈਂਦਾ, ਨਿਰਾਸ਼ ਹੋ ਕੇ ਸਦਾ ਲਈ ਵਾਪਸ ਚਲੇ ਜਾਂਦੇ ਹਨ। ਵਿਆਹਾਂ ਸ਼ਾਦੀਆਂ ਦਾ ਇਕ ਪੂਰਾ ਜਾਲ ਤੰਤਰ ਸਰਗਰਮ ਹੈ। ਸਰਕਾਰ ਅਤੇ ਸਬੰਧਤ ਪੁਲਿਸ ਮਸ਼ੀਨਰੀ ਇੱਥੇ ਵੀ ਹੱਥ 'ਤੇ ਹੱਥ ਧਰ ਕੇ ਬੈਠੀ ਦਿਖਾਈ ਦਿੰਦੀ ਹੈ। ਇਹ ਤਾਂ ਮੋਟੇ ਮਸਲੇ ਹਨ। ਪ੍ਰਵਾਸੀ ਪੰਜਾਬੀਆਂ ਦੇ ਹੋਰ ਦਰਜਨਾਂ ਮਸਲੇ ਹਨ; ਜਿਨ੍ਹਾਂ ਵੱਲ ਕਿਸੇ ਦੀ ਕੋਈ ਤਵੱਜੋਂ ਨਹੀਂ। ਬੱਸ ਜੇ ਕਿਤੇ ਨਜ਼ਰ ਹੈ ਤਾਂ ਉਹ ਹੈ ਪ੍ਰਵਾਸੀਆਂ ਦੀਆਂ ਜੇਬ੍ਹਾਂ 'ਤੇ।

ਇਹਨਾਂ ਹਾਲਾਤ ਦੇ ਚਲਦਿਆਂ ਹੀ ਮਨਪ੍ਰੀਤ ਬਾਦਲ ਦੇ ਅਮਰੀਕਾ-ਕਨੇਡਾ ਦੇ ਦੌਰੇ ਅਤੇ ਭਾਸ਼ਣਾਂ ਨੂੰ ਨਿਰਖਿਆ ਪਰਖਿਆ ਜਾਣਾ ਚਾਹੀਦਾ ਹੈ ਤੇ ਜੋ ਖ਼ਬਰਾਂ ਆ ਰਹੀਆਂ ਹਨ ਉਹਨਾਂ ਮੁਤਾਬਕ ਮਨਪ੍ਰੀਤ ਦੇ ਮੁੱਦਾ ਵਿਹੂਣੇ ਤੇ ਨਿਰੋਲ ਜਜ਼ਬਾਤੀ ਭਾਸ਼ਣਾਂ ਨੇ ਪ੍ਰਵਾਸੀ ਪੰਜਾਬੀਆਂ ਦੇ ਇਕ ਵੱਡੇ ਹਿੱਸੇ ਨੂੰ ਨਿਰਾਸ਼ ਹੀ ਕੀਤਾ ਹੈ।

ਚਲੋ ਨਿਜਾਮ ਬਦਲਣ ਦੀ ਗੱਲ ਛੱਡ ਕੇ ਜੇ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਸਿਰਫ਼ ਸਤਾ ਗਠਜੋੜ ਦੀ ਹੀ ਗੱਲ ਕਰਨੀ ਹੋਵੇ ਤਾਂ ਮਨਪ੍ਰੀਤ ਬਾਦਲ ਨੇ ਸੀ.ਪੀ.ਆਈ ਅਤੇ ਸੀ ਪੀ ਆਈ ਐਮ ਮਿਲ ਕੇ ਇਹ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਹੈ। ਪਰ ਅਹਿਮ ਸਵਾਲ ਇਹ ਹੈ ਕਿ ਕੀ ਏਨੇ ਨਾਲ ਹੀ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਪਾਰਟੀ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ? ਲੋੜ ਹੋਰਨਾਂ ਖੱਬੀਆਂ ਪਾਰਟੀਆਂ ਦੇ ਨਾਲ-ਨਾਲ ਕੁਝ ਹੋਰ ਅਕਾਲੀ-ਭਾਜਪਾ ਤੇ ਕਾਂਗਰਸ ਪਾਰਟੀ ਵਿਰੋਧੀ ਧਿਰਾਂ ਨੂੰ ਨਾਲ ਜੋੜਨ ਦੀ ਹੈ। ਇਨ੍ਹਾਂ ਨਾਲ ਮੋਰਚਾ ਬਣਾ ਕੇ ਚੋਣ ਮੈਦਾਨ ਵਿਚ ਉਤਰਨ ਲਈ ਜ਼ਰੂਰੀ ਹੈ ਕਿ ਸਾਂਝਾ ਘੱਟੋ-ਘੱਟ ਪ੍ਰੋਗਰਾਮ ਬਣਾ ਕੇ ਯਤਨ ਕੀਤੇ ਜਾਣ, ਤਾਂ ਇਹ ਇਸ ਜਮਹੂਰੀ ਮੋਰਚੇ ਦਾ ਪੰਜਾਬ ਵਿਚ ਕੋਈ ਮੂੰਹ-ਮੱਥਾ ਬਣ ਸਕੇਗਾ। ਜੇਕਰ ਸੱਚਮੁੱਚ ਹੀ ਪੰਜਾਬ ਵਿਚ ਇਕ ਸਾਂਝਾ ਮੰਚ ਉਸਰਨ ਦੀਆਂ ਸੰਭਾਵਨਾਵਾਂ ਬਣ ਜਾਣ ਤਾਂ ਇਸ ਮੰਚ ਵਿਚ ਬਹੁਜਨ ਸਮਾਜ ਪਾਰਟੀ ਅਤੇ ਬਸਪਾ ਤੋਂ ਵੱਖ ਹੋਏ ਹੋਰਨਾਂ ਧੜਿਆਂ ਨੂੰ ਵੀ ਸ਼ਾਮਲ ਕਰਨ ਦੇ ਉਚੇਚੇ ਯਤਨ ਕਰਨ ਦੀ ਲੋੜ ਹੈ। ਉਂਜ ਪੰਜਾਬ ਵਿਚ ਇਕ ਹੋਰ ਮੋਰਚਾ ਉਸਾਰਨ ਦੀਆਂ ਗੱਲਾਂ ਵੀ ਕੀਤੀਆਂ ਜਾ ਰਹੀਆਂ ਹਨ। ਇਹ ਮੋਰਚਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸ਼੍ਰੋਮਣੀ ਅਕਾਲੀ ਦਲ (1920) ਅਤੇ ਲੌਂਗੋਵਾਲ ਅਕਾਲੀ ਦਲ ਵਲੋਂ ਉਸਾਰੇ ਜਾਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸ ਮੋਰਚੇ ਵਿਚ ਸ਼ਾਮਲ ਲਗਭਗ ਸਾਰੀਆਂ ਹੀ ਪਾਰਟੀਆਂ ਦੇ ਜਮਾਤੀ ਖਾਸੇ ਵਿਚ ਕੋਈ ਅੰਤਰ ਨਹੀਂ ਹੈ। ਸੱਚੀ ਗੱਲ ਇਹ ਹੈ ਕਿ ਇਸ ਮੋਰਚੇ ਵਿਚ ਸ਼ਾਮਲ ਲਗਭਗ ਸਾਰੀਆਂ ਹੀ ਪਾਰਟੀਆਂ ਦਾ ਇਕ ਸੂਤਰੀ ਏਜੰਡਾ ਸ਼੍ਰੋਮਣੀ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਉਣਾ ਹੈ। ਇਸ ਲਿਹਾਜ ਨਾਲ ਇਹ ਪਾਰਟੀਆਂ ਕਾਂਗਰਸ ਦੀ ਬੀ ਟੀਮ ਵਜੋਂ ਹੀ ਸਾਹਮਣੇ ਆਉਂਦੀਆਂ ਹਨ। ਲੋਕ ਭਲਾਈ ਪਾਰਟੀ ਦੀ ਮਣਸ਼ਾ ਥੋੜੀ ਵੱਖਰੀ ਹੈ। ਲੋਕ ਭਲਾਈ ਪਾਰਟੀ ਆਪਣਾ ਵੱਧ ਤੋਂ ਵੱਧ ਪ੍ਰਭਾਵ ਬਣਾ ਕੇ ਚੋਣਾਂ ਵਿਚ ਇਸ ਵਾਰ ਅਕਾਲੀ ਦਲ ਤੋਂ ਕੁਝ ਸੀਟਾਂ ਹਾਸਲ ਕਰਨ ਦੇ ਆਹਰ ਵਿਚ ਹੈ।

ਪੰਜਾਬ ਦੀਆਂ ਇਹਨਾਂ ਮੌਜੂਦਾ ਸਿਆਸੀ, ਸਮਾਜਕ ਅਤੇ ਆਰਥਕ ਅਵਸਥਾਵਾਂ ਵਿਚ ਪੰਜਾਬ ਦੀ ਬਾਂਹ ਫੜਨ ਦੀ ਜਰੂਰਤ ਹੈ ਪਰ ਦੋਵਾਂ ਪ੍ਰਮੁੱਖ ਸਿਆਸੀ ਧਿਰਾਂ ਦੀਆਂ ਅੱਖਾਂ ਵਿਚ ਸਿਰਫ਼ ਕੁਰਸੀ ਹੀ ਨੱਚਦੀ ਹੈ, ਰੋਂਦੇ ਕੁਰਲਾਉਂਦੇ ਜ਼ਿੰਦਗੀ ਘਸੀਟ ਰਹੇ ਲੋਕ ਉਨ੍ਹਾਂ ਲਈ ਕੋਈ ਅਹਿਮੀਅਤ ਨਹੀਂ ਰੱਖਦੇ। ਇਨ੍ਹਾਂ ਹਾਲਤਾਂ ਵਿਚ ਕੋਈ ਤਾਂ ਹੋਵੇ ਜੋ ਪੰਜਾਬੀਆਂ ਦੀ ਸਾਰ ਲਵੇ।

ਪੰਜਾਬ ਨੂੰ ਸਿਰਫ ਚੋਣਾਂ ਦੌਰਾਨ ਹੀ ਨਹੀਂ ਚੋਣਾਂ ਤੋਂ ਬਾਅਦ ਵੀ ਇਕ ਸਿਆਸੀ ਬਦਲ ਚਾਹੀਦਾ ਹੈ, ਜਿਹੜਾ ਸੱਚਮੁਚ ਹੀ ਲੁਕਾਈ ਦੇ ਦੁੱਖਾਂ ਦਰਦਾਂ ਦਾ ਖ਼ਿਆਲ ਹੋਵੇ। ਮਨਪ੍ਰੀਤ ਸਿੰਘ ਬਾਦਲ ਕੋਲ ਅਜਿਹਾ ਕੋਈ ਨਕਸ਼ਾ ਹੈ? ਇਹਦੇ 'ਤੇ ਹਾਲੇ ਸ਼ੱਕ ਹੈ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ — ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

# ਅੰਨਾ ਅੰਦੋਲਨ ਦੇ ਕੁਝ ਅਹਿਮ ਪੱਖ



ਪ੍ਰੋ. ਰਾਕੇਸ਼ ਰਮਨ
raman.mlp@gmail.com

ਸਮਾਜ ਸੇਵੀ ਅੰਨਾ ਹਜ਼ਾਰੇ ਦਾ ਅੰਦੋਲਨ ਭਾਰਤ ਦੇ ਸਮਾਜਕ ਤੇ ਰਾਜਨੀਤਕ ਇਤਿਹਾਸ ਉਪਰ ਆਪਣੀ ਛਾਪ ਛੱਡਣ ਵਿਚ ਸਫਲ ਰਿਹਾ ਹੈ। ਨਿਰਸੰਦੇਹ, ਇਹ ਅੰਦੋਲਨ ਮੱਧ ਵਰਗ ਦੇ ਭਾਵੁਕ ਹੁੰਗਾਰੇ ਉਪਰ ਉਸਾਰਿਆ ਗਿਆ ਅਤੇ ਇਸ ਦੀ ਮੀਡੀਆ ਮੈਨੇਜਮੈਂਟ ਨੇ ਇਸ ਦੇ ਅਰੰਭਲੇ ਪ੍ਰਭਾਵ ਨੂੰ ਨਾ ਕੇਵਲ ਬਣਾਈ ਰੱਖਿਆ, ਸਗੋਂ ਹਰ ਆਏ ਦਿਨ ਇਸ ਦੀ ਤੀਬਰਤਾ ਨੂੰ ਵਧਾਇਆ ਤੇ ਆਪਣੇ ਨਿਸ਼ਾਨੇ ਵਲ ਵਧੇਰੇ ਇਕਾਗਰਤਾ ਨਾਲ ਸਾਧਿਆ। ਅਸੀਂ ਜਾਣਦੇ ਹਾਂ ਕਿ ਮੱਧ ਵਰਗੀ ਹੁੰਗਾਰਾ ਵਧੇਰੇ ਟਿਕਾਊ ਅਤੇ ਅੰਤਮ ਰੂਪ ਵਿਚ ਨਿਰਭਰ ਕਰਨ ਯੋਗ ਨਹੀਂ ਹੁੰਦਾ, ਪ੍ਰੰਤੂ ਅੰਨਾ ਅੰਦੋਲਨ ਨੇ ਕ੍ਰਿਸ਼ਮਾ ਕਰ ਵਿਖਾਇਆ ਤੇ ਮੱਧ ਵਰਗੀ ਮਾਨਸਿਕਤਾ ਨੂੰ ਸਕਾਰਾਤਮਕ ਢੰਗ ਨਾਲ ਆਪਦੀ ਗ੍ਰਿਫਤ ਵਿਚ ਲਈ ਰਖਿਆ। ਹਰ ਦਿਨ ਇਸ ਅੰਦੋਲਨ ਦੀ ਪ੍ਰਗਤੀ ਵਿਚ ਵਾਧਾ ਹੀ ਦਰਜ ਕੀਤਾ ਗਿਆ। ਅਜੇ ਪੂਰਨ ਭਰੋਸੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਲੋਕਪਾਲ ਕਿਸ ਰੂਪ ਵਿਚ ਕਾਨੂੰਨ ਬਣੇਗਾ। ਪਰ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਲੋਕਪਾਲ ਬਿਲ ਜ਼ਰੂਰ ਕਾਨੂੰਨ ਦੀ ਸ਼ਕਲ ਲਵੇਗਾ ਅਤੇ ਅਜਿਹਾ ਵਧੇਰੇ ਕਰ ਕੇ ਅੰਨਾ ਅੰਦੋਲਨ ਦੇ ਦਬਾਅ ਦਾ ਹੀ ਨਤੀਜਾ ਹੋਵੇਗਾ। ਅੰਨਾ ਅੰਦੋਲਨ ਦੇ ਕੁੱਝ ਵਿਸ਼ੇਸ਼ ਤੇ ਅਹਿਮ ਪੱਖ ਇਸ ਨੂੰ ਇਸ ਦੀ ਸਫਲਤਾ ਵੱਲ ਲੈ ਗਏ। ਸਰਕਾਰ ਦੁਆਰਾ ਅੰਨਾ ਦੀਆਂ ਮੰਗਾਂ ਅੱਗੇ ਝੁਕਣ ਤੋਂ ਪਹਿਲਾਂ ਹੀ ਲਗਭਗ ਸਵੀਕਾਰ ਕਰ ਲਿਆ ਗਿਆ ਹੈ ਕਿ ਇਹ ਅੰਦੋਲਨ ਇਕ ਕਾਮਯਾਬ ਕੌਮੀ ਅੰਦੋਲਨ ਹੈ। ਆਖ਼ਰ ਇਸ ਅੰਦੋਲਨ ਦੇ ਉਹ ਕਿਹੜੇ ਪੱਖ ਹਨ ਜਿਨ੍ਹਾਂ ਨੇ ਇਸ ਦੀ ਸਫਲਤਾ ਲਈ ਮਜ਼ਬੂਤ ਆਧਾਰ ਪ੍ਰਦਾਨ ਕੀਤਾ।

ਅੰਨਾ ਅੰਦੋਲਨ ਦੀ ਸਫਲਤਾ ਦਾ ਸਭ ਤੋਂ ਅਹਿਮ ਪੱਖ ਇਸ ਦਾ ਕੌਮੀ ਸਰੂਪ ਹੈ। ਇਸ ਅੰਦੋਲਨ ਦੇ ਆਗੂਆਂ ਨੇ ਭਾਰਤ ਦੇ ਅੰਦੋਲਨਕਾਰੀ ਵਿਰਸੇ ਦੀ ਰੂਹ ਨੂੰ ਪਛਾਨਣ ਵਿਚ ਕੋਈ ਗਲਤੀ ਨਹੀਂ ਕੀਤੀ। ਦੇਸ਼ ਦਾ ਇਤਿਹਾਸ ਗਵਾਹ ਹੈ ਕਿ ਸਾਡੇ ਉਹ ਅੰਦੋਲਨ ਹੀ ਸਫਲ ਹੋਏ ਹਨ ਜਿਨ੍ਹਾਂ ਵਿਚ ਹਰ ਫਿਰਦੇ ਕੇ ਲੋਕਾਂ ਨੇ ਸਾਰੇ ਮਤਭੇਦ ਤੇ ਗਿਲੇ ਸ਼ਿਕਵੇ ਮਿਟਾ ਕੇ ਸ਼ਮੂਲੀਅਤ ਕੀਤੀ। ਜਿਨ੍ਹਾਂ ਅੰਦੋਲਨਾਂ ਵਿਚ ਸਭ ਧਰਮਾਂ, ਸਭ ਫਿਰਕਿਆਂ, ਸਭ ਸਭਿਆਚਾਰਕ ਸਮੂਹਾਂ ਨੇ ਅਸਧਾਰਣ ਏਕਤਾ ਦਾ ਸਬੂਤ ਦਿਤਾ, ਉਹ ਅੰਦੋਲਨ ਸਹਿਜੇ ਹੀ ਮਜ਼ਬੂਤ ਹੋ ਗਏ ਤੇ ਜਿਹੜੇ ਅੰਦੋਲਨਾਂ ਵਿਚ ਇਹ ਏਕਤਾ ਕਾਇਮ ਨਾ ਹੋ ਸਕੀ ਉਹ ਆਮ ਕਰ ਕੇ ਅਸਫਲ ਹੀ ਰਹੇ। ਅੰਦੋਲਨ-ਵਿਰੋਧੀ ਸ਼ਕਤੀਆਂ ਨੇ ਵੀ ਜਦ ਕਿਸੇ ਅੰਦੋਲਨ ਨੂੰ ਅਸਫਲ ਬਣਾਉਣ ਦਾ ਇਰਾਦਾ ਧਾਰਿਆ ਤਾਂ ਇਸ ਵਿਚ ਫੁੱਟ ਪੈਦਾ ਕਰਨ ਦੀ ਜੁਗਤ ਦਾ ਸਹਾਰਾ ਸਭ ਤੋਂ ਪਹਿਲਾਂ ਲਿਆ ਗਿਆ। ਅਜਿਹੀ ਸਥਿਤੀ ਵਿਚ ਅੰਦੋਲਨਕਾਰੀ ਲੋਕ ਦੁਸ਼ਮਣਾਂ ਨਾਲ ਘੱਟ ਤੇ ਆਪਸ ਵਿਚ ਵੱਧ ਲੜਦੇ ਹਨ। ਫਲਸਰੂਪ ਸੰਘਰਸ਼ ਕਮਜ਼ੋਰ ਪੈ ਜਾਂਦਾ ਹੈ। ਅੰਨਾ ਅੰਦੋਲਨ ਵਿਚ ਬੜੀ ਸਾਵਧਾਨੀ ਨਾਲ ਇਸ ਨੂੰ ਫਿਰਕੂ ਸ਼ਕਤੀਆਂ ਦੀ ਘੁਸਪੈਠ ਤੋਂ ਬਚਾਇਆ ਗਿਆ। ਮੰਚ ਉਪਰ ਰਾਸ਼ਟਰੀ ਏਕਤਾ ਦੇ ਪ੍ਰਤੀਕ ਨਾਅਰੇ ਗੂੰਜਦੇ ਰਹੇ ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਦੀ ਗੂੰਜ ਵੀ ਘਰ ਘਰ ਪੁਚਾਈ ਗਈ, ਜਿਸ ਨਾਅਰੇ ਦਾ ਅਰਥ ਹੀ ਵਿਵਸਥਾ ਪਰਿਵਰਤਨ ਹੈ। ਬਰਤਾਨਵੀ ਹਕੂਮਤ ਨੂੰ ਚੁਣੌਤੀ ਦੇਣ ਵਾਲਾ ਇਹ ਨਾਅਰਾ ਜੋਸ਼ੀਲਾ ਤਾਂ ਹੈ ਹੀ ਨਾਲ ਹੀ ਮਹਾਨ ਇਨਕਲਾਬੀਆਂ ਦੀ ਯਾਦ ਵੀ ਦੁਆਉਂਦਾ ਹੈ ਤੇ ਸਮਾਜ ਲਈ ਕੁਝ ਕਰਨ ਦੀ ਪ੍ਰੇਰਨਾ ਵੀ ਦਿੰਦਾ ਹੈ।

ਅੰਨਾ ਅੰਦੋਲਨ ਦਾ ਦੇਸ਼ ਭਗਤੀ ਦੇ ਰੰਗ ਵਿਚ ਰੰਗੇ ਹੋਣਾ ਵੀ ਬੜਾ ਅਹਿਮ ਸਾਬਤ ਹੋਇਆ। ਭਾਵੇਂ ਅੱਜ ਵਿਸ਼ਵੀਕਰਨ ਦਾ ਯੁੱਗ ਹੈ। ਪ੍ਰੰਤੂ ਫਿਰ ਵੀ ਦੇਸ਼ ਭਗਤੀ ਦਾ ਜਜ਼ਬਾ ਲੋਕ ਅਵਚੇਤਨ ਦਾ ਅਨਿੱਖੜ ਅੰਗ ਬਣਿਆ ਹੋਇਆ ਹੈ। ਅੰਨਾ ਅੰਦੋਲਨ ਨੇ ਇਹ ਪ੍ਰਭਾਵ ਦੇਣ ਦਾ ਸੁਚੇਤ ਉਪਰਾਲਾ ਕੀਤਾ ਕਿ ਅੰਦੋਲਨਕਾਰੀ 'ਭ੍ਰਿਸ਼ਟਾਚਾਰ' ਵਿਰੁਧ ਉਵੇਂ ਹੀ ਲੜ ਰਹੇ ਹਨ, ਜਿਵੇਂ ਕਿਸੇ ਹਮਲਾਵਰ ਦੁਸ਼ਮਣ ਦੇਸ਼ ਨਾਲ ਲੜਾਈ ਲੜੀ ਜਾਣੀ ਚਾਹੀਦੀ ਹੈ। ਦੇਸ਼ ਭਗਤੀ ਦੇ ਇਸ ਰੰਗ ਦਾ ਸੋਮਾ ਵੀ ਅਸਲ ਵਿਚ ਸਾਡਾ ਸੁਤੰਤਰਤਾ ਸੰਗਰਾਮ ਦਾ ਸ਼ਾਨਦਾਰ ਵਿਰਸਾ ਹੀ ਸੀ। ਭਾਵੇਂ ਅੰਨਾ ਅੰਦੋਲਨ ਦੀ ਬਾਹਰੀ ਦਿਖ ਵੱਡੀ ਹੱਦ ਤਕ ਗਾਂਧੀਵਾਦੀ ਹੀ ਬਣੀ ਰਹੀ, ਪਰ ਸੁਤੰਤਰਤਾ ਸੰਗਰਾਮ ਦੇ ਅਮਰ ਸ਼ਹੀਦਾਂ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ, ਨੇਤਾ ਜੀ ਸੁਭਾਸ਼ ਚੰਦਰ ਬੋਸ ਆਦਿ ਦੇ ਸੰਘਰਸ਼ ਦੀ ਵੀ ਗੂੰਜ ਇਸ ਵਿਚੋਂ ਰਹਿ ਰਹਿ ਕੇ ਸੁਣਾਈ ਦਿਤੀ। ਇਨ੍ਹਾਂ ਗੂੰਜਾਂ ਨੇ ਇਹ ਵੀ ਸਾਬਤ ਕਰ ਦਿਤਾ ਹੈ ਕਿ ਫਿਰਕੂ ਨਾਅਰੇ ਹੁਣ ਲੋਕਾਂ ਨੂੰ ਕਾਟ ਨਹੀਂ ਕਰਦੇ ਅਤੇ ਇਹ ਨਾਅਰੇ ਹਾਸ਼ੀਏ 'ਤੇ ਚਲੇ ਗਏ ਹਨ। ਅੰਨਾ ਅੰਦੋਲਨ ਨੇ ਸਰਕਾਰ ਨੂੰ ਇਕ ਵੀ ਮੌਕਾ ਨਹੀਂ ਦਿਤਾ ਕਿ ਇਸ ਦੇ ਇਖਲਾਕੀ ਮੁੱਲ ਵੱਲ ਉਂਗਲ ਵੀ ਉਠ ਸਕੇ।

ਅੰਨਾ ਅੰਦੋਲਨ ਵਿਚ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਕਿ ਇਹ ਜੇ.ਪੀ. ਅੰਦੋਲਨ ਦਾ ਦੁਹਰਾਉ ਹੀ ਨਾ ਬਣ ਕੇ ਰਹਿ ਜਾਵੇ। ਜੇ.ਪੀ. ਅੰਦੋਲਨ ਵਿਚ ਸਾਰਾ ਜ਼ੋਰ ਇਕ ਪਾਰਟੀ ਵਿਸ਼ੇਸ਼ ਦੀ ਸਰਕਾਰ ਨੂੰ ਉਖਾੜ ਸੁੱਟਣ ਉਪਰ ਲਗਾਇਆ ਗਿਆ। ਇਹ ਮਕਸਦ ਤਾਂ ਪੂਰਾ ਹੋ ਗਿਆ ਪਰ ਇਸ ਨੇ ਸਿਆਸੀ ਜਗ੍ਹਾ ਜੋ ਕਾਂਗਰਸ ਪਾਰਟੀ ਦਾ ਜਨ ਆਧਾਰ ਖੁੱਸਣ ਨਾਲ ਪੈਦਾ ਹੋਈ, ਸਿਆਸੀ ਮੌਕਾਪ੍ਰਸਤਾਂ ਨੂੰ ਮੁਹੱਈਆ ਕਰਵਾ ਦਿਤੀ। ਸਵਾਮੀ ਅਗਨੀਵੇਸ਼ ਦੇ ਇਕ ਕਥਨ ਅਨੁਸਾਰ, ''ਜੇ.ਪੀ. ਅੰਦੋਲਨ ਦੇ ਫਲਸਰੂਪ 'ਜਨਤਾ' ਅੱਗੇ ਆਉਣੀ ਚਾਹੀਦੀ ਸੀ ਪਰ ਆ ਗਈ 'ਜਨਤਾ ਪਾਰਟੀ'।'' ਬਾਅਦ ਵਿਚ ਜੋ ਕੁਝ ਵਾਪਰਿਆ, ਜਿਨ੍ਹਾਂ ਮੌਕਾਪ੍ਰਸਤਾਂ ਦੇ ਹੱਥ ਹਕੂਮਤ ਆਈ, ਉਨ੍ਹਾਂ ਨੇ ਵੀ ਆਮ ਜਨਤਾ ਨੂੰ ਘੱਟ ਨਿਰਾਸ਼ ਨਹੀਂ ਕੀਤਾ। ਅੰਨਾ ਅੰਦੋਲਨ ਦਾ ਮੁੱਖ ਮੁੱਦਾ ਭ੍ਰਿਸ਼ਟਾਚਾਰ ਦੇ ਅਧਾਰਭੂਤ ਢਾਂਚੇ ਦੀ ਤਬਦੀਲੀ ਹੀ ਰਿਹਾ। ਇਸ ਨੇ ਰਾਜਸੀ ਮੌਕਾਪ੍ਰਸਤਾਂ ਨੂੰ ਆਪਣੇ ਆਸ ਪਾਸ ਫਟਕਣ ਵੀ ਨਹੀਂ ਦਿਤਾ। ਅੰਨਾ ਅੰਦੋਲਨ ਦੀ ਇਸ ਸਿਫਤ ਨੇ ਨਾ ਕੇਵਲ ਦੇਸ਼ਵਾਸੀਆਂ ਦਾ ਦਿਲ ਹੀ ਜਿੱਤਿਆ, ਸਗੋਂ ਸਹੀ ਸੋਚ ਵਾਲੇ ਸਿਆਸਤਦਾਨਾਂ ਨੂੰ ਆਪਣੀਆਂ ਪਾਰਟੀਆਂ ਦੀਆਂ ਸੀਮਾਵਾਂ ਤੋਂ ਬਾਹਰ ਹੋ ਕੇ ਸੋਚਣ ਲਈ ਵੀ ਮਜਬੂਰ ਕਰ ਦਿਤਾ, ਇਥੋਂ ਤਕ ਕਿ ਕਾਂਗਰਸ ਪਾਰਟੀ ਅੰਦਰ ਵੀ ਅੰਨਾ ਸਮਰਥਕਾਂ ਦਾ ਇਕ ਗੁੱਟ ਪੈਦਾ ਹੋ ਗਿਆ।

ਅੰਨਾ ਅੰਦੋਲਨ ਦੀ ਵੰਗਾਰ ਨੂੰ ਇਸ ਦੇ ਠੋਸ ਤੇ ਲੋਕ ਪੱਖੀ ਏਜੰਡੇ ਨੇ ਵੀ ਮਜ਼ਬੂਤ ਆਧਾਰ ਪ੍ਰਦਾਨ ਕੀਤਾ। ਇਸ ਦੇ ਆਗੂਆਂ ਨੇ ਸਭ ਦਾ ਧਿਆਨ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਹੀ ਕੇਂਦਰਤ ਕਰੀ ਰੱਖਿਆ। ਆਪਣੇ ਏਜੰਡੇ ਬਾਰੇ ਨਾ ਤਾਂ ਉਨ੍ਹਾਂ ਨੇ ਕੋਈ ਭੁਲੇਖਾ ਹੀ ਪੈਦਾ ਹੋਣ ਦਿਤਾ ਅਤੇ ਨਾ ਹੀ ਇਸ ਨੂੰ ਹਾਈਜੈਕ ਹੋਣ ਦਿਤਾ। ਭ੍ਰਿਸ਼ਟਾਚਾਰ ਦੀ ਸਮੁੱਚੀ ਮਸ਼ੀਨਰੀ ਬਾਰੇ ਲੋਕਾਂ ਅੰਦਰ ਜਾਗ੍ਰਿਤੀ ਪੈਦਾ ਕੀਤੀ। ਲੋਕਾਂ ਨੂੰ ਸਮਝਾਇਆ ਕਿ ਭ੍ਰਿਸ਼ਟਾਚਾਰੀ ਸਿਰਫ ਸਰਕਾਰ ਨੂੰ ਚੂਨਾ ਲਗਾ ਰਹੇ ਨਾ ਸਮਝੇ ਜਾਣ। ਉਹ ਤਾਂ ਸਗੋਂ ਜਨਤਾ ਦੇ ਧਨ ਦੀ ਅੰਨ੍ਹੀ ਲੁੱਟ ਕਰ ਰਹੇ ਹਨ। ਇਹ ਧਨ ਲੋਕਾਂ ਤੋਂ ਇਕੱਤਰ ਕੀਤਾ ਜਾਂਦਾ ਹੈ ਤੇ ਲੋਕਾਂ ਦੇ ਵਿਕਾਸ ਲਈ ਖ਼ਰਚ ਕਰਨਾ ਚਾਹੀਦਾ ਹੈ, ਪ੍ਰੰਤੂ ਇਸ ਦਾ ਵੱਡਾ ਹਿੱਸਾ ਸੱਤਾਧਾਰੀ ਸਿਆਸਤਦਾਨ ਅਤੇ ਨੌਕਰਸ਼ਾਹੀ ਰਲ ਕੇ ਹੜੱਪ ਜਾਂਦੀ ਹੈ ਤੇ ਇਹ ਭ੍ਰਿਸ਼ਟ ਮਸ਼ੀਨਰੀ ਉਪਰ ਤੋਂ ਲੈ ਕੇ ਹੇਠਾਂ ਤਕ ਭ੍ਰਿਸ਼ਟਾਚਾਰ ਕਰਨ ਲਈ ਇਕਸਾਰ ਰੂਪ ਵਿਚ ਕ੍ਰਿਆਸ਼ੀਲ ਰਹਿੰਦੀ ਹੈ। ਸਮਾਜ ਸੇਵੀ ਅੰਨਾ ਹਜ਼ਾਰੇ ਦੀ ਦ੍ਰਿੜਤਾ ਤੇ ਲਗਨ ਨੇ ਵੀ ਅੰਦੋਲਨ ਵਿਚ ਰੂਹ ਫੂਕੀ ਰੱਖੀ। ਅੰਦੋਲਨ ਆਪਣੀ ਸਫਲਤਾ ਲਈ ਕੁਰਬਾਨੀ ਦੀ ਮੰਗ ਕਰਦਾ ਹੈ ਅਤੇ ਅੰਦੋਲਨ ਦੌਰਾਨ ਅੰਨਾ ਹਜ਼ਾਰੇ ਕੁਰਬਾਨੀ ਦੀ ਇਕ ਪ੍ਰੇਰਨਾਦਾਇਕ ਮਿਸਾਲ ਕਾਇਮ ਕਰਨ ਤੋਂ ਬਿਲਕੁਲ ਉੱਕੇ ਨਹੀਂ।



# ਤੁਰ ਗਿਆ ਹਾਸ਼ੀਆਗ੍ਰਸਤ ਲੋਕਾਂ ਦਾ ਮਸੀਹਾ ਜੈਕ ਲੇਟਨ

ਨੈਸ਼ਨਲ ਡੈਮੋਕਰੇਟਿਕ ਪਾਰਟੀ ਦੇ ਮਹਿਬੂਬ ਨੇਤਾ ਜੈਕ ਲੇਟਿਨ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਪਿਛਲੀਆਂ ਪਾਰਲੀਮਾਨੀ ਚੋਣਾਂ ਵਿਚ ਉਨ੍ਹਾਂ ਦੀ ਮਿਕਨਾਤੀਸ਼ੀ ਤੇ ਦ੍ਰਿਸ਼ਟੀਮੂਲਕ ਅਗਵਾਈ ਵਿਚ ਨੈਸ਼ਨਲ ਡੈਮੋਕਰੇਟਿਕ ਪਾਰਟੀ ਨੇ ਨਾ ਕੇਵਲ ਨਵਾਂ ਇਤਿਹਾਸ ਹੀ ਸਿਰਜਿਆ ਸਗੋਂ ਕੈਨੇਡਾ ਦੇ ਸਿਆਸੀ ਇਤਿਹਾਸ ਦੀ ਨਵੀਂ ਦਿਸ਼ਾ ਵੀ ਨਿਰਧਾਰਤ ਕਰ ਦਿੱਤੀ। ਉਹ ਆਖ਼ਰੀ ਸਾਹਾਂ ਤੱਕ ਆਪਣੀ ਪਾਰਟੀ ਨੂੰ ਸਮਰਪਿਤ ਰਹੇ ਅਤੇ ਆਪਣੀ ਭਿਆਨਕ ਬਿਮਾਰੀ ਦੇ ਬਾਵਜੂਦ ਪਾਰਟੀ ਦੇ ਵੱਖ ਵੱਖ ਪਹਿਲੂਆਂ ਅਤੇ ਇਸ ਦੇ ਭਵਿੱਖ ਨੂੰ ਗੰਭੀਰਤਾ ਨਾਲ ਵਿਚਾਰਦੇ ਰਹੇ। ਉਨ੍ਹਾਂ ਵਲੋਂ ਕੈਨੇਡਾ ਵਾਸੀਆਂ ਨੂੰ ਸੰਬੋਧਨ ਕਰਕੇ ਲਿਖਿਆ ਉਨ੍ਹਾਂ ਦਾ ਆਖ਼ਰੀ ਖ਼ਤ ਇਹੋ ਪ੍ਰਗਟਾਵਾ ਕਰਦਾ ਹੈ ਕਿ ਉਹ ਕੈਨੇਡਾ ਵਾਸੀਆਂ ਵਲੋਂ ਉਨ੍ਹਾਂ ਪ੍ਰਤੀ ਪ੍ਰਗਟਾਏ ਗਏ ਭਰੋਸੇ ਕਾਰਨ ਹੋਰ ਵੀ ਗੰਭੀਰ ਅਤੇ ਦ੍ਰਿੜ ਹੋ ਗਏ ਸਨ,- "ਹਜ਼ਾਰਾਂ ਕੈਨੇਡਾ ਵਾਸੀਆਂ ਨੇ ਪਿਛਲੇ ਹਫ਼ਤਿਆਂ ਵਿਚ ਮੇਰੀ ਸਿਹਤਯਾਬੀ ਲਈ ਮੈਨੂੰ ਪੱਤਰ ਲਿਖੇ, ਮੈਂ ਤੁਹਾਡੇ ਸਿਆਣੇ, ਪ੍ਰੇਰਣਾਦਾਇਕ ਤੇ ਖ਼ੂਬਸੂਰਤ ਫਿਕਰਿਆਂ, ਕਾਰਡਾਂ ਤੇ ਤੋਹਫ਼ਿਆਂ ਲਈ ਧੰਨਵਾਦੀ ਹਾਂ। ਤੁਹਾਡੀ ਰੂਹ ਅਤੇ ਪਿਆਰ ਨੇ ਮੇਰੇ ਘਰ, ਮੇਰੀ ਆਤਮਾ ਤੇ ਮੇਰੀ ਦ੍ਰਿੜਤਾ ਨੂੰ ਰੁਸ਼ਨਾ ਦਿੱਤਾ ਹੈ।''

ਇਸੇ ਪੱਤਰ ਵਿਚ ਜੈਕ ਲੇਟਿਨ ਨੇ ਨਵੀਂ ਲੀਡਰਸ਼ਿੱਪ ਦਾ ਫੈਸਲਾ ਜਿੰਨੀ ਛੇਤੀ ਸੰਭਵ ਹੋਵੇ ਕਰ ਲੈਣ ਦੀ ਤਾਕੀਦ ਕਰਦਿਆਂ ਕਿਹਾ ਕਿ ਨਵੇਂ ਲੀਡਰ ਕੋਲ ਕਾਫੀ ਸਮਾਂ ਹੋਣਾ ਚਾਹੀਦਾ ਹੈ ਤਾਂ ਕਿ ਉਹ ਪਾਰਟੀ ਨੂੰ ਮਜ਼ਬੂਤ ਕਰ ਸਕੇ ਤੇ ਇਸ ਵਿਚ ਨਵੀਂ ਰੂਹ ਫੂਕ ਦੇਵੇ ਅਤੇ ਅਗਲੀ ਚੋਣ ਵਲ ਵਧੇ। ਨਿਸ਼ਚੇ ਹੀ ਪਾਰਟੀ ਲਈ ਲੇਟਿਨ ਦੀ ਭਵਿੱਖ ਮੁਖੀ ਸੋਚ ਨੇ ਹੀ ਨੈਸ਼ਨਲ ਡੈਮੋਕਰੇਟਿਕ ਪਾਰਟੀ ਨੂੰ ਮੌਜੂਦਾ ਗੌਰਵਸ਼ੀਲ ਮੁਕਾਮ ’ਤੇ ਪਹੁੰਚਾਇਆ ਹੈ। ਜੈਕ ਲੇਟਿਨ ਦਾ ਜਨਮ 18 ਜੁਲਾਈ, 1950 ਨੂੰ ਮੌਂਟਰੀਅਲ ਵਿਖੇ ਹੋਇਆ। ਉਹ ਹਰਸਨ ਵਿਚ ਜਵਾਨ ਹੋਏ। ਇਹ ਇਕ ਛੋਟਾ ਜਿਹਾ ਨਗਰ ਸੀ, ਪਰ ਵਿਸ਼ੇਸ਼ ਤਰ੍ਹਾਂ ਦਾ ਛੋਟਾ ਨਗਰ। ਪੰਜਾਵਹਿਆਂ ਵਿਚ ਉਹ ਇਸ ਚੰਗੇ ਨਗਰ ਦੇ ਚੰਗੇ ਪਰਿਵਾਰ ਵਿਚ ਸਨ। ਸੱਠਵਿਆਂ ਦੀ ਕਿਸ਼ੋਰ ਅਵਸਥਾ ਵਿਚ ਉਹ ਯੂਨੀਵਰਸਿਟੀ ਦੇ ਵਿਦਿਆਰਥੀ ਸਨ। 60ਵਿਆਂ ਦੇ ਅੰਤ ਵਿਚ ਲੇਟਿਨ ਨੇ ਮੈਕਗਿੱਲ ਯੂਨੀਵਰਸਿਟੀ ਵਿਚ ਦਾਖ਼ਲਾ ਲਿਆ, ਜਦੋਂ ਤਿੱਖੀਆਂ ਤਬਦੀਲੀਆਂ ਦੀ ਚੰਗਿਆੜੀ ਭੜਕੀ। ਵਿਦੋਰਹ ਨੇ ਉਨ੍ਹਾਂ ਨੂੰ ਰਾਜਸੀ ਕਾਰਜਕਰਤਾ ਬਣਾ ਦਿੱਤਾ। ਉਨ੍ਹਾਂ ਨੇ ਆਪਣੇ ਪਰਿਵਾਰਕ ਰੂੜ੍ਹੀਵਾਦੀ ਵਿਚਾਰਾਂ ਨੂੰ ਤਿਆਗ ਕੇ ਸਮਾਜਵਾਦ ਨੂੰ ਗਲੇ ਲਗਾ ਲਿਆ। ਉਹ ਵਿਦਿਆਰਥੀ ਹੁੰਦਿਆਂ ਇਕ ਕਾਰਜਕਰਤਾ, ਪ੍ਰਚਾਰਕ ਅਤੇ ਜਥੇਬੰਦਕ ਆਗੂ ਬਣ ਗਏ ਤੇ ਇਕ ਭਾਈਚਾਰਕ ਅੰਦੋਲਨ ਨੂੰ ਅਗਵਾਈ ਦੇਣ ਲੱਗੇ। ਟੋਰਾਂਟੋ ਦੀ ਯਾਰਕ ਯੂਨੀਵਰਸਿਟੀ ਤੋਂ 1972 ਵਿਚ ਆਪਣੀ ਮਾਸਟਰ ਡਿਗਰੀ ਹਾਸਲ ਕਰਨ ਤੱਕ ਉਨ੍ਹਾਂ ਅੰਦਰਲੀਆਂ ਰਾਜਸੀ ਸੰਭਾਵਨਾਵਾਂ ਪੂਰੀ ਤਰ੍ਹਾਂ ਕਿਰਿਆਸ਼ੀਲ ਹੋ ਗਈਆਂ ਸਨ। ਉਨ੍ਹਾਂ ਨੇ ਜਿਸ ਲੈਕਸਰ ਦੇ ਅਧੀਨ ਪੜ੍ਹਾਈ ਕੀਤੀ, ਜੋ ਭਲਾਈ ਲਹਿਰ ਦੀ ਪ੍ਰਮੁੱਖ ਸ਼ਖਸੀਅਤ ਸਨ, ਜਿਨ੍ਹਾਂ ਨੇ ਉਸ ਸਮੇਂ ਐਨ.ਡੀ.ਪੀ. ਨੂੰ ਚੰਗਾ ਹੁਲਾਰਾ ਦਿੱਤਾ। 1984 ਵਿਚ ਉਨ੍ਹਾਂ ਨੇ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ। ਪਹਿਲੀ ਵਾਰ 1982 ਵਿਚ ਚੁਣੇ ਗਏ। ਉਨ੍ਹਾਂ ਨੇ ਟੋਰਾਂਟੋ ਅਤੇ ਮੈਟਰੋਪਾਲੀਟਨ ਟੋਰਾਂਟੋ ਕੌਂਸਲਾਂ ਲਈ ਵੀਹ ਸਾਲ ਸੇਵਾ ਨਿਭਾਈ। ਉਹ ਦਿਨ ਦੇ ਚੌਦਾਂ ਘੰਟਿਆਂ ਅਤੇ ਹਫ਼ਤੇ ਦੇ ਸੱਤ ਦਿਨਾਂ ਲਈ ਲੋਕ ਮੰਚ ਦੇ ਤਿਆਰ-ਬਰ-ਤਿਆਰ ਸਿਆਸਤਦਾਨ ਰਹੇ। ਉਨ੍ਹਾਂ ਦੀ ਸਿਆਸਤ ਗਰੀਬਾਂ, ਬੇਘਰਾਂ ਤੇ ਹਾਸ਼ੀਏ ’ਤੇ ਰਹਿੰਦੇ ਲੋਕਾਂ ਦੀ ਸਿਆਸਤ ਸੀ। ਉਨ੍ਹਾਂ ਨੇ ਟੋਰਾਂਟੋ ਹਾਈਡਰੋ, ਟੋਰਾਂਟੋ ਬੋਰਡ ਆਫ ਹੈਲਥ ਅਤੇ ਫੈਡਰੇਸ਼ਨ ਆਫ ਕੈਨੇਡੀਅਨ ਮਿਉਂਸਪੈਲਟੀਜ਼ ਦੇ ਉਚ ਅਹੁਦਿਆਂ ਦੀ ਸੇਵਾ ਵੀ ਨਿਭਾਈ। ਆਪਣੀ ਹਾਈ ਸਕੂਲ ਦੀ ਸਾਥਣ ਸੈਲੀ ਹਾਫੋਰਡ ਨਾਲ ਲੇਟਿਨ ਦੀ ਸ਼ਾਦੀ 1983 ਵਿਚ ਟੁੱਟ ਗਈ ਤੇ ਫਿਰ ਓਲੀਵੀਆ ਚੋਅ ਨਾਲ ਸਾਥ ਬਣਿਆ ਤੇ ਇਹ ਜੋੜਾ ਜ਼ੋਰਦਾਰ ਮੁਹਿੰਮਾਂ ’ਤੇ ਨਿਕਲਿਆ। ਲੋਕਾਂ ਨੂੰ ਜਾਗਰੂਕ ਕੀਤਾ, ਚੋਣਾਂ ਲੜੀਆਂ ਤੇ ਜਿੱਤੀਆਂ। ਚੋਅ ਨੇ 2006 ਵਿਚ ਹਾਊਸ ਆਫ ਕਾਮਨਜ਼ ਵਿਚ ਲੇਟਿਨ ਦਾ ਸਾਥ ਦਿੱਤਾ ਤੇ ਉਹ ਉਸ ਨਾਲ 2011 ਦੀਆਂ ਹਨੇਰੀਆਂ ਗਰਮੀਆਂ ਤਕ ਉਸ ਦੇ ਅੰਗ-ਸੰਗ ਰਹੀ। 2003 ਵਿਚ ਐਨ.ਡੀ.ਪੀ. ਦੀ ਲੀਡਰਸ਼ਿਪ ਜਿੱਤਣ ਮਗਰੋਂ ਜੈਕ ਲੇਟਿਨ ਦਾ ਬਿੰਬ ਇਕ ਤੇਜ਼ ਤਰਾਰ (ਖੱਬੀ ਧਿਰ ਦੇ) ਬੁਲਾਰੇ ਵਜੋਂ ਬਣਿਆ ਰਿਹਾ।

ਲੀਡਰਸ਼ਿਪ ਸੰਭਾਲਣ ਮਗਰੋਂ ਜੈਕ ਲੇਟਨ ਪਾਰਟੀ ਦੀ ਪੁਨਰ-ਉਸਾਰੀ ਅਤੇ ਨਵੀਨੀਕਰਨ ਦੇ ਰਾਹ ਪੈ ਗਏ। ਉਹ ਲੋਕਾਂ ਦੇ ਵਿਅਕਤੀ ਸਨ, ਜਿਨ੍ਹਾਂ ਨੇ ਪਾਰਟੀ ਨੂੰ ਹਰ ਪੱਖੋਂ ਮਜ਼ਬੂਤ ਬਣਾਇਆ ਤੇ ਨਿਸ਼ਾਨਿਆਂ ਵਲ ਵਧਾਇਆ। ਉਹ ਉਚੀ ਸੁਰ ਵਿਚ ਬੋਲਦੇ ਸਨ। 2004 ਦੀ ਚੋਣ ਮੁਹਿੰਮ ਦੌਰਾਨ ਉਨ੍ਹਾਂ ਨੇ ਤਤਕਾਲੀ ਪ੍ਰਧਾਨ ਮੰਤਰੀ ਪਾਲ ਮਾਰਟਿਨ ਨੂੰ ਬੇਘਰੇ ਲੋਕਾਂ ਦੀ ਮੌਤ ਲਈ ਜ਼ਿੰਮੇਵਾਰ ਠਹਿਰਾਇਆ ਕਿਉਂਕਿ ਉਹ ਇਨ੍ਹਾਂ ਦੀ ਆਰਥਕ ਪਹੁੰਚ ਵਾਲੇ ਘਰ ਉਸਾਰਨ ਵਿਚ ਅਸਫਲ ਰਹੇ। 2004 ਦੀਆਂ ਚੋਣਾਂ ਵਿਚ ਲੇਟਨ ਦੀ ਅਗਵਾਈ ਅਧੀਨ ਐਨ.ਡੀ.ਪੀ. ਦੀਆਂ ਸੀਟਾਂ ਦੀ ਗਿਣਤੀ 13 ਤੋਂ ਵਧ ਕੇ 19 ਹੋ ਗਈ। ਹੁਣ ਜੈਕ ਲੇਟਨ ਜ਼ਿਆਦਾ ਤਰਕਸੰਗਤ, ਆਸ਼ਾਵਾਦੀ ਤੇ ਠਰ੍ਹਮੇ ਵਾਲੇ ਹੋ ਗਏ ਤੇ ਸਮੁੱਚੇ ਕੈਨੇਡਾ ਵਿਚ ਪਾਰਟੀ ਦਾ ਚਿਹਰਾ-ਮੋਹਰਾ ਨਿਖਾਰਨ ਲੱਗੇ।

2006 ਵਿਚ ਲੇਟਨ ਦੀ ਚੋਣ ਮੁਹਿੰਮ ਨੇ ਐਨ.ਡੀ.ਪੀ. ਨੂੰ 29 ਸੀਟਾਂ, 2008 ਵਿਚ 37 ਸੀਟਾਂ ਤੇ 2011 ਵਿਚ ਸ਼ਾਨਦਾਰ 103 ਸੀਟਾਂ ’ਤੇ ਜਿੱਤ ਦਿਵਾਈ। 2011 ਤਕ ਲੇਟਨ ਵੱਡੇ ਕਾਰਨਾਮੇ ਲਈ ਤਿਆਰ ਸਨ, ਭਾਵੇਂ ਪ੍ਰੋਸਟੇਟ ਕੈਂਸਰ ਦਾ ਪਤਾ ਲੱਗ ਗਿਆ ਸੀ, ਭਾਵੇਂ ਚੂਲ਼ੇ ਦੀ ਹੱਡੀ ਵਿਚ ਭੇਤ ਭਰਿਆ ਫਰੈਕਚਰ ਹੋ ਗਿਆ ਸੀ। ਲੇਟਨ ਹਰ ਜਗ੍ਹਾ ਹਾਜ਼ਰ ਰਹੇ। 2 ਮਈ ਨੂੰ ਸਾਢੇ ਚਾਰ ਮਿਲੀਅਨ ਲੋਕਾਂ ਨੇ ਐਨ.ਡੀ.ਪੀ. ਦੇ ਪੱਖ ਵਿਚ ਵੋਟ ਦਿੱਤੀ ਤੇ ਐਨ.ਡੀ.ਪੀ. 103 ਸੀਟਾਂ ਜਿੱਤ ਕੇ ਕੈਨੇਡਾ ਦੀ ਮੁੱਖ ਵਿਰੋਧੀ ਪਾਰਟੀ ਦੀ ਪੁਜ਼ੀਸ਼ਨ ਹਾਸਲ ਕਰਨ ਵਿਚ ਸਫ਼ਲ ਰਹੀ। ਇਸ ਨੇ ਪੂਰੇ ਵਿਸ਼ਵ ਦੀਆਂ ਨਜ਼ਰਾਂ ਕੈਨੇਡਾ ਦੀ ਵੱਡੀ ਰਾਜਸੀ ਤਬਦੀਲੀ ਉਪਰ ਕੇਂਦਰਤ ਕਰ ਦਿੱਤੀਆਂ। ਦੋ ਮਹੀਨੇ ਪਹਿਲਾਂ ਉਨ੍ਹਾਂ ਨੇ ਡਿੱਗਦੀ ਸਿਹਤ ਦੇ ਆਧਾਰ ’ਤੇ ਸਵੈ-ਇੱਛਾ ਨਾਲ ਪਾਰਟੀ ਲੀਡਰਸ਼ਿਪ ਛੱਡ ਦਿੱਤੀ ਸੀ। ਸਦੀਵੀ ਵਿਛੋੜੇ ਮਗਰੋਂ ਉਨ੍ਹਾਂ ਨੂੰ ਨਿੱਘੀਆਂ ਸ਼ਰਧਾਂਜਲੀਆਂ ਦੇਣ ਦਾ ਜਿਵੇਂ ਹੜ ਹੀ ਆ ਗਿਆ। ਉਨ੍ਹਾਂ ਨੂੰ ਅਜੋਕੇ ਸਮਿਆਂ ਦੇ ਮਹਾਨ ਸਿਆਸਤਦਾਨ, ਲੋਕ ਭਲਾਈ ਨੂੰ ਸਮਰਪਿਤ, ਸਾਹਸੀ ਤੇ ਪ੍ਰੇਰਣਾਦਾਇਕ ਸ਼ਖ਼ਸੀਅਤ ਵਜੋਂ ਯਾਦ ਕੀਤਾ ਗਿਆ ਤੇ ਇਕ ਅਜਿਹੇ ਸ਼ਖਸ ਵਜੋਂ ਵੀ ਜਿਸ ਨੇ ਆਪਣੀਆਂ ਸਿਆਸੀ ਲਿਖਤਾਂ ਰਾਹੀਂ ਵਿਸ਼ਵ ਦੀ ਲੋਕ-ਕਲਿਆਣਕਾਰੀ ਸਿਆਸਤ ਵਿਚ ਨਵਾਂ ਅਧਿਆਇ ਜੋੜਿਆ।



ਐਡਮਿੰਟਨ ਵਿਖੇ ਜੈਕ ਲੇਟਨ ਨੂੰ ਸ਼ਰਧਾਂਜਲੀ ਭੇਂਟ ਕਰਦੇ ਐਨ.ਡੀ.ਪੀ. ਦੇ ਸਥਾਨਕ ਆਗੂ ਅਤੇ ਲੋਕ।

ਕੈਨੇਡਾ ਵਾਸੀਆਂ ਦੇ ਨਾਂ ਆਪਣੇ ਆਖ਼ਰੀ ਖ਼ਤ ਵਿਚ ਜੈਕ ਲੇਟਨ ਨੇ ਆਪਣੀ ਪਾਰਟੀ ਦੇ ਮੈਂਬਰਾਂ, ਕਿਊਬੀਕਰ ਸਾਥੀਆਂ, ਨੌਜਵਾਨ ਕੈਨੇਡੀਅਨ ਤੇ ਸਮੁੱਚੇ ਕੈਨੇਡਾ ਵਾਸੀਆਂ ਨਾਲ ਜਿਸ ਤਰ੍ਹਾਂ ਆਪਣੀਆਂ ਭਾਵਨਾਵਾਂ, ਵਿਚਾਰ ਤੇ ਨੀਤੀਆਂ ਸਾਂਝੀਆਂ ਕੀਤੀਆਂ, ਉਨ੍ਹਾਂ ਤੋਂ ਸਹਿਜੇ ਹੀ ਉਹ ਵਿਸ਼ਵ ਦੇ ਵੱਡੇ ਆਗੂਆਂ ਦੀ ਕਤਾਰ ਵਿਚ ਸ਼ਾਮਲ ਦਿਖਾਈ ਦਿੰਦੇ ਹਨ। ਇਹ ਖ਼ਤ ਉਨ੍ਹਾਂ ਦੇ ਲੋਕ ਪੱਖੀ ਸਿਆਸੀ ਸਰੋਕਾਰਾਂ ਦਾ ਮਹੱਤਵਪੂਰਨ ਦਸਤਾਵੇਜ਼ ਹੈ।

## ਜੈਕ ਲੇਟਨ ਦਾ ਆਖ਼ਰੀ ਖ਼ਤ




ਮੇਰੇ ਮਿੱਤਰੋ,
ਪਿਆਰ ਗੁੱਸੇ ਨਾਲੋਂ ਚੰਗਾ ਹੈ
ਉਮੀਦ ਡਰ ਨਾਲੋ ਚੰਗੀ ਹੈ
ਆਸ਼ਾ ਨਿਰਾਸ਼ਾ ਨਾਲੋਂ ਚੰਗੀ ਹੈ
ਆਓ ਪਿਆਰ ਕਰੀਏ, ਆਸ਼ਾਵਾਦੀ ਅਤੇ ਹਾਂ ਵਾਚਕ ਬਣੀਏ
ਆਪਾਂ ਸੰਸਾਰ ਨੂੰ ਬਦਲ ਸਕਦੇ ਹਾਂ

ਇਹ ਸਤਰਾਂ ਸਿਆਸਤਦਾਨ ਜੈਕ ਲੇਟਨ ਵਲੋਂ ਕਨੇਡੀਅਨ ਲੋਕਾਂ ਲਈ ਲਿਖੀ ਅੰਤਿਮ ਚਿੱਠੀ ਦਾ ਹਿੱਸਾ ਹਨ।

ਵਧੀਆ ਇਨਸਾਨ ਭਾਂਵੇ ਕਿਸੇ ਵੀ ਦੇਸ਼ ਜਾਂ ਕੌਮੀਅਤ ਦਾ ਹੋਵੇ, ਸਮੁਚੀ ਇਨਸਾਨੀਅਤ ਦਾ ਖੈਰ-ਖਵਾਹ ਹੋਣ ਕਰਕੇ, ਹਰ ਕੌਮ, ਹਰ ਦੇਸ਼ ਦੇ ਵਾਸੀ ਉਸਨੂੰ ਆਪਣਾ ਸਰਮਾਇਆ ਸਮਝਣ ਲਗਦੇ ਹਨ। ਇਹੋ ਜਿਹਾ ਹੀ ਸੀ ਜੈਕ ਲੇਟਨ...

ਜੈਕ ਲੇਟਨ ਦੀ ਵਿਦਾਇਗੀ ਨੇ ਕਨੇਡਾ ਭਰ 'ਚ ਭਾਵਨਾਤਮਿਕ ਅਤੇ ਵਿਚਾਰਧਾਰਕ ਮਨੋਬਿਰਤੀਆਂ ਦਾ ਹੜ੍ਹ ਲੈ ਆਦਾਂ ਜਿਸ ਨਾਲ ਹਰੇਕ ਕਨੇਡੀਅਨ ਜੈਕ ਲੇਟਨ ਦੀ ਸਖਸੀਅਤ ਬਾਰੇ ਸੋਚਣ ਲਈ ਮਜ਼ਬੂਰ ਹੋ ਗਿਆ ਕਿ ਉਹ ਕਿਹੋ ਜਿਹਾ ਸੀ? ਜੈਕ ਲੇਟਨ ਨੇ ਆਮ ਲੋਕਾਂ ਨੂੰ ਪ੍ਰਭਾਵਿਤ/ਉਤਸ਼ਾਹਿਤ ਕਰਕੇ ਉਨ੍ਹਾਂ ਦਾ ਨਾ ਸਿਰਫ ਆਪਣੇ ਵਧੀਆ ਆਗੂ ਹੋਣ ਤੇ ਸਗੋਂ ਕਨੇਡੀਅਨ ਸਿਆਸਤ ਤੇ ਵੀ ਭਰੋਸਾ ਪੈਦਾ ਕੀਤਾ। ਜੈਕ ਵਾਕਿਆ ਹੀ ਇਸ ਭਰੋਸੇ ਦੇ ਕਾਬਿਲ ਸਨ ਅਤੇ ਉਨ੍ਹਾਂ ਨੇ ਆਪਣੀ ਸਿਆਸੀ ਪਿੱਠ ਭੂਮੀ ਨੂੰ ਵਿਚਾਰਧਾਰਕ ਤੌਰ ਤੇ ਸਿੰਜਿਆ ਅਤੇ ਲੋਕਾਂ ਦੀ ਬੇਹਤਰੀ ਲਈ ਮੋਹਰੀ ਭੂਮਿਕਾ ਨਿਭਾਉਂਦਿਆਂ ਆਪਣੇ ਜੀਵਨ ਵਿਚ ਸੰਘਰਸ਼ ਕੀਤਾ। ਜੈਕ ਨੇ ਆਪਣਾ ਸਫਰ ਸਿਟੀ ਕਾਂਉਸਲਰ ਵਜੋਂ ਸ਼ੁਰੂ ਕਰਕੇ ਨਿਊ ਡੈਮੋਕਰੇਟ ਪਾਰਟੀ ਦੀ ਲੀਡਰਸ਼ਿਪ ਅਤੇ 2011 ਵਿਚ ਹੋਈਆਂ ਚੋਣਾਂ ਵਿਚ ਪਾਰਟੀ ਨੂੰ ਸਿਖਰ ਤੇ ਪਹੁੰਚਾਇਆ। ਬੇਦਾਗ ਅਤੇ ਨਿਧੜਕ ਸਖਸ਼ੀਅਤ, ਆਪਣੇ ਵਾਅਦਿਆ ਤੇ ਖੜ੍ਹਣ ਵਾਲਾ ਜੈਕ ਲੇਟਨ ਲੋਕਾਂ ਵਿਚ ਇੰਨਾ ਮਸ਼ਹੂਰ ਹੋਇਆ ਕਿ ਬਿਨਾਂ ਸ਼ੱਕ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸਵਿਕਾਰਿਆ ਜਾਣ ਲੱਗਾ। ਉਤਰ ਤੋਂ ਦੱਖਣ ਅਤੇ ਪੂਰਵ ਤੋਂ ਪੱਛਮ ਤੱਕ ਕਨੇਡਾ ਦੀ ਵੱਡ-ਅਕਾਰੀ ਧਰਤੀ ਵਿਚ ਰਹਿੰਦੇ ਬਸ਼ਿੰਦੇ ਜੈਕ ਅਤੇ ਉਸਦੀ ਪਾਰਟੀ ਨੂੰ ਮੌਜੂਦਾ ਸਰਕਾਰ ਦੇ ਬਦਲ 'ਚ ਸਵਿਕਾਰਣ ਲੱਗ ਪਏ।ਇਹ ਕ੍ਰਿਸ਼ਮਾ ਇਕ ਦਿਨ ਵਿਚ ਨਹੀਂ ਹੋਇਆ, ਬਲਕਿ ਇਸ ਦੇ ਪਿੱਛੇ ਲੇਟਨ ਦੀ ਮਿਆਰੀ ਯੋਗਤਾ, ਦ੍ਰਿੜਤਾ ਅਤੇ ਜਮਹੂਰੀਅਤ ਦੇ ਢਾਂਚੇ ਵਿਚ ਵਚਨਬੱਧਤਾ ਸ਼ਲਾਘਾਯੋਗ ਰਹੀ। ਜੈਕ ਦੇ ਇਨ੍ਹਾਂ ਗੁਣਾਂ ਨੇ ਕਿੰਨੇ ਹੀ ਨੌਜਵਾਨਾਂ ਨੂੰ ਭਵਿੱਖ ਵਿਚ ਸੰਭਾਵੀਂ ਲੀਡਰਸ਼ਿਪ ਦਾ ਰੂਪ ਦਿਤਾ। ਸੰਸਾਰ ਦੇ ਮੌਜੂਦਾ ਹਾਲਤਾਂ ਤੇ ਜੇਕਰ ਧਿਆਨ ਮਾਰੀਏ ਤਾਂ ਕਨੇਡਾ 'ਚ ਹਰ ਕੋਨੇ ਤੋਂ ਆ ਕੇ ਵਸੇ ਲੋਕਾਂ ਨੇ ਦੇਸ਼ ਨੂੰ ਬਹੁਭਾਸ਼ੀ ਅਤੇ ਬਹੁਸੱਭਿਆਚਾਰੀ ਦਿੱਖ ਪ੍ਰਦਾਨ ਕੀਤੀ ਹੈ। ਹੁਣ ਸਵਾਲ ਹੈ ਕਿ ਕਨੇਡੀਅਨ ਸਿਆਸਤਦਾਨ ਨਿੱਤ-ਬਦਲਦੇ ਸਮੀਕਰਣਾਂ ਦੌਰਾਨ ਦੇਸ਼ ਦੀ ਦਿਸ਼ਾ ਅਤੇ ਦਸ਼ਾ ਨੂੰ ਸਮਝਣ ਵਿਚ ਕਿੰਨੇ ਕੁ ਸਫਲ ਹਨ ਤਾਂ ਕਿ ਦੇਸ਼ ਵਿਚ ਭਾਈਚਾਰਕ ਅਤੇ ਵਿਚਾਰਕ ਸਾਂਝ ਪੈਦਾ ਕੀਤੀ ਜਾ ਸਕ? ਜੈਕ ਲੇਟਨ ਇਨ੍ਹਾਂ ਪ੍ਰਸੰਗਾਂ ਵਿਚ ਵਿਚਾਰਕ ਤੌਰ ਤੇ ਪ੍ਰੋੜ ਸੋਚ ਅਤੇ ਇਰਾਦਾ ਰੱਖਦੇ ਸਨ। ਉਨਾਂ ਨੇ ਬਹੁ-ਸਭਿਆਚਾਰਾਂ ਅਤੇ ਜਮਹੂਰੀ ਢਾਂਚੇ ਨੂੰ ਸਲਾਹਿਆ ਅਤੇ ਇਨਾਂ ਸੰਸਥਾਵਾਂ ਨੂੰ ਹੋਰ ਪੱਕੇ ਕਰਨ ਲਈ ਹੰਭਲਾ ਮਾਰਿਆ। ਉਨ੍ਹਾਂ ਨੇ ਅੰਤਰਰਾਸ਼ਟਰੀ ਅੱਤਵਾਦ ਨੂੰ ਨਿੰਦਿਆਂ ਅਤੇ ਕਨੇਡੀਅਨ ਫੌਜ ਅਫਗਾਨਿਸਤਾਨ ਚੋਂ ਵਾਪਸ ਬੁਲਾਏ ਜਾਣ ਦੀ ਮੰਗ ਕੀਤੀ।ਜੈਕ ਲੇਟਨ ਨੇ ਹਾਰਪਰ ਸਰਕਾਰ ਨੂੰ 2005 ਵਿਚ ਬਜਟ ਨੂੰ ਦੋਬਾਰਾ ਲਿਖਣ ਲਈ ਮਜ਼ਬੂਰ ਕੀਤਾ ਅਤੇ ੪.੬ ਬਿਲੀਅਨ ਡਾਲਰ ਕੋਰ-ਪੋਰੇਟ ਟੈਕਸ ਨੂੰ ਪੜ੍ਹਾਈ, ਪਬਲਿਕ ਟਰਾਂਜਿਟ ਅਤੇ ਹਾਉਸਿੰਗ ਲਈ ਮਹੁੱਈਆ ਕਰਵਾਇਆ।ਜੈਕ ਲੇਟਨ ਦੀ ਸਿਆਸਤ ਲੋਕਪੱਖੀ ਖਾਸ ਕਰਕੇ ਹਾਸ਼ੀਏ ਤੇ ਧੱਕੇ ਲੋਕਾਂ ਲਈ ਸੀ ਤਾਂ ਕਿ ਹਰੇਕ ਨੂੰ ਤਰੱਕੀ ਦੇ ਸਮਾਨ ਮੌਕੇ ਮਿਲਣ।ਦੇਸ਼ ਦੀਆਂ ਵਿਉਪਾਰਕ, ਰਾਜਸੀ ਅਤੇ ਵਿਦੇਸ਼ੀ ਨੀਤੀਆਂ ਨੂੰ ਜੈਕ ਨੇ ਹਮੇਸ਼ਾ ਬਹਿਸ ਦਾ ਮੁੱਦਾ ਬਣਾ ਕੇ ਹਾਰਪਰ ਸਰਕਾਰ ਵਿਰੁੱਧ ਸਮੇਂ ਸਮੇਂ ਤੇ ਨਾ ਸਿਰਫ ਅਸਰਦਾਰ ਵਿਰੋਧ ਦਰਜ ਕਰਵਾਇਆ ਬਲਕੇ ਸਰਕਾਰ ਨੂੰ ਹਾਂ-ਵਾਚਕ ਅਤੇ ਵਿਚਾਰਧਾਰਕ ਚੁਣੋਤੀਆਂ ਵੀ ਦਿੱਤੀਆ। ਸਰਕਾਰਾਂ ਹਮੇਸ਼ਾ ਆਲਸੀ ਅਤੇ ਨਿਕੰਮੀਆਂ ਰਹਿੰਦੀਆਂ ਹਨ ਜਦੋਂ ਤੱਕ ਅਸਰਦਾਰ ਵਿਰੋਧੀ ਧਿਰ ਨਾ ਹੋਵੇ। ਇਹ ਮੌਕਾ ਹੁਣ ਨਿਉ ਡੈਮੋਕਰੇਟਸ ਦੇ ਕੋਲ ਹੈ ਕਿ ਉਹ ਸਰਕਾਰ ਨੂੰ ਪੱਬਾਂ ਤੇ ਖੜ੍ਹੇ ਰੱਖਣ ਪਰ ਕੀ ਜੈਕ ਲੇਟਨ ਦੀ ਗੈਰਹਾਜ਼ਰੀ ਵਿਚ ਅਜਿਹਾ ਹੋਵੇਗਾ?।ਵਧੀਆ ਲੀਡਰ ਬਨਣ ਲਈ ਜੀਵਨ ਵਿਚ ਸਿਧਾਂਤਕ ਪਹਿਲੂਆਂ ਦਾ ਹੋਣ ਬੜਾ ਜ਼ਰੂਰੀ ਹੈ।ਕਨੇਡੀਅਨ ਲੋਕਾਂ ਦੀ ਸੇਜ਼ਲ ਸ਼ਰਧਾਂਜ਼ਲੀ ਇਸ ਗੱਲ ਦਾ ਸਬੂਤ ਹੈ ਕਿ ਜੈਕ ਲੇਟਨ ਨੇ ਆਪਣੀ ਮੌਤ ਤੋਂ ਬਾਅਦ ਵੀ ਲੋਕਾਂ ਵਿਚ ਰੋਸ਼ਨੀ ਅਤੇ ਉਮੀਦ ਦੀ ਕਿਰਣ ਜਗਾਈ ਹੈ।ਇਸ ਉਮੀਦ ਅਤੇ ਹੌਸਲੇ ਨਾਲ ਲੋਕ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਲੋਕ ਪੱਖੀ ਬਦਲ ਲਿਆ ਸਕਦੇ ਹਨ।



## ਇਹ ਅੱਧੀ ਜਿੱਤ ਹੈ, ਪੂਰੀ ਜਿੱਤ ਬਾਕੀ

'ਇਹ ਜਨ ਲੋਕਪਾਲ ਦੀ ਅੱਧੀ ਜਿੱਤ ਹੈ ਪੂਰੀ ਜਿੱਤ ਬਾਕੀ ਹੈ.. ਅਤੇ ਇਹ ਜੋ ਅੱਧੀ ਜਿੱਤ ਹੈ, ਉਹ ਦੇਸ਼ ਭਰ ਦੇ ਭਰਾਵਾਂ, ਭੈਣਾਂ, ਨੌਜਵਾਨਾਂ, ਬੱਚਿਆਂ ਤੇ ਬੱਚੀਆਂ ਦੀ ਜਿੱਤ ਹੈ। ਸੰਸਦ ਮੈਂਬਰਾਂ ਦਾ ਧੰਨਵਾਦ।'

### ਅੰਨਾ ਦੀ ਸਭ ਤੋਂ ਲੰਬੀ ਭੁੱਖ ਹੜਤਾਲ

12 ਦਿਨ

**ਭਾਰ ਘਟਿਆ**

7.5 ਕਿਲੋ

**ਬਲੱਡ ਪ੍ਰੈਸ਼ਰ**

130-80

**ਦਿਲ ਦੀ ਧੜਕਨ**

72

ਅੰਨਾ ਦੀਆਂ ਤਿੰਨ ਸ਼ਰਤਾਂ ਦਾ ਪ੍ਰਸਤਾਵ ਸੰਸਦ ਨੇ ਜ਼ੁਬਾਨੀ ਵੋਟਿੰਗ ਨਾਲ ਸਵੀਕਾਰ ਕੀਤਾ ਸਰਕਾਰ ਵਿਚ ਬੈਠੇ ਲੋਕਾਂ ਨੂੰ ਡਰ ਸੀ ਕਿ ਰਾਮਲੀਲ੍ਹਾ ਮੈਦਾਨ ਦੀ ਭੀੜ 'ਚੋਂ ਉਠ ਕੇ ਕੋਈ ਅੰਨਾ ਉਨ੍ਹਾਂ ਦੀ ਸੱਤਾ ਨਾ ਹਥਿਆ ਲਵੇ। ਵਿਰੋਧੀ ਧਿਰ ਡਰੀ ਹੋਈ ਸੀ ਕਿ ਸੰਸਦ ਜਾਂ ਯੋਜਨਾਬੱਧ ਮੰਚਾਂ 'ਤੇ ਲੋਕਾਂ ਦੀ ਗੱਲ ਕਹਿਣ ਦਾ ਉਨ੍ਹਾਂ ਦਾ ਮਖੌਟਾ ਨਾ ਲਹਿ ਜਾਵੇ। ਇਸ ਲਈ ਦੋਵੇਂ ਇਕ ਹੋ ਗਏ। ਅੰਨਾ ਦੀਆਂ ਸ਼ਰਤਾਂ ਨੂੰ ਪ੍ਰਸਤਾਵ ਬਣਾ ਕੇ ਪਾਸ ਕਰ ਦਿੱਤਾ ਗਿਆ। ਪਹਿਲਾਂ ਅਜਿਹਾ ਕਦੇ ਵੀ ਨਹੀਂ ਹੋਇਆ। ਇਹ ਗੱਲ ਵੱਖਰੀ ਹੈ ਕਿ ਜ਼ਿਆਦਾਤਰ ਸੰਸਦ ਮੈਂਬਰ ਇਸ ਅੰਦੋਲਨ ਨੂੰ ਪ੍ਰਭੂਤਾ ਸੰਪਨ ਸੱਤਾ 'ਤੇ ਹਮਲਾ ਦੱਸਦੇ ਰਹੇ।

### ਇੰਜ ਹੋਇਆ ਪਹਿਲੀ ਵਾਰ

- ਗੈਰ ਸੰਸਦ ਮੈਂਬਰ (ਆਮ ਆਦਮੀ) ਦੇ ਬਿਲ ਦੇ ਪ੍ਰਸਤਾਵ 'ਤੇ ਸੰਸਦ ਵਿਚ ਹੋਈ ਬਹਿਸ।
- ਗੈਰ ਸਿਆਸੀ ਜਨ ਅੰਦੋਲਨ, ਜਿਸ ਨੇ ਸੰਸਦ ਦੇ ਅਧਿਕਾਰਾਂ ਨੂੰ ਚੁਣੌਤੀ ਦਿੱਤੀ।
- ਸਥਾਈ ਕਮੇਟੀ ਕੋਲ ਮੌਜੂਦ ਬਿਲ 'ਤੇ ਸੰਸਦ ਨੇ ਪ੍ਰਸਤਾਵ ਸਵੀਕਾਰ ਕੀਤਾ।
- ਏਨੇ ਲੰਬੇ ਸਮੇਂ ਤਕ ਚਲਿਆ ਦੇਸ਼ ਵਿਆਪੀ ਅੰਦੋਲਨ ਪੂਰੀ ਤਰ੍ਹਾਂ ਨਾਲ ਅਹਿੰਸਕ ਰਿਹਾ।
- ਇੰਟਰਨੈਟ, ਮੋਬਾਈਲ ਤਕਨੀਕ ਬਣੀ ਜਨ ਅੰਦੋਲਨ ਦਾ ਆਧਾਰ।

### ਕਿਵੇਂ ਹੋਈ ਗੱਲਬਾਤ?

23 ਅਗਸਤ-ਪਹਿਲੀ ਵਾਰ ਸਰਕਾਰ ਨਾਲ ਸਿੱਧੀ ਗੱਲ।
ਨਤੀਜਾ-ਗਤੀਰੋਧ ਕਾਇਮ

24 ਅਗਸਤ-ਕੋਈ ਵਾਅਦਾ ਕਰਨ ਤੋਂ ਸਰਕਾਰ ਦਾ ਇਨਕਾਰ। ਸਰਬ ਪਾਰਟੀ ਮੀਟਿੰਗ ਵਿਚ ਵਿਰੋਧੀ ਧਿਰ ਨੇ ਭੁੱਖ ਹੜਤਾਲ ਖ਼ਤਮ ਕਰਨ ਦੀ ਅਪੀਲ ਕੀਤੀ। ਵਿਲਾਸਰਾਓ ਦੇਸਮੁੱਖ ਨੇ ਅੰਨਾ ਨਾਲ ਗੱਲਬਾਤ ਕੀਤੀ। ਨਤੀਜਾ-ਟੀਮ ਅੰਨਾ ਨੇ ਕਿਹਾ, 'ਸਾਡੇ ਨਾਲ ਧੋਖਾ ਹੋਇਆ ਹੈ। ਕਲ ਤਕ ਸਾਨੂੰ ਸੁਣ ਰਹੇ ਸਨ, ਅੱਜ ਉਹ ਸਾਨੂੰ ਝਿੜਕ ਰਹੇ ਹਨ।'

25 ਅਗਸਤ-ਅੰਨਾ ਦੀ ਪ੍ਰਧਾਨ ਮੰਤਰੀ ਨੂੰ ਚਿੱਠੀ। ਤਿੰਨ ਮੁੱਦਿਆਂ 'ਤੇ ਸੰਸਦ ਵਿਚ ਚਰਚਾ ਹੋਵੇ ਤਾਂ ਭੁੱਖ ਹੜਤਾਲ ਖ਼ਤਮ ਕਰਨ ਦਾ ਵਾਅਦਾ ਕੀਤਾ।
ਨਤੀਜਾ-ਸਰਕਾਰ ਨੇ ਲੋਕਪਾਲ ਨਾਲ ਜੁੜੇ ਚਾਰ ਬਿਲਾਂ 'ਤੇ ਚਰਚਾ ਦਾ ਭਰੋਸਾ ਦਿੱਤਾ।

### ਕਿਹੜੀ ਚਾਲ ਚੱਲੀ?

- ਘਰ ਤੋਂ ਨਿਕਲਦੇ ਹੀ ਅੰਨਾ ਗ੍ਰਿਫ਼ਤਾਰ।
- ਤਿਹਾੜ ਜੇਲ੍ਹ ਭੇਜਿਆ।
- ਭੁੱਖ ਹੜਤਾਲ ਕਰਨ ਕਰਨ 'ਤੇ ਕਈ ਸ਼ਰਤਾਂ।
- ਨੌਂ ਦਿਨ ਤਕ ਗੱਲਬਾਤ ਨਹੀਂ।
- ਸਰਕਾਰ ਨੇ ਵਾਰ ਵਾਰ ਸਟੈਂਡ ਬਦਲਿਆ।
- ਪਹਿਲਾਂ ਮੰਗਾਂ 'ਤੇ ਸਹਿਮਤ, ਫਿਰ ਮੁੱਕਰ ਗਈ।
- ਕਈ ਖਰੜੇ ਮੰਗਵਾਏ।
- ਟੀਮ ਵਿਚ ਕਈ ਵਾਰ ਫੁੱਟ ਪਾਉਣ ਦੀ ਕੋਸ਼ਿਸ਼।
- ਟੀਮ ਅੰਨਾ ਦੀ ਸਿਆਸੀ ਨਿਰਪੱਖਤਾ 'ਤੇ ਸਵਾਲ ਉਠਾਏ।

### ਕਿਉਂ ਮੰਨਿਆ ਸੰਸਦ 'ਤੇ ਹਮਲਾ?

- ਕਾਨੂੰਨ ਬਣਾਉਣ ਦਾ ਹੱਕ ਸਿਰਫ਼ ਸੰਸਦ ਮੈਂਬਰ ਦਾ। ਬਾਹਰੀ ਵਿਅਕਤੀ ਦੀਆਂ ਸ਼ਰਤਾਂ 'ਤੇ ਚਰਚਾ ਤੋਂ ਘਬਰਾਹਟ।
- ਵਿਆਪਕ ਜਨਸਮਰਥਨ ਨੇ ਅੰਨਾ ਹਜ਼ਾਰੇ ਤੇ ਟੀਮ ਦੇ ਚੁਣ ਕੇ ਸੰਸਦ ਵਿਚ ਆਉਣ ਦੇ ਖਦਸ਼ੇ ਤੋਂ ਡਰੇ ਸੰਸਦ ਮੈਂਬਰ।

### ਕਿਉਂ ਡਰੀ ਸਰਕਾਰ?

- ਪ੍ਰਧਾਨ ਮੰਤਰੀ, ਸੰਸਦ ਮੈਂਬਰਾਂ ਦੇ ਘਰਾਂ ਦਾ ਘਿਰਾਓ ਹੋ ਰਿਹਾ ਸੀ।
- ਸੰਸਦ ਤਕ ਅੰਨਾ ਸਮਰਥਕ ਪੁੱਜ ਗਏ।
- 30 ਤਾਰੀਕ ਤੋਂ ਜੇਲ੍ਹ ਭਰੋ ਅੰਦੋਲਨ ਦਾ ਡਰ।

### ਕਿਵੇਂ ਟੁੱਟਿਆ ਗਤੀਰੋਧ?

- ਵਿਰੋਧੀ ਧਿਰ ਦੇ ਅੰਨਾ ਦੇ ਸਮਰਥਨ ਵਿਚ ਖੜੇ ਹੋਣ ਨਾਲ ਸਰਕਾਰ ਵਾਰਤਾ ਲਈ ਦਬਾਅ ਵਿਚ ਆਈ।
- ਖੁਦ ਦੇ ਭ੍ਰਿਸ਼ਟਾਚਾਰ ਸਮਰਥਕ ਸਿੱਧ ਹੋਣ ਦਾ ਡਰ।

### ਕਿਹੜੀਆਂ ਮੰਗਾਂ ਸਨ?

- ਸਾਰੇ ਕਰਮਚਾਰੀਆਂ ਨੂੰ ਢੁਕਵਾਂ ਸਿਸਟਮ ਬਣਾ ਕੇ ਇਨ੍ਹਾਂ ਨੂੰ ਲੋਕਪਾਲ ਦੇ ਦਾਇਰੇ ਵਿਚ ਲਿਆਂਦਾ ਜਾਵੇ।
- ਸਾਰੇ ਸੂਬਿਆਂ ਵਿਚ ਲੋਕਪਾਲ ਦਾ ਗਠਨ, ਸੰਸਦ ਪੂਰੀ ਤਰ੍ਹਾਂ ਸਹਿਮਤ।
- ਸਿਟੀਜ਼ਨ ਚਾਰਟਰ, ਲੋਕਪਾਲ ਬਿਲ ਤਹਿਤ ਇਸਦੀ ਰੂਪ ਰੇਖਾ ਬਣਾਈ ਜਾਵੇਗੀ।

# ਕੀ ਦਿੱਤਾ ਲੋਕ ਕ੍ਰਾਂਤੀਆਂ ਨੇ?

'ਆਮ ਆਦਮੀ ਦੇ ਖਾਸ ਹੋ ਜਾਣ ਦਾ ਇਹ ਇਤਿਹਾਸਕ ਮੌਕਾ ਹੈ। ਮੌਕਾ ਹੈ, ਇਹ ਦੱਸਿਆ 1974 ਵਿਚ ਜੈ ਪ੍ਰਕਾਸ਼ ਨਾਰਾਇਣ, 1987 ਵਿਚ ਵੀ.ਪੀ. ਸਿੰਘ ਤੇ ਅੱਜ ਅੰਨਾ ਨੇ। ਤਿੰਨਾਂ ਦਾ ਮਕਸਦ ਭ੍ਰਿਸ਼ਟਾਚਾਰ ਨਾਲ ਲੜਨਾ। ਤਿੰਨਾਂ ਦੀ ਤਾਕਤ-ਆਮ ਆਦਮੀ। ਦੇਸ਼ ਦੇ ਬਣਨ ਤੇ ਵਧਣ ਵਿਚ ਆਮ ਆਦਮੀ ਨੇ ਕਿੰਨੀ ਜੱਦੋ-ਜਹਿਦ ਕੀਤੀ? ਤਿੰਨਾਂ ਲੋਕ ਕ੍ਰਾਂਤੀਆਂ ਦੀ ਅਗਵਾਈ ਦਾ ਮੈਦਾਨੀ ਸੰਘਰਸ਼ ਕਿਵੇਂ ਸੀ? ਪੇਸ਼ ਹੈ ਇਕ ਅਧਿਐਨ।

ਸਬਕ 1

***ਅੰਦੋਲਨ ਵਿਚ ਅਹਿੰਸਾ ਦਾ ਰਾਹ ਹੀ ਕਾਰਗਰ ਜਿਵੇਂ ਅੰਨਾ ਹਜ਼ਾਰੇ ਦੇ ਅੰਦੋਲਨ ਨੂੰ ਕਰੋੜਾਂ ਲੋਕਾਂ ਦਾ ਸਮਰਥਨ ਸੀ ਪਰ ਇਕ ਪੱਥਰ ਤਕ ਨਾ ਚੱਲਿਆ।***

## ਸਭ ਤੋਂ ਵੱਡੀ ਜਨਕ੍ਰਾਂਤੀ ਤਾਂ ਆਜ਼ਾਦੀ ਦੀ ਲੜਾਈ

ਦੁਨੀਆ ਦੀ ਸਭ ਤੋਂ ਵੱਡੀ ਸਾਡੀ ਆਜ਼ਾਦੀ ਦੀ ਲੜਾਈ ਹੀ ਸੀ। 1857 ਦੇ ਸੁਤੰਤਰਤਾ ਸੰਗਰਾਮ ਤੋਂ ਹੀ ਇਹ ਸ਼ੁਰੂ ਹੋ ਗਈ ਸੀ। ਮਹਾਤਮਾ ਗਾਂਧੀ ਦੇ ਦੱਖਣੀ ਅਫਰੀਕਾ ਤੋਂ ਵਾਪਸ ਆਉਣ ਮਗਰੋਂ ਵੀ 32 ਸਾਲ ਚੱਲੀ ਇਹ ਲੜਾਈ। ਉਨ੍ਹਾਂ ਦੀ ਇਕ ਆਵਾਜ਼ 'ਤੇ ਲੋਕ ਸੜਕਾਂ 'ਤੇ ਆ ਜਾਂਦੇ ਸਨ। ਉਹ ਵਰਤ ਰੱਖਦੇ ਤਾਂ ਅੱਧਾ ਦੇਸ਼ ਵਰਤ ਰੱਖਦਾ। ਉਨ੍ਹਾਂ ਬਾਰੇ ਮਹਾਨ ਵਿਗਿਆਨੀ ਅਲਬਰਟ ਆਈਸਟੀਨ ਨੇ ਕਿਹਾ ਸੀ-'ਆਉਣ ਵਾਲੀਆਂ ਪੀੜ੍ਹੀਆਂ ਨੂੰ ਯਕੀਨ ਨਹੀਂ ਹੋਵੇਗਾ ਕਿ ਹੱਡ-ਮਾਸ ਨਾਲ ਬਣਿਆ ਇਹ ਵਿਅਕਤੀ ਵੀ ਕਦੇ ਇਸ ਧਰਤੀ 'ਤੇ ਪੈਦਾ ਹੋਇਆ ਸੀ।'

## ਮੁਕਾਬਲਾ ਨਹੀਂ ਕੀਤਾ ਜਾ ਸਕਦਾ

ਇਹ ਤਿੰਨੋਂ ਜਨ ਕ੍ਰਾਂਤੀਆਂ ਗਾਂਧੀਵਾਦੀ ਤਰੀਕੇ ਨਾਲ ਲੜੀਆਂ ਗਈਆਂ। ਪਰ ਇਨ੍ਹਾਂ ਦਾ ਮੁਕਾਬਲਾ ਮਹਾਤਮਾ ਗਾਂਧੀ ਦੇ ਅੰਦੋਲਨ ਨਾਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਗਾਂਧੀ ਦਾ ਅੰਦੋਲਨ ਵਿਦੇਸ਼ੀਆਂ ਦੀ ਗੁਲਾਮੀ ਦੇ ਖਿਲਾਫ਼ ਸੀ, ਜਦਕਿ ਇਹ ਕ੍ਰਾਂਤੀਆਂ ਆਪਣੇ ਹੀ ਸ਼ਾਸਨ ਖਿਲਾਫ਼ ਕੀਤੀਆਂ ਗਈਆਂ। ਉਂਜ ਤਾਂ ਇਨ੍ਹਾਂ ਤਿੰਨਾਂ ਦੇ ਮੁਕਾਬਲੇ ਆਪਸ ਵਿਚ ਵੀ ਨਹੀਂ ਹੋ ਸਕਦੇ ਕਿਉਂਕਿ ਇਹ ਭ੍ਰਿਸ਼ਟਾਚਾਰ ਖਿਲਾਫ਼ ਸੀ ਪਰ ਉਨ੍ਹਾਂ ਦੇ ਟੀਚੇ ਵੱਖ ਵੱਖ ਸਨ।

## ਸੰਪੂਰਨ ਕ੍ਰਾਂਤੀ : ਜੇ.ਪੀ.

### ਭ੍ਰਿਸ਼ਟਾਚਾਰ ਸਭ ਤੋਂ ਵੱਡਾ ਰੋਗ, ਤਾਂ ਇਲਾਜ ਵਿਚ ਧੀਰਜ ਕਾਹਦਾ?



ਟੀਚਾ - ਵਿਵਸਥਾ ਪਰਿਵਰਤਨ

ਲੱਖਾਂ ਲੋਕ ਜੁੜੇ ਤਾਂ ਉਨ੍ਹਾਂ ਨੇ ਸੱਤਾ ਪਰਿਵਰਤਨ ਦਾ ਟੀਚਾ ਵੀ ਜੋੜ ਦਿੱਤਾ।
ਜ਼ਰੀਆ-ਦਮਨ ਤੇ ਸ਼ੋਸ਼ਣ ਦੇ ਵਿਰੁੱਧ ਸੰਪੂਰਨ ਜਨਕ੍ਰਾਂਤੀ
ਉਨ੍ਹਾਂ ਦੇ ਹੀ ਸ਼ਬਦਾਂ ਵਿਚ-ਸਿਆਸੀ ਅਗਵਾਈ ਉਚ ਨੈਤਿਕਤਾ ਦਾ ਪਾਲਣ ਕਰੀਏ ਤਾਂ ਭ੍ਰਿਸ਼ਟਾਚਾਰ ਖ਼ਤਮ ਹੋ ਜਾਵੇਗਾ। ਗਰੀਬੀ ਅਤੇ ਬੇਕਾਰੀ ਖ਼ਤਮ ਕਰਨ ਲਈ ਸਿਖਿਆ ਵਿਚ ਅਮੁੱਲ ਤਬਦੀਲੀਆਂ ਕਰਨੀਆਂ ਹੋਣਗੀਆਂ। ਹੁਣ ਜੇਕਰ ਰੋਗ ਦਾ ਪਤਾ ਚੱਲ ਗਿਆ ਹੈ ਤਾਂ ਦੇਸ਼ਵਾਸੀ ਇਸ ਦਾ ਇਲਾਜ ਕਰਨ ਵਿਚ ਧੀਰਜ ਕਿਉਂ ਰੱਖਣ?

ਸਬਕ 2

*ਆਖ਼ਰ ਅੰਤ ਕੀ ਹੋਵੇਗਾ, ਇਹ ਸਾਫ ਦੱਸਣਾ ਹੋਵੇਗਾ:*
ਜਿਵੇਂ ਜੇ.ਪੀ. ਦੇ ਅੰਦੋਲਨ ਵਿਚ ਤੈਅ ਸੀ ਕਿ ਦਮਨ ਖ਼ਤਮ ਹੋਵੇਗਾ। ਇੰਦਰਾ ਸਰਕਾਰ ਹਟੇਗੀ।

ਸਬਕ 3

*ਜਨਤਾ ਨੂੰ ਜੋੜੀ ਰੱਖਣ ਲਈ ਲੰਬੀ ਚੱਲਣ ਵਾਲੀ ਰਣਨੀਤੀ ਸਾਹਮਣੇ ਲਿਆਉਣੀ ਜ਼ਰੂਰੀ :* ਭਾਰੀ ਜਨਸੈਲਾਬ ਨਾਲ ਸਰਕਾਰ ਦਬ ਵੀ ਜਾਵੇ ਤਾਂ ਵੀ ਇਸ ਨੂੰ ਅੰਤਿਮ ਸੱਚ ਨਾ ਮੰਨੋ। ਕਲ ਉਹ ਬਦਲ ਵੀ ਸਕਦੇ ਹਨ।

## ਭ੍ਰਿਸ਼ਟਾਚਾਰ ਵਿਰੁੱਧ ਭੁੱਖ ਹੜਤਾਲ : ਅੰਨਾ

### ਨੌਜਵਾਨ ਜਾਗਿਆ ਹੈ ਦੂਸਰੀ ਲੜਾਈ ਲਈ..



ਟੀਚਾ : ਜਨ ਲੋਕਪਾਲ ਕਾਨੂੰਨ

ਹਜ਼ਾਰਾਂ ਲੋਕ ਜੁੜੇ ਤਾਂ ਉਨ੍ਹਾਂ ਨੇ ਵਿਵਸਥਾ ਤਬਦੀਲੀ ਦਾ ਟੀਚਾ ਵੀ ਜੋੜ ਦਿੱਤਾ। ਜ਼ਰੀਆ-ਭੁੱਖ ਹੜਤਾਲ, ਭ੍ਰਿਸ਼ਟਾਚਾਰ ਨਾਲ ਲੜਾਈ ਦਾ ਇਕ ਅਜਿਹਾ ਰਾਹ ਦੱਸਣਾ ਜਿਸ ਨੂੰ ਇਸਤੇਮਾਲ ਕੀਤਾ ਜਾ ਸਕੇ-ਜਨ ਲੋਕਪਾਲ। ਉਨ੍ਹਾਂ ਦੇ ਹੀ ਸ਼ਬਦਾਂ ਵਿਚ-ਇਹ ਦੂਸਰੀ ਆਜ਼ਾਦੀ ਦੀ ਲੜਾਈ ਹੈ।

ਸਬਕ 4

ਆਪਸੀ ਫੁੱਟ ਤਾਂ ਹੋਵੇਗੀ ਹੀ, ਦ੍ਰਿੜਤਾ ਦਿਖਾਉਣੀ ਹੋਵੇਗੀ: ਜਿਵੇਂ ਦੇਸ਼ ਦੀਆਂ ਦੋਵੇਂ ਗੈਰ ਕਾਂਗਰਸੀ ਸਰਕਾਰਾਂ ਦਾ ਪਤਨ ਫੁੱਟ ਕਾਰਨ ਹੋਇਆ। ਟੀਮ ਅੰਨਾ ਵਿਚ ਵੀ ਆਖ਼ਰੀ ਪਲਾਂ ਵਿਚ ਜ਼ਬਰਦਸਤ ਫੁੱਟ ਸਾਹਮਣੇ ਆਈ। ਸਹੀ ਬਦਲ ਨਾ ਹੋਣ ਕਾਰਨ ਵੀ ਜਿੱਤ ਹਾਰ ਵਿਚ ਬਦਲ ਸਕਦੀ ਹੈ।

***ਤਾਕਤ : ਆਮ ਆਦਮੀ***

ਮਹਾਰਾਸ਼ਟਰ ਵਿਚ ਬੇਬੱਸ ਕਿਸਾਨਾਂ ਦੀ ਲੰਬੀ ਲੜਾਈ ਲੜਦੇ ਰਹੇ ਅੰਨਾ ਜਦੋਂ ਜਨ ਲੋਕਪਾਲ ਬਿਲ ਲਈ ਲੜੇ ਤਾਂ ਸ਼ੁਰੂਆਤ ਵਿਚ ਉਨ੍ਹਾਂ ਦੇ ਨਾਲ ਜ਼ਿਆਦਾਤਰ ਬੁੱਧੀਜੀਵੀ, ਮੈਗਾਸੇਸੇ ਐਵਾਰਡ ਜੇਤੂ ਵਰਕਰ, ਚੋਟੀ ਦੇ ਵਕੀਲ, ਡਾਕਟਰ, ਪ੍ਰੋਫੈਸਰ ਤੇ ਸੇਵਾਮੁਕਤ ਅਫਸਰ ਸਨ। ਬਾਅਦ ਵਿਚ ਨੌਜਵਾਨ ਵੀ ਆਏ। ..

## ਤਾਕਤ

ਵਿਦਿਆਰਥੀ - ਬਿਹਾਰ ਦੇ ਵਿਦਿਆਰਥੀਆਂ ਨੇ ਜੈ ਪ੍ਰਕਾਸ਼ ਨਾਰਾਇਣ (ਜੇ.ਪੀ.) ਦੇ ਪਿੱਛੇ ਪਹਾੜ ਵਰਗਾ ਸਮਰਥਨ ਖੜਾ ਕਰ ਦਿੱਤਾ। ਗੁਜਰਾਤ ਵਿਚ ਨਵਨਿਰਮਾਣ ਅੰਦੋਲਨ ਚਲਾ ਰਹੇ ਵਿਦਿਆਰਥੀਆਂ ਨੇ ਜੇ.ਪੀ. ਨੂੰ ਅਗਵਾਈ ਕਰਨ ਦੀ ਮੰਗ ਕੀਤੀ। ਬਸ, ਤੁਰ ਪਿਆ ਨੌਜਵਾਨਾਂ ਦਾ ਕਾਰਵਾਂ।

## ਸ਼ਖਸੀਅਤ

'ਤਿਆਗ' ਲਈ ਮਸ਼ਹੂਰ। ਚੰਗੇ ਵਿਦਵਾਨ। ਗਾਂਧੀਵਾਦੀ। ਸੁਤੰਤਰਤਾ ਸੈਨਾਨੀ। ਜੋ ਮਿਲਦਾ, ਉਸ ਵਿਚ ਊਰਜਾ ਭਰ ਦਿੰਦੇ।

ਡਾ. ਰਾਮਮਨੋਹਰ ਲੋਹੀਆ ਦੇ ਸ਼ਬਦਾਂ ਵਿਚ, *'ਜੇ.ਪੀ. ਹੀ ਹਨ ਜੋ ਸਾਰੇ ਦੇਸ਼ ਨੂੰ ਹਿਲਾ ਸਕਦੇ ਹਨ।'*

## .. ਤੇ ਅੰਜਾਮ



20 ਮਹੀਨਿਆਂ ਦੀ ਐਮਰਜੈਂਸੀ ਮਗਰੋਂ ਜ਼ੁਲਮਾਂ ਦੇ ਕਿਸਿਆਂ ਨਾਲ ਹੋਈਆਂ ਆਮ ਚੋਣਾਂ ਵਿਚ ਕਾਂਗਰਸ ਹਾਰੀ ਤੇ ਹਾਰਦੀ ਚਲੀ ਗਈ। ਮੋਰਾਰਜੀ ਦੇਸਾਈ ਪ੍ਰਧਾਨ ਮੰਤਰੀ ਬਣੇ ਦੇਸ਼ ਦੀ ਪਹਿਲੀ ਗੈਰ-ਕਾਂਗਰਸੀ ਸਰਕਾਰ ਦੇ।

ਵੈਸੇ.. ਝਗੜਿਆਂ ਨਾਲ ਇਹ 3 ਸਾਲ ਹੀ ਚੱਲੀ।

ਪਰ:ਇਹ ਆਜ਼ਾਦ ਭਾਰਤੀ ਸਿਆਸੀ ਇਤਿਹਾਸ ਦਾ ਸਭ ਤੋਂ ਵੱਡਾ ਬਦਲਾਅ ਰਿਹਾ। ਇਸ ਨੇ ਲੋਕਾਂ ਦੀ ਤਾਕਤ ਨੂੰ ਸਿੱਧ ਕੀਤਾ।

1-1947 ਤੋਂ ਚੱਲ ਰਹੇ ਇਕ ਹੀ ਪਾਰਟੀ ਦਾ ਸ਼ਾਸਨ ਖ਼ਤਮ।

2-ਹੋਰਨਾਂ ਪਾਰਟੀਆਂ ਨੂੰ ਵੀ ਲੱਗਾ ਕਿ ਉਹ ਵੀ ਸੱਤਾ ਵਿਚ ਆ ਸਕਦੀਆਂ ਹਨ ਜੇ ਇਕਜੁੱਟ ਹੋ ਜਾਣ ਤਾਂ।

3-ਬੇਸ਼ੱਕ ਹੀ ਇਹ ਪਾਰਟੀਆਂ 3 ਸਾਲ ਹੀ ਸਰਕਾਰ ਚਲਾ ਸਕੀਆਂ। ਇੰਦਰਾ ਗਾਂਧੀ ਜਦੋਂ ਵਾਪਸ ਸਰਕਾਰ ਵਿਚ ਆਈ ਤਾਂ ਉਨ੍ਹਾਂ ਨੇ ਵੀ ਸਰਕਾਰ ਜਮਹੂਰੀ ਢੰਗ ਨਾਲ ਚਲਾਈ। ਇਸ ਲਈ ਇਹ ਦੇਸ਼ ਲਈ ਬਹੁਤ ਹੀ ਚੰਗਾ ਬਦਲਾਅ ਰਿਹਾ।

## ਟਰਨਿੰਗ ਪੁਆਇੰਟ

ਹਜ਼ਾਰਾਂ ਪੁਲੀਸ ਜਵਾਨਾਂ ਨੇ ਹੈਰਾਨੀ ਨਾਲ ਦੇਖਿਆ ਕਿ ਬੇਬਸ ਜਿਹਾ ਦਿਸ ਰਿਹਾ ਇਹ ਬਜ਼ੁਰਗ ਜੀਪ ਤੋਂ ਉਤਰਿਆ ਤੇ 'ਕ੍ਰਾਂਤੀ' ਦਾ ਹੋਕਾ ਦੇਣ ਲੱਗਾ। ਸ਼ਾਸਕਾਂ ਦੇ ਹੁਕਮ 'ਤੇ ਜ਼ੁਲਮ 'ਤੇ ਉਤਾਰੂ ਵਰਦੀਧਾਰੀਆਂ ਨੇ ਉਸ ਮਹਾਨ ਗਾਂਧੀਵਾਦੀ 'ਤੇ ਲਾਠੀਆਂ ਚਲਾਈਆਂ। ਆਪਣੇ ਆਗੂ ਦੀ ਨਿਡਰਤਾ ਅਤੇ ਦ੍ਰਿੜਤਾ ਨੂੰ ਦੇਖ, ਉਦੋਂ ਤਕ ਸੋਚ ਵਿਚ ਪਏ ਹਜ਼ਾਰਾਂ ਸਮਰਥਕ ਅੰਦੋਲਨ ਲਈ ਟੁੱਟ ਪਏ। ਮਾਣ ਨਾਲ ਲਾਠੀਆਂ ਖਾਧੀਆਂ ਤੇ ਅਗਲੇ ਦਿਨ ਦੇ ਦਿੱਤਾ ਜੇ.ਪੀ. ਨੂੰ ਅਸਧਾਰਨ ਨਾਮ 'ਲੋਕਨਾਇਕ'

### ਸਿਲਸਿਲੇ-ਇਕ ਤੋਂ ਬਾਅਦ ਇਕ ਧਮਾਕੇਦਾਰ ਘਟਨਾਵਾਂ ਜੋ ਟੀਚੇ ਨੂੰ ਨੇੜੇ ਲੈ ਆਈਆਂ।

ਕਿੱਥੇ ਤਾਂ ਜਨ ਅੰਦੋਲਨ ਬਿਹਾਰ ਦੀ ਅਬਦੁੱਲ ਗਫ਼ੂਰ ਸਰਕਾਰ ਖਿਲਾਫ਼ ਸ਼ੁਰੂ ਹੋਇਆ ਸੀ, ਕਿਥੇ ਜੇ.ਪੀ. ਨੇ ਆਪਣੀ ਗਜਬ ਦੀ ਦ੍ਰਿਸ਼ਟੀ ਨਾਲ ਇਸ ਨੂੰ ਕੌਮੀ 'ਸੰਪੂਰਨ ਕ੍ਰਾਂਤੀ' ਵਿਚ ਬਦਲ ਦਿੱਤਾ।

ਉਧਰ ਰੇਲ ਮੰਤਰੀ ਲਲਿਤ ਨਰਾਇਣ ਮਿਸ਼ਰ ਦੀ ਭੇਤਭਰੀ ਹੱਤਿਆ। ਪ੍ਰਧਾਨ ਮੰਤਰੀ ਇੰਦਰਾ ਗਾਂਧੀ 'ਤੇ ਗੰਭੀਰ ਦੋਸ਼। ਉਥੇ ਨਾਲ ਹੀ ਜਾਰਜ ਫਰਨਾਂਡਿਸ ਨੇ ਜ਼ਬਰਦਸਤ ਰੇਲ ਹੜਤਾਲ ਕਰਵਾ ਦਿੱਤੀ, ਜੋ ਵਿਸ਼ਵ ਦੀ ਸਭ ਤੋਂ ਵੱਡੀ ਹੜਤਾਲ ਮੰਨੀ ਜਾਂਦੀ ਹੈ। ਇੰਦਰਾ ਨੇ 20 ਹਜ਼ਾਰ ਗ੍ਰਿਫ਼ਤਾਰੀਆਂ ਕਰ ਕੇ ਉਸ ਨੂੰ ਤੁੜਵਾ ਦਿੱਤਾ।

ਫਿਰ ਇਲਾਹਾਬਾਦ ਹਾਈ ਕੋਰਟ ਦਾ ਫੈਸਲਾ। ਇੰਦਰਾ ਦੀ ਸੰਸਦ ਮੈਂਬਰਸ਼ਿਪ ਨਾਜਾਇਜ਼ ਕਰਾਰ। 25 ਜੂਨ 1975 ਬਣਿਆ ਇਤਿਹਾਸਕ ਦਿਨ। ਰਾਮ ਲੀਲ੍ਹਾ ਮੈਦਾਨ। ਇਕ ਲੱਖ ਤੋਂ ਵੀ ਜ਼ਿਆਦਾ ਲੋਕ, ਜੇ.ਪੀ. ਲਈ ਜੁੜੇ। ਉਸੇ ਰਾਤ ਐਮਰਜੈਂਸੀ ਐਲਾਨੀ।

## ਸਿਲਸਿਲੇ



ਵਿਸ਼ਵ ਇਤਿਹਾਸ ਵਿਚ ਹੀ ਕਿਸੇ ਇਕ ਸਰਕਾਰੀ ਫੈਸਲੇ ਨਾਲ ਸਭ ਤੋਂ ਵੱਡੀ ਰਕਮ ਇਕ ਲੱਖ 75 ਹਜ਼ਾਰ ਕਰੋੜ ਰੁਪਏ ਦਾ 2 ਜੀ ਸਪੈਕਟਰ ਘੁਟਾਲਾ। ਬਕਾਇਦਾ ਆਡਿਟ ਰਿਪੋਰਟ ਵਿਚ ਆਉਣ ਨਾਲ ਦੇਸ਼ ਹੈਰਾਨ ਹੋ ਗਿਆ ਕਿ ਇਕ-ਇਕ ਕਰਕੇ ਕਈ ਕਾਂਡ ਸਾਹਮਣੇ ਆਉਣ ਲੱਗੇ। ਇਸੇ ਦੌਰਾਨ ਸਰਕਾਰੀ ਲੋਕਪਾਲ ਕਾਨੂੰਨ ਦਾ ਖਰੜਾ ਵਿਵਾਦਾਂ ਵਿਚ ਪਿਆ। ਅਚਾਨਕ ਸਾਰੇ ਦੇਸ਼ ਵਿਚ ਲਹਿਰ ਜਿਹੀ ਉਠੀ। ਸੋਸ਼ਲ ਨੈਟਵਰਕਿੰਗ ਸਾਈਟਸ ਤੇ ਮੋਬਾਈਲ ਮੈਸਜਾਂ ਦੇ ਹੜ ਵਿਚ ਸਰਕਾਰੀ ਲੋਕਪਾਲ ਕਾਨੂੰਨ ਰੁੜ੍ਹਿਆ ਭਾਵੇਂ ਨਾ ਹੋਵੇ, ਗਿੱਲਾ ਹੋ ਕੇ ਗਲਣ ਜ਼ਰੂਰ ਲੱਗਾ।

### ਸ਼ਖਸੀਅਤ

'ਨੈਤਿਕਤਾ ਦਾ ਪ੍ਰਤੀਕ। ਸਹਿਜ। ਸਰਲ। ਬੱਚਿਆਂ ਵਰਗੀ ਮਾਸੂਮ ਮੁਸਕਰਾਹਟ ਜਿਸ ਨਾਲ ਲੋਕ ਜੁੜਦੇ ਹਨ। ਭ੍ਰਿਸ਼ਟਾਚਾਰ 'ਤੇ ਸਖ਼ਤ। ਜੁਝਾਰੂ ਸਖਸ਼ੀਅਤ।

*'ਤੁਸੀਂ ਮੇਰਾ ਸਿਰ ਕਲਮ ਕਰ ਸਕਦੇ ਹੋ ਪਰ ਝੁਕਾ ਨਹੀਂ ਸਕਦੇ। ਜਦੋਂ ਤਕ ਭਾਰਤ ਭ੍ਰਿਸ਼ਟਾਚਾਰ ਤੋਂ ਮੁਕਤ ਨਹੀਂ ਹੋ ਜਾਂਦਾ, ਮੇਰਾ ਸੰਘਰਸ਼ ਜਾਰੀ ਰਹੇਗਾ।'*

## ..ਤੇ ਅੰਜਾਮ



ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸੰਪਾਦਕਾਂ ਨੂੰ ਕਿਹਾ ਕਿ 'ਉਹ ਖੁਦ ਲੋਕਪਾਲ ਦੀ ਹਦ ਵਿਚ ਪ੍ਰਧਾਨ ਮੰਤਰੀ ਨੂੰ ਰੱਖਣ ਦੇ ਹੱਕ ਵਿਚ ਹਨ' ਪਰ ਮੰਤਰੀ ਮੰਡਲ ਵਿਚ ਸੋਚ ਵੱਖਰੀ ਵੱਖਰੀ ਹੈ। ਅੰਨਾ ਦੇ ਅੰਦੋਲਨ ਕਾਰਨ ਉਨ੍ਹਾਂ ਨੂੰ ਜਨ ਭਾਵਨਾ ਦਾ ਆਦਰ ਕਰਨਾ ਪਿਆ। ਬਿਲ ਪੇਸ਼ ਹੋ ਚੁੱਕਾ ਹੈ ਸਰਕਾਰ ਦਾ। ਭੇਜਿਆ ਜਾ ਚੁੱਕਾ ਹੈ ਸੰਸਦ ਦੀ ਸਥਾਈ ਕਮੇਟੀ ਨੂੰ। ਇਸ ਨਾਲ ਕਿਸੇ ਤਰ੍ਹਾਂ ਦੀ ਉਮੀਦ ਨਹੀਂ ਬਣਦੀ। ਕਮਜ਼ੋਰ ਕਾਗਜ਼ ਹੈ ਇਹ ਬਿਲ। ਜਨ ਅੰਦੋਲਨ ਦੇ ਚਲਦਿਆਂ ਸਰਕਾਰ ਰਾਜ਼ੀ ਹੋਈ ਜਨ ਲੋਕਪਾਲ 'ਤੇ ਵਿਚਾਰ ਕਰਨ 'ਤੇ ਵੀ। ਦੇਖਣਾ ਹੋਵੇਗਾ ਕਿ ਹਰ ਦਿਨ ਆਪਣਾ ਸਟੈਂਡ ਬਦਲਣ ਵਾਲੀ ਸਰਕਾਰ ਕਦੋਂ ਤਕ ਕਾਇਮ ਰਹਿੰਦੀ ਹੈ ਆਪਣੇ ਵਾਅਦੇ 'ਤੇ।

### ਸਬਕ 5

ਸਰਕਾਰ ਸਿਰਫ਼ ਦੋ ਗੱਲਾਂ ਤੋਂ ਡਰਦੀ ਹੈ ਡਿੱਗਣ ਤੋਂ ਜਾਂ ਹਾਰਨ ਤੋਂ:ਅੰਨਾ ਦੀ ਗੱਲ ਮੰਨਣ ਵਿਚ ਸਰਕਾਰ ਨੂੰ ਇਸ ਲਈ ਦੇਰ ਲੱਗੀ ਕਿ ਉਸ ਨੂੰ ਨਾ ਡਿੱਗਣ ਦਾ ਡਰ ਸੀ ਨਾ ਚੋਣ ਹਾਰਨ ਦਾ। ਅਗਲੀਆਂ ਚੋਣਾਂ ਢਾਈ ਸਾਲ ਦੂਰ ਹਨ।

ਅੰਨਾ ਦੇ ਅੰਦੋਲਨ ਦਾ ਚੋਣ ਅਸਰ

ਅਗਲੀਆਂ ਆਮ ਚੋਣਾਂ 2014 ਵਿਚ ਹੋਣਗੀਆਂ। ਪਰ ਉਸ ਤੋਂ ਪਹਿਲਾਂ 15 ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਹਨ। ਇਨ੍ਹਾਂ ਵਿਚੋਂ 7 ਚੋਣਾਂ ਤਾਂ ਅਗਲੇ ਇਕ ਸਾਲ ਵਿਚ ਹੀ ਹੋਣਗੀਆਂ। ਅੰਨਾ ਦੇ ਅੰਦੋਲਨ ਦਾ ਅਸਰ ਇਨ੍ਹਾਂ ਚੋਣਾਂ ਵਿਚ ਦਿਖਾਈ ਦੇਵੇਗਾ।

### ਰਾਜ 'ਤੇ ਭਾਰੀ ਲੋਕ

ਅਪਰੈਲ ਤੋਂ ਚੱਲੇ ਇਸ ਅੰਦੋਲਨ ਕਾਰਨ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਲੋਕਾਂ ਨੂੰ ਆਪਣੀ ਤਾਕਤ ਦਾ ਅਹਿਸਾਸ ਹੋਇਆ। ਇਹ ਸਥਾਪਤ ਹੋਇਆ ਕਿ ਲੋਕ ਇਕਜੁੱਟ ਹੋਣ ਤਾਂ ਸਰਕਾਰ ਉਨ੍ਹਾਂ 'ਤੇ ਕੋਈ ਮਨਮਰਜ਼ੀ ਨਹੀਂ ਮੜ੍ਹ ਸਕਦੀ। ਪਹਿਲੀ ਵਾਰ ਜਨ ਅੰਦੋਲਨ ਦਾ ਜ਼ੋਰ ਸੱਤਾ ਪਰਿਵਰਤਨ 'ਤੇ ਨਹੀਂ, ਵਿਵਸਥਾ ਪਰਿਵਰਤਨ 'ਤੇ ਸੀ। ਇਹ ਅੰਦੋਲਨ ਪੂਰੀ ਤਰ੍ਹਾਂ ਗੈਰ-ਸਿਆਸੀ ਸੀ। ਰਾਮ ਲੀਲ੍ਹਾ ਮੈਦਾਨ ਦੇ ਮੰਚ ਤੋਂ ਦੂਰ ਰੱਖੇ ਗਏ ਆਗੂ ਦੇਸ਼ ਭਰ ਵਿਚ ਉਲਰੇ ਜਨਸੈਲਾਬ ਨੂੰ ਟੀ.ਵੀ. 'ਤੇ ਵੀ ਦੇਖਦੇ ਰਹੇ। ਮੈਦਾਨ 'ਤੇ ਅੰਨਾ ਦੇ ਸਮਰਥਨ ਵਿਚ ਜਨਸੰਗਠਨਾਂ ਦੇ ਨੁਮਾਇੰਦਿਆਂ ਨੇ ਆਪਣੀ ਮੌਜੂਦਗੀ ਦਰਜ ਕਰਵਾਈ।

**ਸਬਕ 6** ਸਭ ਤੋਂ ਵੱਡਾ ਪਾਠ ਸਹੀ ਲੋਕ ਨੁਮਾਇੰਦੇ ਨੂੰ ਚੁਣਨ ਦਾ ਹੈ:ਅੰਨਾ ਨੇ ਵੀ ਕਿਹਾ- ਸੰਸਦ ਵਿਚ ਵੋਟਿੰਗ ਇਸ ਲਈ ਜ਼ਰੂਰੀ ਕਿ ਜਨਪ੍ਰਤੀਨਿਧੀ ਕੀ ਕਰ ਰਹੇ ਹਨ, ਇਹ ਪਤਾ ਲੱਗੇ। ਇਸ ਯੁੱਧ ਵਿਚ ਜਿੱਤ ਨੂੰ ਥੋੜ੍ਹੀ ਹੀ ਮੰਨਣਾ ਹੋਵੇਗਾ।

## ਬੋਫ਼ਰਜ਼ ਮੁਹਿੰਮ-ਵੀ.ਪੀ. ਸਿੰਘ

# ਤੁਸੀਂ ਭਾਵੇਂ ਮੈਨੂੰ ਮਰਵਾ ਦਿਓ.. ਮੈਂ ਲੜਦਾ ਰਹਾਂਗਾ



### ਟੀਚਾ:ਸੱਤਾ ਪਰਿਵਰਤਨ

ਇਹ ਅੰਦੋਲਨ ਪੂਰੀ ਤਰ੍ਹਾਂ ਸਿਆਸੀ, ਪਹਿਲਾਂ ਸੱਤਾ ਬਦਲੇਗੀ ਫੇਰ ਵਿਵਸਥਾ

ਜ਼ਰੀਆ : ਸਭ ਤੋਂ ਸ਼ਿਖਰਲੇ ਪੱਧਰ 'ਤੇ ਭ੍ਰਿਸ਼ਟਾਚਾਰ ਦੇ ਵਿਰੁੱਧ ਸਿਆਸੀ ਜਨਮੋਰਚਾ।

ਨਾਅਰਾ ਸੀ : ਮੈਂ ਤੁਹਾਨੂੰ ਸਵਰਗ ਦਾ ਵਾਅਦਾ ਤਾਂ ਨਹੀਂ ਕਰਦਾ ਪਰ ਨਰਕ ਨਾਲ ਲੜਾਈ ਦਾ ਦਾਅਵਾ ਜ਼ਰੂਰ ਕਰਦਾ ਹਾਂ।

### ਸਿਲਸਿਲੇ

*ਬੋਫ਼ਰਜ਼ ਘੁਟਾਲੇ ਲਈ ਪ੍ਰਧਾਨ ਮੰਤਰੀ ਨੂੰ ਕਟਹਿਰੇ ਵਿਚ ਖੜੇ ਕਰ ਚੁੱਕੇ ਵੀ.ਪੀ. ਸਿੰਘ ਨੇ ਲਿਫ਼ਾਫੇ 'ਤੇ ਲਿਖਿਆ-ਪ੍ਰਧਾਨ ਮੰਤਰੀ ਤੇ ਅੰਦਰ ਰੱਖਿਆ ਅਸਤੀਫ਼ਾ। ਫਿਰ ਇਕ ਤੋਂ ਬਾਅਦ ਇਕ ਧਮਾਕਾਖੇਜ਼ ਘਟਨਾਵਾਂ। ਤਿੰਨ ਮਹੀਨੇ ਵਿਚ ਰਾਜੀਵ ਸਰਕਾਰ ਦੇ ਪੰਜ ਮੰਤਰੀਆਂ ਦੇ ਅਸਤੀਫੇ। ਮੁੱਜਫਰਨਗਰ ਰੈਲੀ ਵਿਚ ਇਕੱਤਰ ਹੋਏ ਹਜ਼ਾਰਾਂ ਲੋਕ।*

### ਸ਼ਖਸੀਅਤ

*'ਇਮਾਨਦਾਰੀ' ਦੀ ਧਮਕ। ਧੀਰੂਭਾਈ ਅੰਬਾਨੀ, ਅਮਿਤਾਭ ਬੱਚਨ ਸਮੇਤ ਪ੍ਰਧਾਨ ਮੰਤਰੀ ਦੇ ਕੁਝ ਨਿੱਜੀ ਮਿਤਰਾਂ ਤੱਕ 'ਤੇ ਆਮਦਨ ਕਰ ਛਾਪੇ ਮਰਵਾਏ। ਕਵੀ, ਚਿੱਤਰਕਾਰ। ਸਖ਼ਤ ਪ੍ਰਸ਼ਾਸਕ ਦਾ ਅਕਸ। ਖੁਦ ਦੀ ਕਵਿਤਾ ਜੋ ਬਾਅਦ ਵਿਚ ਬਹੁਤ ਮਕਬੂਲ ਹੋਈ, ਉਨ੍ਹਾਂ ਦਾ ਸੁਭਾਅ ਦੱਸਦੀ ਹੈ- 'ਤੁਮ ਮੁਝੇ ਕਯਾ ਖਰੀਦੋਗੇ, ਮੈਂ ਤੋ ਮੁਫ਼ਤ ਹੂੰ..'*

**..ਤੇ ਅੰਜਾਮ :** ਦੋ ਸਾਲ ਦੇ ਸੰਘਰਸ਼ ਤੇ ਕਈ ਪਾਰਟੀਆਂ ਤੋਂ ਬਣੇ ਮੋਰਚੇ ਨੇ ਕਾਂਗਰਸ ਨੂੰ ਹਰਾ ਦਿੱਤਾ। ਵੋਟਾਂ ਵਾਲੇ ਦਿਨ ਰਵੀਸ਼ੰਕਰ ਦੇ ਪ੍ਰਸਿੱਧ ਕਾਰਟੂਨ ਰਾਹੀਂ ਸਮਝਿਆ ਜਾ ਸਕਦਾ ਹੈ ਕਿ ਕੀ ਹੋਇਆ ਹੋਵੇਗਾ-ਰਾਜੀਵ ਇਕ ਜੋਤਸ਼ੀ ਨੂੰ ਪੁੱਛ ਰਹੇ ਹਨ-ਕੀ ਕੋਈ ਹਮਦਰਦੀ ਲਹਿਰ? ਜੋਤਸ਼ੀ ਕਹਿੰਦਾ ਹੈ-ਜ਼ਰੂਰ..ਪਰ ਚੋਣਾਂ ਤੋਂ ਬਾਅਦ! ਵੀ.ਪੀ. ਪ੍ਰਧਾਨ ਮੰਤਰੀ ਬਣੇ ਦੇਸ਼ ਦੀ ਪਹਿਲੀ ਘੱਟ ਗਿਣਤੀ ਸਰਕਾਰ ਦੇ। ਇਸ ਗੈਰ-ਕਾਂਗਰਸੀ ਸਰਕਾਰ ਦਾ ਵੀ ਪਤਨ ਜਲਦੀ ਹੋ ਗਿਆ। ਬੋਫਰਜ਼ ਮਾਮਲੇ ਵਿਚ ਵੀ ਕੁਝ ਨਹੀਂ ਹੋਇਆ।

### ਤਾਕਤ
#### ਮਿਡਲ ਕਲਾਸ

ਮੱਧ ਵਰਗੀ ਪਰਿਵਾਰ ਦੇਸ਼ ਦੀ ਰੀੜ ਹਨ। ਚਾਰੇ ਪਾਸੇ ਬੇਈਮਾਨੀ ਤੋਂ ਪੀੜਤ ਇਹ ਵਰਗ ਵੀ.ਪੀ. ਸਿੰਘ ਵਿਚ ਆਪਣੀ ਖੁਦ ਦੀ ਝਲਕ ਦੇਖਣ ਲੱਗਾ ਸੀ। ਫਿਰ ਕੀ ਸੀ, ਦੂਸਰੇ ਦਰਜੇ ਵਿਚ ਸਫ਼ਰ ਕਰ ਕੇ ਸਟੇਸ਼ਨ 'ਤੇ ਉਤਰਨ ਵਾਲੇ ਵੀ.ਪੀ. ਦਾ ਸਵਾਗਤ ਕਰਨ ਤਾਂ ਦਸ-ਪੰਦਰਾਂ ਲੋਕ ਹੀ ਪੁੱਜੇ, ਪਰ 40 ਸਾਲ ਤੋਂ ਉਪਰ ਹਜ਼ਾਰਾਂ ਲੋਕ ਉਨ੍ਹਾਂ ਦੀ ਸਭਾ ਵਿਚ ਜੁੜਦੇ। ਫਿਰ ਆਏ ਜੋਸ਼ੀਲੇ ਨੌਜਵਾਨ।

# ਗਿਆਰਾਂ ਸਾਲ ਤੋਂ ਭੁੱਖ ਹੜਤਾਲ 'ਤੇ ਹੈ ਸ਼ਰਮੀਲਾ



**ਦਿੱਲੀ ਵਿਚ 12 ਦਿਨ ਭੁੱਖ ਹੜਤਾਲ 'ਤੇ ਰਹੇ ਅੰਨਾ ਹਜ਼ਾਰੇ ਨਾਲ ਸਰਕਾਰ ਨੇ ਲਗਾਤਾਰ ਗੱਲ ਕੀਤੀ ਜਦਕਿ ਹਜ਼ਾਰਾਂ ਕਿਲੋਮੀਟਰ ਦੂਰ ਇੰਫਾਲ ਵਿਚ 11 ਸਾਲਾਂ ਤੋਂ ਭੁੱਖ ਹੜਤਾਲ ਕਰ ਰਹੀ ਇਰੋਮ ਚਾਨੂ ਸ਼ਰਮੀਲਾ ਦੀ ਸਾਰ ਕਿਸੇ ਨੇ ਨਾ ਲਈ।**

ਮਣੀਪੁਰ, (ਨਦਬ) : ਸ਼ਹਿਰ ਦਾ ਜਵਾਹਰ ਲਾਲ ਨਹਿਰੂ ਹਸਪਤਾਲ। ਇਕ ਕਾਰੀਡੋਰ ਦੇ ਚੈਨਲ 'ਤੇ ਲੱਗਿਆ ਤਾਲਾ। ਇਹ ਜੇਲ ਵਿਚ ਤਬਦੀਲ ਹੈ। ਅੰਦਰ ਛੋਟੇ ਜਿਹੇ ਵਾਰਡ ਵਿਚ 34 ਸਾਲਾ ਇਰੋਮ ਚਾਨੂ ਸ਼ਰਮੀਲਾ। 11 ਸਾਲ ਬੀਤ ਗਏ। ਪਾਣੀ ਦੀ ਇਕ ਬੂੰਦ ਤਕ ਗਲੇ ਤੋਂ ਹੇਠਾਂ ਨਹੀਂ ਲੰਘੀ। ਨੱਕ ਵਿਚ ਲੱਗੀ ਫੀਡਿੰਗ ਟਿਊਬ ਰਾਹੀਂ ਭੇਜੇ ਜਾਂਦੇ ਤਰਲ ਪਦਾਰਥ 'ਤੇ ਜ਼ਿੰਦਾ ਇਹ ਔਰਤ ਹੱਡੀਆਂ ਦਾ ਢਾਂਚਾ ਬਣੀ ਹੋਈ ਹੈ।

ਇਰੋਮ ਇਕਦਮ ਇਕੱਲੀ ਹੈ। ਕਿਸੇ ਨੂੰ ਮਿਲ ਤਕ ਨਹੀਂ ਸਕਦੀ। ਘਰ ਵਾਲੇ ਅਤੇ ਸਾਥੀ ਅੰਦੋਲਨਕਾਰੀਆਂ ਨਾਲ ਵੀ ਨਹੀਂ। ਉਸ ਦੀ ਮੰਗ ਇਕੋ ਹੀ ਹੈ। ਆਰਮਡ ਫੋਰਸ (ਸਪੈਸ਼ਲ ਪਾਵਰਸ) ਐਕਟ 1958 ਖਤਮ ਹੋਵੇ। ਇਸ ਦੇ ਉਲਟ ਸਰਕਾਰ ਨੇ ਆਤਮ ਹੱਤਿਆ ਦੀ ਕੋਸ਼ਿਸ਼ (ਆਈ.ਪੀ.ਸੀ. ਦੀ ਧਾਰਾ 309) ਦੇ ਦੋਸ਼ ਵਿਚ ਉਸ ਨੂੰ ਕੈਦ ਕਰ ਰੱਖਿਆ ਹੈ। ਅੰਨਾ ਨੇ ਆਪਣੇ ਅੰਦੋਲਨ ਵਿਚ ਇਰੋਮ ਨੂੰ ਵੀ ਸੱਦਾ ਭੇਜਿਆ। ਉਸ ਨੇ ਜਵਾਬ ਦਿਤਾ ਮੈਂ ਇਸ ਸਮੇਂ ਕੈਦ ਵਿਚ ਹਾਂ। ਨਿਕਲ ਨਹੀਂ ਸਕਦੀ। ਇਥੋਂ ਹੀ ਸਮਰਥਨ ਦੇਵਾਂਗੀ। ਦੇਸ਼ ਵਿਚ ਅੰਨਾ ਦੀ ਭੁੱਖ ਹੜਤਾਲ ਦੀ ਚੜ ਮੱਚੀ ਰਹੀ। ਇਧਰ ਇਰੋਮ ਨੂੰ ਪੁਲਿਸ ਹਰ 14 ਦਿਨ ਵਿਚ ਹਿਰਾਸਤ ਵਧਾਉਣ ਲਈ ਅਦਾਲਤ ਲੈ ਜਾਂਦੀ ਹੈ। ਇਕ ਸਾਲ ਤੋਂ ਜ਼ਿਆਦਾ ਸਮਾਂ ਜੇਲ ਵਿਚ ਕੈਦ ਨਹੀਂ ਰੱਖਿਆ ਜਾ ਸਕਦਾ। ਇਸ ਲਈ ਪੁਲਿਸ ਵਿਚ ਵਿਚਾਲੇ ਦੋ ਤਿੰਨ ਦਿਨ ਛੱਡਣ ਦੀ ਰਸਮ ਵੀ ਬਾਦਸਤੂਰ ਨਿਭਾਉਂਦੀ ਰਹੀ ਹੈ। ਇਸ ਦੌਰਾਨ ਵੀ ਉਹ ਅੱਧਾ ਕਿਲੋਮੀਟਰ ਦੂਰ ਸਥਿਤ ਆਪਣੇ ਘਰ ਨਹੀਂ ਜਾਂਦੀ। ਉਥੇ ਹੀ ਇਕ ਟੈਂਟ ਵਿਚ ਰਹਿੰਦੀ ਹੈ। ਬਾਂਸ ਨਾਲ ਬਣਿਆ ਟੈਂਟ ਹੀ ਉਸ ਦੇ ਸਮਰਥਕਾਂ ਦਾ ਟਿਕਾਣਾ ਹੈ। ਦੋ ਤਿੰਨ ਦਿਨ ਬਾਅਦ ਪੁਲਿਸ ਉਸ ਨੂੰ ਫਿਰ ਜੇਲ ਵਿਚ ਸੁੱਟ ਦਿੰਦੀ ਹੈ। ਇਹਦੇ ਮੁਕੱਦਰ ਵਿਚ ਅੰਨਾ ਵਰਗੀ ਕਾਮਯਾਬੀ ਨਹੀਂ ਪਰ ਦੋ ਵਰਲਡ ਰਿਕਾਰਡ ਜ਼ਰੂਰ ਬਣ ਗਏ। ਸਭ ਤੋਂ ਲੰਮੀ ਭੁੱਖ ਹੜਤਾਲ ਦਾ ਅਤੇ ਸਭ ਤੋਂ ਜ਼ਿਆਦਾ ਵਾਰ ਜੇਲ ਤੋਂ ਰਿਹਾਅ ਹੋਣ ਦਾ। ਉਹ ਪੜ੍ਹਨ ਦੀ ਸ਼ੌਕੀਨ ਹੈ। ਕਵਿਤਾਵਾਂ ਲਿਖਦੀ ਹੈ। ਯੋਗ ਕਰਦੀ ਹੈ। ਪਾਣੀ ਪੀਂਦੀ ਨਹੀਂ ਇਸ ਲਈ ਬੁਰਸ਼ ਦੀ ਥਾਂ ਸੁੱਕੀ ਰੂੰ ਨਾਲ ਦੰਦ ਸਾਫ ਕਰਦੀ ਹੈ। ਕਮਰੇ ਵਿਚ ਇਕ ਹੀ ਖਿੜਕੀ ਹੈ। ਘੰਟਿਆਂ ਬੱਧੀ ਉਥੇ ਬੈਠ ਕੇ ਬਾਹਰ ਵੱਲ ਦੇਖਦੀ ਰਹਿੰਦੀ ਹੈ। ਉਹ ਚਾਰ ਘੰਟੇ ਸੌਂਦੀ ਹੈ ਅਤੇ ਬਾਕੀ ਸਮਾਂ ਕਿਤਾਬਾਂ ਪੜ੍ਹ ਕੇ ਬਿਤਾਉਂਦੀ ਹੈ। ਮਾਂ ਨੇ ਦਸਿਆ ਕਿ ਉਸ ਦਾ ਪ੍ਰਣ ਹੈ ਕਿ ਜਦ ਤਕ ਮੰਗ ਪੂਰੀ ਨਹੀਂ ਹੋ ਜਾਂਦੀ ਘਰ ਵਿਚ ਦਾਖ਼ਲ ਨਹੀਂ ਹੋਵੇਗੀ। ਭਰਾ ਸਿੰਘਾਜੀਤ ਨੂੰ ਖੇਤੀ ਅਫਸਰ ਦੀ ਨੌਕਰੀ ਛੱਡਣੀ ਪਈ। ਮਾਂ ਨੇ ਵੀ ਫੈਸਲਾ ਕੀਤਾ ਕਿ ਭੁੱਖ ਹੜਤਾਲ ਖਤਮ ਹੋਣ ਤਕ ਉਹ ਬੇਟੀ ਨੂੰ ਨਹੀਂ ਮਿਲੇਗੀ ਤਾਂ ਕਿ ਉਸ ਦਾ ਜਜ਼ਬਾ ਕਮਜ਼ੋਰ ਨਾ ਹੋਵੇ।

# ਲੋਕਪਾਲ ਬਿੱਲ : ਮੁੱਦੇ ਤਾਂ ਹੋਰ ਵੀ ਬਹੁਤ ਹਨ ਅੰਨਾ ਜੀ



ਅਰੁੰਧਤੀ ਰਾਏ

**ਅਨੁਵਾਦ : ਪ੍ਰੀਤਮ ਸਿੰਘ ਪਰਵਾਨਾ**

ਅਸੀਂ ਜੋ ਕੁਝ ਟੀ ਵੀ ਉੱਤੇ ਵੇਖ ਰਹੇ ਹਾਂ, ਜੇ ਵਾਕਿਆ ਹੀ ਉਹ ਇਨਕਲਾਬ ਹੈ ਤਾਂ ਇਹ ਹੁਣੇ ਜਿਹੇ ਦੇ ਸਮਿਆਂ ਦਾ ਸਭ ਨਾਲੋਂ ਪ੍ਰੇਸ਼ਾਨਕੁਨ ਅਤੇ ਬੇਸਮਝੀ ਭਰੇ ਇਨਕਲਾਬਾਂ ਵਿੱਚੋਂ ਇਕ ਹੋਵੇਗਾ। ਇਸ ਵੇਲੇ ਜਨ ਲੋਕਪਾਲ ਬਿੱਲ ਬਾਰੇ ਕਿਹੋ ਜਿਹੇ ਵੀ ਸਵਾਲ ਤੁਹਾਡੇ ਮਨ ਵਿਚ ਕਿਉਂ ਨਾ ਹੋਣ, ਜਿਹੜੇ ਉੱਤਰ ਤੁਹਾਨੂੰ ਮਿਲਣ ਦੀ ਸੰਭਾਵਨਾ ਹੈ, ਉਹ ਇਹ ਹਨ : (ੳ) ਵੰਦੇ ਮਾਤਰਮ; (ਅ) ਭਾਰਤ ਮਾਤਾ ਕੀ : ਜੈ; (ੲ) ਭਾਰਤ ਅੰਨਾ ਹੈ, ਅੰਨਾ ਭਾਰਤ ਹੈ; (ਸ) ਜੈ ਹਿੰਦ।

ਤੁਸੀਂ ਬਿਲਕੁਲ ਹੀ ਵੱਖਰੇ ਕਾਰਨਾਂ ਵੱਸ ਅਤੇ ਪੂਰੀ ਤਰ੍ਹਾਂ ਵੱਖਰੇ ਤਰੀਕਿਆਂ ਰਾਹੀਂ ਇਹ ਕਹਿ ਸਕਦੇ ਸੀ ਕਿ ਮਾਓਵਾਦੀ ਅਤੇ ਜਨ ਲੋਕਪਾਲ ਬਿੱਲ ਦਰਮਿਆਨ ਇਕ ਗੱਲ ਸਾਂਝੀ ਹੈ; ਉਹ ਦੋਵੇਂ ਭਾਰਤੀ ਰਾਜ ਨੂੰ ਉਲਟ ਦੇਣਾ ਚਾਹੁੰਦੇ ਹਨ। ਇਕ ਧਿਰ ਹੇਠੋਂ ਉੱਪਰ ਨੂੰ ਕੰਮ ਕਰ ਰਹੀ ਹੈ, ਜੋ ਕਿ ਵਧੇਰੇ ਕਰ ਕੇ ਇਕ ਹਥਿਆਰਬੰਦ ਜੱਦੋਜਹਿਦ ਰਾਹੀਂ ਕਰ ਰਹੀ ਹੈ। ਇਹ ਜੱਦੋਜਹਿਦ ਆਮ ਕਰ ਕੇ ਉਨ੍ਹਾਂ ਆਦਿਵਾਸੀ ਲੋਕਾਂ ਵੱਲੋਂ ਕੀਤੀ ਜਾ ਰਹੀ ਹੈ, ਜਿਹੜੇ ਗ਼ਰੀਬਾਂ ਵਿੱਚੋਂ ਅਤੀ ਗ਼ਰੀਬਾਂ ਉੱਪਰ ਆਧਾਰਤ ਹਨ। ਦੂਜੀ ਧਿਰ ਉੱਪਰ ਤੋਂ ਹੇਠਾਂ ਨੂੰ ਇਹੋ ਕੁਝ ਕਰ ਰਹੀ ਹੈ, ਅਤੇ ਉਹ ਵੀ ਖ਼ੂਨ-ਖ਼ਰਾਬੇ ਤੋਂ ਬਿਨਾਂ ਗਾਂਧੀਵਾਦੀ ਰਾਜ-ਪਲਟੇ ਰਾਹੀਂ, ਜਿਸ ਨੂੰ ਇਕ ਨਵ-ਸਾਜਿਆ ਸੰਤ ਚਲਾ ਰਿਹਾ ਹੈ ਤੇ ਜਿਸ ਦੀ ਮਦਦ ਮੁੱਖ ਤੌਰ ਉੱਤੇ ਸ਼ਹਿਰੀ ਅਤੇ ਯਕੀਨੀ ਤੌਰ ਉੱਤੇ ਖ਼ੁਸ਼ਹਾਲ ਲੋਕ ਕਰ ਰਹੇ ਹਨ। (ਇਹਦੇ ਵਿਚ ਸਰਕਾਰ ਵੀ ਹਰ ਇਕ ਢੰਗ ਨਾਲ ਮਿਲੀਭੁਗਤ ਕਰ ਰਹੀ ਹੈ, ਜੋ ਕਿ ਉਹ ਆਪਣੇ ਆਪ ਨੂੰ 'ਉਲਟ' ਦੇਣ ਲਈ ਕਰ ਸਕਦੀ ਹੈ)।

ਅਪ੍ਰੈਲ 2011 ਨੂੰ ਜਦੋਂ ਅੰਨਾ ਹਜ਼ਾਰੇ ਦੇ ਪਹਿਲੇ 'ਮਰਨ ਵਰਤ' ਨੂੰ ਅਜੇ ਕੁਝ ਦਿਨ ਹੀ ਹੋਏ ਸਨ, ਤਾਂ ਭ੍ਰਿਸ਼ਟਾਚਾਰ ਦੇ ਵੱਡੇ ਘੁਟਾਲਿਆਂ, ਜਿਨ੍ਹਾਂ ਨੇ ਨਿਜ਼ਾਮ ਦੀ ਭਰੋਸੇਯੋਗਤਾ ਨੂੰ ਸੱਟ ਮਾਰੀ ਸੀ, ਤੋਂ ਧਿਆਨ ਲਾਂਭੇ ਹਟਾਉਣ ਲਈ ਸ਼ਾਸਨ ਦੇ ਕੁਝ ਹਿੱਸਿਆਂ ਵੱਲੋਂ ਅੰਨਾ ਟੀਮ ਨੂੰ ਅੱਗੇ ਲੈ ਆਂਦਾ ਗਿਆ ਸੀ। ਇਹ 'ਸਿਵਲ ਸੋਸਾਇਟੀ ਗਰੁੱਪ' ਆਪਣੇ ਆਪ ਨੂੰ ਭ੍ਰਿਸ਼ਟਾਚਾਰ ਵਿਰੋਧੀ ਅਖਵਾਉਂਦਾ ਹੈ। ਇਸ ਨੇ ਕਨੂੰਨ ਦਾ ਇਕ ਨਵਾਂ ਖਰੜਾ ਤਿਆਰ ਕਰਨ ਲਈ ਬਣੀ ਇਕ ਸਾਂਝੀ ਕਮੇਟੀ ਵਿਚ ਹਿੱਸਾ ਲੈਣਾ ਮੰਨ ਲਿਆ ਸੀ। ਕੁਝ ਮਹੀਨੇ ਬੀਤਣ ਤੋਂ ਬਾਅਦ ਸਰਕਾਰ ਨੇ ਇਹ ਜਤਨ ਛੱਡ ਦਿੱਤਾ ਅਤੇ ਸੰਸਦ ਵਿੱਚ ਆਪਣਾ ਬਿੱਲ ਪੇਸ਼ ਕਰ ਦਿੱਤਾ। ਇਹ ਬਿੱਲ ਏਨਾ ਨੁਕਸਦਾਰ ਸੀ ਕਿ ਇਸ ਉੱਪਰ ਗੰਭੀਰਤਾ ਨਾਲ ਵਿਚਾਰ ਕੀਤਾ ਹੀ ਨਹੀਂ ਸੀ ਜਾ ਸਕਦਾ।

ਫਿਰ 16 ਅਗਸਤ ਨੂੰ ਦੂਜੇ 'ਮਰਨ ਵਰਤ' ਦੀ ਸਵੇਰ ਨੂੰ ਜਦੋਂ ਅੰਨਾ ਨੇ ਅਜੇ ਵਰਤ ਸ਼ੁਰੂ ਨਹੀਂ ਸੀ ਕੀਤਾ ਜਾਂ ਕੋਈ ਕਨੂੰਨੀ ਅਪਰਾਧ ਨਹੀਂ ਸੀ ਕੀਤਾ, ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜੇਲ੍ਹ ਭੇਜ ਦਿੱਤਾ ਗਿਆ। ਜਿਹੜੀ ਜੱਦੋ-ਜਹਿਦ ਜਨ ਲੋਕਪਾਲ ਬਿੱਲ ਦੇ ਹੱਕ 'ਚ ਸ਼ੁਰੂ ਕੀਤੀ ਗਈ ਸੀ, ਹੁਣ ਉਹ ਰੋਸ ਪ੍ਰਗਟ ਕਰਨ ਦੇ ਅਧਿਕਾਰ ਦੀ ਜੱਦੋ-ਜਹਿਦ ਵਿਚ ਬਦਲ ਗਈ ਅਤੇ ਇਸ ਨੂੰ ਜਮਹੂਰੀਅਤ ਲਈ ਜੱਦੋ ਜਹਿਦ ਦਾ ਰੂਪ ਦੇਣ ਦਾ ਜਤਨ ਕਰਾਰ ਦੇ ਦਿੱਤਾ ਗਿਆ। ਇਸ ਦੂਜੀ 'ਆਜ਼ਾਦੀ ਦੀ ਜੰਗ' ਦੇ ਕੁਝ ਘੰਟਿਆਂ ਅੰਦਰ ਹੀ ਅੰਨਾ ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਨੇ ਚਲਾਕੀ ਨਾਲ ਜੇਲ੍ਹ ਛੱਡਣ ਤੋਂ ਇਨਕਾਰ ਕਰ ਦਿੱਤਾ, ਪ੍ਰੰਤੂ ਉਹ ਜੇਲ੍ਹ ਵਿਚ ਇਕ ਸਤਿਕਾਰਤ ਮਹਿਮਾਨ ਵਜੋਂ ਰਿਹਾ, ਜਿੱਥੇ ਉਸ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਅਤੇ ਮੰਗ ਕੀਤੀ ਕਿ ਉਸ ਨੂੰ ਕਿਸੇ ਜਨਤਕ ਥਾਂ ਉੱਤੇ ਵਰਤ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ। ਤਿੰਨ ਦਿਨਾਂ ਲਈ, ਜਦੋਂ ਕਿ ਭੀੜਾਂ ਅਤੇ ਟੀ ਵੀ ਕੈਮਰਿਆਂ ਵਾਲਿਆਂ ਵੈਨਾਂ ਬਾਹਰ ਇਕੱਠੀਆਂ ਹੋ ਰਹੀਆਂ ਸਨ, ਅੰਨਾ ਟੋਲੀ ਦੇ ਮੈਂਬਰ ਇਸ ਜ਼ਬਰਦਸਤ ਸੁਰੱਖਿਆ ਵਾਲੀ ਜੇਲ੍ਹ 'ਚ ਆਉਂਦੇ-ਜਾਂਦੇ ਰਹੇ। ਓਥੋਂ ਉਸ ਦੇ ਵੀਡੀਓ ਸੁਨੇਹੇ ਲਿਆਉਂਦੇ ਰਹੇ, ਜਿਹੜੇ ਸਾਰੇ ਰਾਸ਼ਟਰੀ ਟੀ ਵੀ ਚੈਨਲਾਂ ਉੱਤੇ ਪ੍ਰਸਾਰਤ ਹੁੰਦੇ ਰਹੇ (ਹੋਰ ਕਿਹੜੇ ਵਿਅਕਤੀ ਨੂੰ ਅਜਿਹੀ ਖੁੱਲ੍ਹ ਦਿੱਤੀ ਜਾ ਗਈ)। ਇਸ ਦੌਰਾਨ ਦਿੱਲੀ ਦੀ ਮਿਉਂਸਪਲ ਕਾਰਪੋਰੇਸ਼ਨ ਦੇ 250 ਮੁਲਾਜ਼ਮ, 15 ਟਰੱਕ ਅਤੇ ਛੇ ਜ਼ਮੀਨ ਪੱਧਰੀ ਕਰਨ ਵਾਲੀਆਂ ਮਸ਼ੀਨਾਂ ਰਾਤ ਦਿਨ ਕੰਮ ਕਰਦੀਆਂ ਰਹੀਆਂ, ਤਾਂ ਜੁ ਰਾਮ ਲੀਲ੍ਹਾ ਗਰਾਉਂਡ ਨੂੰ ਹਫ਼ਤੇ ਦੇ ਅੰਤ ਉੱਤੇ ਹੋਣ ਵਾਲੇ ਮਹਾਨ ਤਮਾਸ਼ੇ ਲਈ ਤਿਆਰ ਕੀਤਾ ਜਾ ਸਕੇ। ਅਤੇ ਹੁਣ ਪੂਰੀ ਤੀਬਰਤਾ ਨਾਲ ਇੰਤਜ਼ਾਰ ਕਰਨ ਤੋਂ ਬਾਅਦ ਭੀੜਾਂ ਵੱਲੋਂ ਲਗਾਏ ਜਾ ਰਹੇ ਨਾਹਰਿਆਂ ਅਤੇ ਕਰੇਨਾਂ ਉੱਤੇ ਫਿੱਟ ਕੈਮਰਿਆਂ ਦੇ ਸਾਹਮਣੇ, ਅਤੇ ਅਤੀ ਮਹਿੰਗੇ ਡਾਕਟਰਾਂ ਦੀ ਦੇਖ-ਰੇਖ ਹੇਠ ਅੰਨਾ ਦੇ ਮਰਨ ਵਰਤ ਦਾ ਤੀਜਾ ਪੜਾਅ ਸ਼ੁਰੂ ਹੋ ਗਿਆ। ਸਾਨੂੰ ਟੀ ਵੀ ਬੁਲਾਰੇ 'ਕਸ਼ਮੀਰ ਤੋਂ ਕੰਨਿਆਂ ਕੁਮਾਰੀ ਤੱਕ, ਭਾਰਤ ਇਕ ਹੈ' ਦੀ ਗੱਲ ਦੱਸਣ ਲੱਗੇ ਹੋਏ ਹਨ।

ਭਾਵੇਂ ਉਸ ਦੇ ਤੌਰ-ਤਰੀਕੇ ਗਾਂਧੀਵਾਦੀ ਹੋਣ, ਪ੍ਰੰਤੂ ਅੰਨਾ ਹਜ਼ਾਰੇ ਦੀਆਂ ਮੰਗਾਂ ਬਿਲਕੁਲ ਗਾਂਧੀਵਾਦੀ ਨਹੀਂ ਹਨ। ਗਾਂਧੀ ਜੀ ਦੇ ਸੱਤਾ ਦੇ ਵਿਕੇਂਦਰੀਕਰਨ ਦੇ ਵਿਚਾਰਾਂ ਦੇ ਉਲਟ ਜਨ ਲੋਕਪਾਲ ਬਿੱਲ, ਇਕ ਤਾਨਾਸ਼ਾਹੀ ਭ੍ਰਿਸ਼ਟਾਚਾਰ-ਵਿਰੋਧੀ ਕਨੂੰਨ ਹੈ, ਜਿਸ ਰਾਹੀਂ ਬੜੇ ਧਿਆਨ ਨਾਲ ਚੁਣੇ ਹੋਏ ਲੋਕ ਹਜ਼ਾਰਾਂ ਮੁਲਾਜ਼ਮਾਂ ਦੀ ਮਦਦ ਨਾਲ, ਨੌਕਰਸ਼ਾਹੀ ਦੀ ਨਿਗਰਾਨੀ ਕਰਨਗੇ, ਜਿਨ੍ਹਾਂ ਕੋਲ ਪ੍ਰਧਾਨ ਮੰਤਰੀ, ਨਿਆਂ ਪਾਲਿਕਾ, ਸੰਸਦ ਮੈਂਬਰਾਂ ਅਤੇ ਸਮੁੱਚੀ ਨੌਕਰਸ਼ਾਹੀ ਉੱਪਰ ਡੰਡਾ-ਚਲਾਉਣ ਦੀ ਸ਼ਕਤੀ ਹੋਵੇਗੀ, ਜਿਸ ਦੀ ਮਾਰ ਹੇਠ ਸਰਕਾਰ ਦਾ ਸਭ ਤੋਂ ਛੋਟਾ ਅਧਿਕਾਰੀ ਵੀ ਆ ਜਾਏਗਾ। ਲੋਕਪਾਲ ਕੋਲ ਤਫ਼ਤੀਸ਼ ਕਰਨ, ਨੀਝ ਰੱਖਣ ਅਤੇ ਮੁਕੱਦਮੇ ਚਲਾਉਣ ਦੀਆਂ ਸ਼ਕਤੀਆਂ ਹੋਣਗੀਆਂ, ਸਿਵਾਏ ਇਸ ਗੱਲ ਦੇ ਕਿ ਇਸ ਕੋਲ ਆਪਣੀਆਂ ਜੇਲ੍ਹਾਂ ਨਹੀਂ ਹੋਣਗੀਆਂ। ਇਹ ਇਕ ਆਜ਼ਾਦ ਪ੍ਰਸ਼ਾਸਨ ਵਜੋਂ ਕਾਰਜ ਕਰੇਗਾ, ਜਿਸ ਦਾ ਉਦੇਸ਼ ਫਿੱਟੇ ਹੋਏ, ਬੇਮੁਹਾਰ ਭ੍ਰਿਸ਼ਟ ਲੋਕਾਂ ਦਾ ਮੁਕਾਬਲਾ ਕਰਨਾ ਹੋਵੇਗਾ, ਜੋ ਸਾਡੇ ਕੋਲ ਪਹਿਲਾਂ ਹੀ ਹੈ। ਇਸ ਨਾਲ ਇਕ ਦੀ ਬਜਾਏ ਦੋ ਕੁਲੀਨ-ਤੰਤਰ ਹੋਂਦ ਵਿਚ ਆ ਜਾਣਗੇ।

ਇਹ ਢਾਂਚਾ ਕੰਮ ਕਰਦਾ ਹੈ ਕਿ ਨਹੀਂ, ਇਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਭ੍ਰਿਸ਼ਟਾਚਾਰ ਬਾਰੇ ਅਸੀਂ ਕੀ ਸੋਚਦੇ ਹਾਂ। ਕੀ ਭ੍ਰਿਸ਼ਟਾਚਾਰ ਕੇਵਲ ਇਕ ਕਾਨੂੰਨੀਅਤ, ਵਿੱਤੀ ਬੇਨਿਯਮੀ ਅਤੇ ਰਿਸ਼ਵਤ ਦਾ ਮਾਮਲਾ ਹੈ ਜਾਂ ਇਹ ਇਕ ਸਮਾਜਿਕ ਲੈਣ-ਦੇਣ ਦਾ ਮਾਮਲਾ ਹੈ, ਤੇ ਉਹ ਵੀ ਇਕ ਅਜਿਹੇ ਸਮਾਜ ਵਿਚ, ਜਿਹੜਾ ਬੁਨਿਆਦੀ ਤੌਰ ਉੱਤੇ ਨਾ-ਬਰਾਬਰੀ 'ਤੇ ਅਧਾਰਤ ਹੈ ਤੇ ਜਿਸ ਵਿਚ ਤਾਕਤ ਛੋਟੀ ਤੋਂ ਛੋਟੀ ਘੱਟ ਗਿਣਤੀ ਦੇ ਹੱਥਾਂ ਵਿਚ ਕੇਂਦਰਤ ਹੈ? ਮਿਸਾਲ ਦੇ ਤੌਰ ਉੱਤੇ ਜ਼ਰਾ ਖ਼ਿਆਲ ਕਰੋ ਇਕ ਅਜਿਹੇ ਸ਼ਹਿਰ ਦਾ, ਜਿਹੜਾ ਸ਼ਾਪਿੰਗ ਮਾਲਾਂ ਨਾਲ ਭਰਿਆ ਪਿਆ ਹੈ ਅਤੇ ਜਿਸ ਦੀਆਂ ਗਲੀਆਂ ਵਿਚ ਹਾਕਰਾਂ ਦੇ ਦਾਖ਼ਲੇ ਹੋਣ ਉੱਤੇ ਪਾਬੰਦੀ ਲਗਾ ਦਿੱਤੀ ਗਈ ਹੈ। ਹਾਕਰ ਸਥਾਨਕ ਪਹਿਰੇਦਾਰ ਪੁਲਸੀਏ ਅਤੇ ਮਿਉਂਸਪੈਲਿਟੀ ਦੇ ਬੰਦੇ ਨੂੰ ਥੋੜ੍ਹੀ ਜਿਹੀ ਰਿਸ਼ਵਤ ਦੇ ਦੇਂਦਾ ਹੈ ਤਾਂ ਜੁ ਉਹ ਕਨੂੰਨ ਤੋੜ ਸਕੇ ਅਤੇ ਆਪਣੀਆਂ ਵਸਤਾਂ ਉਨ੍ਹਾਂ ਕੋਲ ਵੇਚ ਸਕੇ, ਜਿਹੜੇ ਸ਼ਾਪਿੰਗ ਮਾਲਜ਼ ਵਿੱਚੋਂ ਮਿਲਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਅਦਾ ਨਹੀਂ ਕਰ ਸਕਦੇ। ਕੀ ਇਹ ਕੋਈ ਭਿਆਨਕ ਗੱਲ ਹੈ? ਭਵਿੱਖ ਵਿਚ ਉਸ ਨੂੰ ਲੋਕਪਾਲ ਦੇ ਪ੍ਰਤੀਨਿਧ ਨੂੰ ਕੁਝ ਦੇਣਾ ਪਵੇਗਾ? ਕੀ ਆਮ ਲੋਕਾਂ ਵੱਲੋਂ ਸਹਿਣ ਕੀਤੀਆਂ ਜਾ ਰਹੀਆਂ ਸਮੱਸਿਆਵਾਂ ਦਾ ਹੱਲ ਢਾਂਚਾਗਤ ਨਾ-ਬਰਾਬਰੀ ਨੂੰ ਖ਼ਤਮ ਕਰਨ ਵਿਚ ਹੈ ਜਾਂ ਇਕ ਹੋਰ ਸੱਤਾ ਢਾਂਚਾ ਖੜਾ ਕਰਨ ਵਿਚ, ਜਿਸ ਨਾਲ ਲੋਕਾਂ ਨੂੰ ਨਜਿੱਠਣਾ ਪਵੇਗਾ?

*ਬਿਨਾਂ ਸ਼ੱਕ ਇਹ ਭੁੱਖ-ਹੜਤਾਲ ਇਰੋਮ ਸ਼ਰਮੀਲਾ ਦੀ ਭੁੱਖ-ਹੜਤਾਲ ਨਹੀਂ ਹੈ, ਜਿਹੜੀ 11 ਸਾਲਾਂ ਤੋਂ ਵੱਧ ਸਮੇਂ ਤੋਂ ਸੁਰੱਖਿਆ ਬਲਾਂ ਵੱਲੋਂ ਦਖ਼ਲ ਦੇਣ ਵਾਲੇ ਕਾਨੂੰਨ ਵਿਰੁੱਧ ਚੱਲੀ ਆ ਰਹੀ ਹੈ (ਹੁਣ ਉਸ ਨੂੰ ਜਬਰੀ ਖ਼ੁਰਾਕ ਦਿੱਤੀ ਜਾ ਰਹੀ ਹੈ)। ਇਸ ਕਨੂੰਨ ਅਧੀਨ ਫ਼ੌਜੀਆਂ ਨੂੰ ਇਜਾਜ਼ਤ ਹੈ ਕਿ ਉਹ ਮਨੀਪੁਰ ਵਿਚ ਕੇਵਲ ਸ਼ੱਕ ਦੀ ਬਿਨਾਅ ਉੱਤੇ ਹੀ ਕਿਸੇ ਨੂੰ ਕਤਲ ਕਰ ਸਕਦੇ ਹਨ। ਇਸ ਦਾ ਮਤਲਬ ਕਿ ਉਹ ਲੜੀਵਾਰ ਭੁੱਖ ਹੜਤਾਲ ਵੀ ਨਹੀਂ ਹੈ, ਜਿਹੜੀ ਇਸ ਵੇਲੇ ਕੂਦਾਕੁਲਮ ਵਿਚ ਦਸ ਹਜ਼ਾਰ ਪੇਂਡੂਆਂ ਵੱਲੋਂ ਇਕ ਪ੍ਰਮਾਣੂ ਬਿਜਲੀ ਪਲਾਂਟ ਸਥਾਪਤ ਕਰਨ ਵਿਰੁੱਧ ਰੋਸ ਪ੍ਰਗਟ ਕਰਨ ਵਜੋਂ ਚੱਲ ਰਹੀ ਹੈ। ਲੋਕਾਂ ਦਾ ਮਤਲਬ ਉਨ੍ਹਾਂ ਮਨੀਪੁਰੀਆਂ ਤੋਂ ਨਹੀਂ ਹੈ, ਜਿਹੜੇ ਇਰੋਮ ਸ਼ਰਮੀਲਾ ਦੇ ਵਰਤ ਦੀ ਹਮਾਇਤ ਕਰਦੇ ਹਨ। ਨਾ ਹੀ ਇਸ ਦਾ ਮਤਲਬ ਉਨ੍ਹਾਂ ਹਜ਼ਾਰਾਂ ਲੋਕਾਂ ਤੋਂ ਹੈ, ਜਿਹੜੇ ਹਥਿਆਰਬੰਦ ਪੁਲਸੀਆਂ ਅਤੇ ਖ਼ਾਣ ਮਾਫ਼ੀਆਂ ਦਾ ਮੁਕਾਬਲਾ ਜਗਤ ਸਿੰਘਪੁਰਾ ਜਾਂ ਕਲਿੰਗਾਨਗਰ ਜਾਂ ਕਿ ਆਮਗਿਰੀ, ਬਸਤਰ ਅਤੇ ਜੈਤਪੁਰ ਵਿਚ ਕਰ ਰਹੇ ਹਨ। ਨਾ ਸਾਡਾ ਮਤਲਬ ਭੁਪਾਲ ਗੈਸ ਰਿਸਾਓ ਦੇ ਸ਼ਿਕਾਰਾਂ ਤੋਂ ਹੈ ਅਤੇ ਨਾ ਹੀ ਨਰਮਦਾ ਘਾਟੀ ਵਿਚਲੇ ਡੈਮਾਂ ਦੀ ਉਸਾਰੀ ਕਾਰਨ ਬੇਘਰ ਹੋਏ ਲੋਕਾਂ ਦੇ ਸੰਘਰਸ਼ ਤੋਂ ਹੈ। ਨਾ ਹੀ ਸਾਡਾ ਮਤਲਬ ਨੋਇਡਾ, ਪੁਣੇ, ਹਰਿਆਣਾ ਅਤੇ ਦੇਸ਼ ਵਿਚ ਹੋਰਨੀਂ ਥਾਂਈ ਕਿਸਾਨਾਂ ਕੋਲੋਂ ਜਬਰੀ ਜ਼ਮੀਨਾਂ ਹਥਿਆਉਣ ਦੇ ਵਿਰੋਧ ਵਿਚ ਚੱਲੇ ਅੰਦੋਲਨਾਂ ਤੋਂ ਹੈ।*

ਇਸ ਦੇ ਨਾਲ ਹੀ ਪਿੱਠ-ਭੂਮੀ ਗਾਣੇ, ਅੰਧ-ਰਾਸ਼ਟਰਵਾਦ ਅਤੇ ਅੰਨਾ ਦੇ ਇਨਕਲਾਬ ਦੇ ਝੰਡੇ ਲਹਿਰਾਉਣਾ; ਸਭ ਕੁਝ ਰਾਖਵੇਂਕਰਨ ਵਿਰੋਧੀ ਰੋਸਿਆਂ, ਸੰਸਾਰ-ਕੱਪ ਜਿੱਤ ਪਰੇਡਾਂ ਅਤੇ ਪ੍ਰਮਾਣੂ ਤਜਰਬਿਆਂ ਦੇ ਜਸ਼ਨਾਂ ਵਿੱਚੋਂ ਲਿਆ ਗਿਆ ਹੈ। ਉਹ ਫ਼ਰਮਾਉਂਦੇ ਹਨ ਕਿ ਜੇ ਅਸੀਂ ਭੁੱਖ ਹੜਤਾਲ ਦੀ ਹਮਾਇਤ ਨਹੀਂ ਕਰਦੇ ਤਾਂ ਅਸੀਂ 'ਸੱਚੇ ਭਾਰਤੀ' ਨਹੀਂ ਹਾਂ। 24 ਘੰਟੇ ਵਾਲੇ ਚੈਨਲਾਂ ਨੇ ਇਹ ਫ਼ੈਸਲਾ ਕੀਤਾ ਹੋਇਆ ਹੈ ਕਿ ਦੇਸ਼ ਵਿੱਚੋਂ ਦੇਣ ਵਾਲੀ ਹੋਰ ਕੋਈ ਖ਼ਬਰ ਹੈ ਹੀ ਨਹੀਂ।

ਬਿਨਾਂ ਸ਼ੱਕ ਇਹ ਭੁੱਖ-ਹੜਤਾਲ ਇਰੋਮ ਸ਼ਰਮੀਲਾ ਦੀ ਭੁੱਖ-ਹੜਤਾਲ ਨਹੀਂ ਹੈ, ਜਿਹੜੀ 11 ਸਾਲਾਂ ਤੋਂ ਵੱਧ ਸਮੇਂ ਤੋਂ ਸੁਰੱਖਿਆ ਬਲਾਂ ਵੱਲੋਂ ਦਖ਼ਲ ਦੇਣ ਵਾਲੇ ਕਾਨੂੰਨ ਵਿਰੁੱਧ ਚੱਲੀ ਆ ਰਹੀ ਹੈ (ਹੁਣ ਉਸ ਨੂੰ ਜਬਰੀ ਖ਼ੁਰਾਕ ਦਿੱਤੀ ਜਾ ਰਹੀ ਹੈ)। ਇਸ ਕਨੂੰਨ ਅਧੀਨ ਫ਼ੌਜੀਆਂ ਨੂੰ ਇਜਾਜ਼ਤ ਹੈ ਕਿ ਉਹ ਮਨੀਪੁਰ ਵਿਚ ਕੇਵਲ ਸ਼ੱਕ ਦੀ ਬਿਨਾਅ ਉੱਤੇ ਹੀ ਕਿਸੇ ਨੂੰ ਕਤਲ ਕਰ ਸਕਦੇ ਹਨ। ਇਸ ਦਾ ਮਤਲਬ ਕਿ ਉਹ ਲੜੀਵਾਰ ਭੁੱਖ ਹੜਤਾਲ ਵੀ ਨਹੀਂ ਹੈ, ਜਿਹੜੀ ਇਸ ਵੇਲੇ ਕੂਦਾਕੁਲਮ ਵਿਚ ਦਸ ਹਜ਼ਾਰ ਪੇਂਡੂਆਂ ਵੱਲੋਂ ਇਕ ਪ੍ਰਮਾਣੂ ਬਿਜਲੀ ਪਲਾਂਟ ਸਥਾਪਤ ਕਰਨ ਵਿਰੁੱਧ ਰੋਸ ਪ੍ਰਗਟ ਕਰਨ ਵਜੋਂ ਚੱਲ ਰਹੀ ਹੈ। ਲੋਕਾਂ ਦਾ ਮਤਲਬ ਉਨ੍ਹਾਂ ਮਨੀਪੁਰੀਆਂ ਤੋਂ ਨਹੀਂ ਹੈ, ਜਿਹੜੇ ਇਰੋਮ ਸ਼ਰਮੀਲਾ ਦੇ ਵਰਤ ਦੀ ਹਮਾਇਤ ਕਰਦੇ ਹਨ। ਨਾ ਹੀ ਇਸ ਦਾ ਮਤਲਬ ਉਨ੍ਹਾਂ ਹਜ਼ਾਰਾਂ ਲੋਕਾਂ ਤੋਂ ਹੈ, ਜਿਹੜੇ ਹਥਿਆਰਬੰਦ ਪੁਲਸੀਆਂ ਅਤੇ ਖ਼ਾਣ ਮਾਫ਼ੀਆਂ ਦਾ ਮੁਕਾਬਲਾ ਜਗਤ ਸਿੰਘਪੁਰਾ ਜਾਂ ਕਲਿੰਗਾਨਗਰ ਜਾਂ ਕਿ ਆਮਗਿਰੀ, ਬਸਤਰ ਅਤੇ ਜੈਤਪੁਰ ਵਿਚ ਕਰ ਰਹੇ ਹਨ। ਨਾ ਸਾਡਾ ਮਤਲਬ ਭੁਪਾਲ ਗੈਸ ਰਿਸਾਓ ਦੇ ਸ਼ਿਕਾਰਾਂ ਤੋਂ ਹੈ ਅਤੇ ਨਾ ਹੀ ਨਰਮਦਾ ਘਾਟੀ ਵਿਚਲੇ ਡੈਮਾਂ ਦੀ ਉਸਾਰੀ ਕਾਰਨ ਬੇਘਰ ਹੋਏ ਲੋਕਾਂ ਦੇ ਸੰਘਰਸ਼ ਤੋਂ ਹੈ। ਨਾ ਹੀ ਸਾਡਾ ਮਤਲਬ ਨੋਇਡਾ, ਪੁਣੇ, ਹਰਿਆਣਾ ਅਤੇ ਦੇਸ਼ ਵਿਚ ਹੋਰਨੀਂ ਥਾਂਈ ਕਿਸਾਨਾਂ ਕੋਲੋਂ ਜਬਰੀ ਜ਼ਮੀਨਾਂ ਹਥਿਆਉਣ ਦੇ ਵਿਰੋਧ ਵਿਚ ਚੱਲੇ ਅੰਦੋਲਨਾਂ ਤੋਂ ਹੈ।

ਲੋਕਾਂ ਦਾ ਮਤਲਬ ਕੇਵਲ ਉਹ ਸਰੋਤੇ ਹਨ, ਜੋ ਉਸ 74 ਸਾਲਾ ਬਜ਼ੁਰਗ ਆਦਮੀ ਨੂੰ ਵੇਖਣ ਆਏ ਹਨ, ਜਿਹੜਾ ਇਹ ਧਮਕੀ ਦੇ ਰਿਹਾ ਹੈ ਕਿ ਜੇ ਉਸ ਦੇ ਲੋਕਪਾਲ ਬਿੱਲ ਨੂੰ ਸੰਸਦ ਵਿਚ ਪੇਸ਼ ਕਰ ਕੇ ਪਾਸ ਨਾ ਕੀਤਾ ਗਿਆ ਤਾਂ ਉਹ ਭੁੱਖਾ ਰਹਿ ਕੇ ਮਰ ਜਾਏਗਾ। 'ਲੋਕਾਂ' ਦਾ ਮਤਲਬ ਹੈ ਉਹ ਹਜ਼ਾਰਾਂ ਲੋਕ, ਜਿਨ੍ਹਾਂ ਨੂੰ ਸਾਡੇ ਟੀ ਵੀ ਚੈਨਲਾਂ ਨੇ ਕਰਾਮਾਤੀ ਢੰਗ ਨਾਲ ਵਧਾ-ਚੜ੍ਹਾਅ ਕੇ ਲੱਖਾਂ ਵਾਲੇ ਇਕੱਠਾਂ ਵਿਚ ਬਦਲ ਦਿੱਤਾ ਹੈ। ਸਾਨੂੰ ਦੱਸਿਆ ਗਿਆ ਹੈ ਕਿ ਇਕ ਅਰਬ ਅਵਾਜ਼ਾਂ ਨੇ ਪੁਕਾਰਿਆ ਹੈ ਕਿ 'ਭਾਰਤ ਅੰਨਾ ਹੈ'।

ਅਸਲ ਵਿਚ ਇਹ ਨਵਾਂ ਸੰਤ, ਇਹ ਲੋਕਾਂ ਦੀ ਆਵਾਜ਼, ਹੈ ਕੌਣ? ਅਜੀਬ ਗੱਲ ਇਹ ਹੈ ਕਿ ਉਸ ਨੇ ਜ਼ਰੂਰੀ ਗੱਲਾਂ ਬਾਰੇ ਕੁਝ ਵੀ ਨਹੀਂ ਕਿਹਾ। ਆਪਣੇ ਗਵਾਂਢ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਕੁਝ ਵੀ ਨਹੀਂ ਕਿਹਾ ਅਤੇ ਨਾ ਹੀ ਥੋੜ੍ਹੀ ਜਿਹੀ ਦੂਰੀ ਉੱਤੇ ਹੋ ਰਹੇ ਓਪਰੇਸ਼ਨ ਗਰੀਨ ਹੰਟ ਬਾਰੇ ਉਹ ਬੋਲਿਆ ਹੈ। ਉਸ ਨੇ ਸਿੰਗੂਰ, ਨੰਦੀਗ੍ਰਾਮ, ਲਾਲਗੜ੍ਹ ਬਾਰੇ ਵੀ ਕੁਝ ਨਹੀਂ ਕਿਹਾ ਅਤੇ ਨਾ ਹੀ ਉਨ੍ਹਾਂ ਕਿਸਾਨਾਂ ਦੀਆਂ ਜੱਦੋ-ਜਹਿਦਾਂ ਜਾਂ ਵਿਸ਼ੇਸ਼ ਆਰਥਿਕ ਜ਼ੋਨਾਂ ਬਾਰੇ ਕੁਝ ਕਿਹਾ ਹੈ, ਜਿਨ੍ਹਾਂ ਦੀ ਜ਼ਮੀਨ ਪਾਸਕੋ ਵਰਗੇ ਪਲਾਂਟਾਂ ਦੀ ਸਥਾਪਤੀ ਲਈ ਹਥਿਆਈ ਜਾ ਰਹੀ ਹੈ। ਉਹ ਰਾਜ ਠਾਕਰੇ ਦੇ 'ਮਰਾਠੀ ਮਾਨਸ' ਦੇ ਝੱਲ ਦੀ ਜ਼ਰੂਰ ਹਮਾਇਤ ਕਰਦਾ ਹੈ ਅਤੇ ਉਸ ਨੇ ਗੁਜਰਾਤ ਦੇ ਮੁੱਖ ਮੰਤਰੀ ਦੇ 'ਵਿਕਾਸ ਮਾਡਲ' ਦੀ ਤਾਰੀਫ਼ ਕੀਤੀ ਹੈ, ਜਿਸ ਨੇ 2002 ਦੇ ਮੁਸਲਮਾਨਾਂ ਦੇ ਕਤਲੇਆਮ ਦੀ ਸਰਕਾਰੀ ਤੌਰ ਉੱਤੇ ਸਰਪ੍ਰਸਤੀ ਕੀਤੀ ਸੀ (ਅੰਨਾ ਨੇ ਜਨਤਾ ਦੇ ਰੋਹ ਪ੍ਰਗਟ ਕਰਨ ਮਗਰੋਂ ਉਹ ਬਿਆਨ ਤਾਂ ਵਾਪਸ ਲੈ ਲਿਆ, ਪ੍ਰੰਤੂ ਉਸ ਦੀ ਪ੍ਰਸੰਸਾ ਵਾਪਸ ਨਹੀਂ ਸੀ ਲਈ)। ਸੁੱਘੜ ਪੱਤਰਕਾਰਾਂ ਨੇ ਰਾਮ-ਰੌਲੇ ਦੇ ਬਾਵਜੂਦ ਉਹ ਕੁਝ ਕੀਤਾ, ਜੋ ਕਿ ਸੱਚੇ ਪੱਤਰਕਾਰ ਕਰਦੇ ਹਨ। ਹੁਣ ਸਾਡੇ ਸਾਹਮਣੇ ਉਹ ਪਿਛਲੀ ਕਹਾਣੀ ਆ ਗਈ ਹੈ, ਜਿਹੜੀ ਅੰਨਾ ਦੇ ਆਰ ਐੱਸ ਐੱਸ ਨਾਲ ਸੰਬੰਧ ਰੱਖਣ ਬਾਰੇ ਹੈ। ਅਸਾਂ ਮੁਕੁਲ ਸ਼ਰਮਾ ਕੋਲੋਂ ਸੁਣਿਆ ਹੈ, ਜਿਸ ਨੇ ਰਾਲੇਗਣ ਸਿੱਧੀ ਨਾਂਅ ਦੇ ਅੰਨਾ ਦੇ ਪਿੰਡ ਦੇ ਭਾਈਚਾਰੇ ਬਾਰੇ ਕਿਹਾ ਹੈ, ਜਿੱਥੇ ਗ੍ਰਾਮ ਪੰਚਾਇਤ ਜਾਂ ਸਹਿਕਾਰੀ ਸੰਸਥਾ ਦੀ ਚੋਣ ਪਿਛਲੇ 25 ਸਾਲਾਂ ਦੌਰਾਨ ਹੋਈ ਹੀ ਨਹੀਂ। ਅਸੀਂ ਹਰਿਜਨਾਂ ਬਾਰੇ ਅੰਨਾ ਦੇ ਵਤੀਰੇ ਨੂੰ ਜਾਣਦੇ ਹਾਂ। ਇਹ ਮਹਾਤਮਾ ਗਾਂਧੀ ਦਾ ਦ੍ਰਿਸ਼ਟੀਕੋਣ ਸੀ ਕਿ ਹਰ ਪਿੰਡ ਵਿਚ ਇਕ ਚਮਾਰ, ਇਕ ਸੁਨਾਰ, ਇਕ ਘੁਮਿਆਰ ਆਦਿ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਆਪਣੇ ਸਾਰੇ ਕੰਮ ਆਪਣੀ ਭੂਮਿਕਾ ਅਤੇ ਪੇਸ਼ੇ ਅਨੁਸਾਰ ਕਰਨੇ ਚਾਹੀਦੇ ਹਨ ਅਤੇ ਇੰਞ ਇਕ ਪਿੰਡ ਆਤਮ-ਨਿਰਭਰ ਹੋ ਜਾਏਗਾ। ਇਹ ਉਹ ਗੱਲ ਹੈ, ਜਿਹੜੀ ਅਸੀਂ ਰਾਲੇਗਣ ਸਿੱਧੀ ਵਿਚ ਅਮਲ ਵਿਚ ਆਉਂਦੀ ਦੇਖ ਰਹੇ ਹਾਂ। ਕੀ ਇਹ ਹੈਰਾਨੀ ਦੀ ਗੱਲ ਹੈ ਕਿ ਅੰਨਾ ਦੀ ਟੀਮ ਦੇ ਮੈਂਬਰ ਯੂਥ ਫਾਰ ਇਕੁਐਲਿਟੀ ਨਾਲ ਜੁੜੇ ਹੋਏ ਹਨ, ਜੋ ਕਿ ਰਾਖਵੇਂਕਰਨ ਦੀ ਵਿਰੋਧੀ ਸੀ? ਉਸ ਦੀ ਮੁਹਿੰਮ ਦਾ ਸੰਚਾਲਨ ਅਜਿਹੇ ਲੋਕਾਂ ਵੱਲੋਂ ਕੀਤਾ ਜਾ ਰਿਹਾ ਹੈ, ਜਿਹੜੇ ਖੁੱਲ੍ਹਦਿਲੀ ਨਾਲ ਮਿਲੇ ਫ਼ੰਡਾਂ ਦੀ ਮਦਦ ਨਾਲ ਸੋਇਮ ਸੇਵੀ ਸੰਸਥਾਵਾਂ ਚਲਾ ਰਹੇ ਹਨ। ਇਹਨਾਂ ਦੇ ਦਾਨ ਦੇਣ ਵਾਲਿਆਂ ਵਿਚ ਕੋਕਾ ਕੋਲਾ, ਲੇਹਮੈਨ ਬ੍ਰਦਰਜ਼, ਕਬੀਰ ਸ਼ਾਮਲ ਹਨ। ਇਹ ਅੰਨਾ ਟੀਮ ਵਿਚ ਕੁੰਜੀਵਤ ਵਿਅਕਤੀ ਹਨ। ਇਹ ਉਹ ਲੋਕ ਹਨ, ਜਿਨ੍ਹਾਂ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਫੋਰਡ ਫਾਊਂਡੇਸ਼ਨ ਕੋਲੋਂ 4,00,000 ਡਾਲਰ ਦੀ ਰਕਮ ਦਾਨ ਵਜੋਂ ਹਾਸਲ ਕੀਤੀ ਹੈ। ਇੰਡੀਆ ਅਗੇਂਸਟ ਕੁਰ-ਪਸ਼ਨ ਮੁਹਿੰਮ ਨੂੰ ਦਾਨ ਦੇਣ ਵਾਲਿਆਂ ਵਿਚ ਕੁਝ ਭਾਰਤੀ ਕੰਪਨੀਆਂ ਅਤੇ ਫਾਊਂਡੇਸ਼ਨਾਂ ਹਨ, ਜਿਹੜੀਆਂ ਅਲੂਮੀਨੀਅਮ ਪਲਾਂਟਾਂ ਦੀਆਂ ਮਾਲਕ ਹਨ, ਬੰਦਰਗਾਹਾਂ ਉਸਾਰਦੀਆਂ ਹਨ ਅਤੇ ਸੇਜ (ਵਿਸ਼ੇਸ਼ ਆਰਥਿਕ ਜ਼ੋਨ) ਦੀਆਂ ਮਾਲਕ ਹਨ ਅਤੇ ਰੀਅਲ ਐਸਟੇਨ ਬਿਜ਼ਨੈਸ ਚਲਾਉਂਦੀਆਂ ਹਨ ਅਤੇ ਅਜਿਹੇ ਸਿਆਸਤਦਾਨਾਂ ਨਾਲ ਪੂਰੀ ਤਰ੍ਹਾਂ ਜੁੜੀਆਂ ਹੋਈਆਂ ਹਨ, ਜਿਹੜੇ ਹਜ਼ਾਰਾਂ ਕਰੋੜਾਂ ਦੀਆਂ ਵਿੱਤੀ ਸਲਤਨਤਾਂ ਦੇ ਮਾਲਕ ਹਨ। ਉਨ੍ਹਾਂ ਵਿੱਚੋਂ ਕੁਝ ਦੀ ਭ੍ਰਿਸ਼ਟਾਚਾਰ ਅਤੇ ਦੂਜੇ ਜੁਰਮਾਂ ਦੇ ਸੰਬੰਧ ਵਿਚ ਤਫ਼ਤੀਸ਼ ਹੋ ਰਹੀ ਹੈ। ਭਲਾ ਉਹ ਸਾਰੇ ਅੰਨਾ ਹਜ਼ਾਰੇ ਦੇ ਹੱਕ ਵਿਚ ਏਨੇ ਉਤਾਵਲੇ ਕਿਉਂ ਹੋਏ ਫਿਰਦੇ ਹਨ?

ਚੇਤੇ ਰਹੇ ਕਿ ਜਨ ਲੋਕਪਾਲ ਬਿੱਲ ਦੀ ਮੁਹਿੰਮ ਨੇ ਜ਼ੋਰ ਓਦੋਂ ਹੀ ਫੜਿਆ, ਜਦੋਂ ਵਿਕੀਲੀਕਸ ਵੱਲੋਂ ਪ੍ਰੇਸ਼ਾਨਕੁਨ ਪ੍ਰਗਟਾਵੇ ਹੋਏ। ਇਸ ਦੇ ਨਾਲ ਹੀ ਘੁਟਾਲਿਆਂ ਦੀ ਇਕ ਲੜੀ ਸਾਹਮਣੇ ਆ ਗਈ। ਇਨ੍ਹਾਂ ਵਿਚ 2-ਜੀ ਸਪੈਕਟਰਮ ਘੁਟਾਲਾ ਵੀ ਸ਼ਾਮਲ ਹੈ, ਜਿਸ ਵਿਚ ਵੱਡੀਆਂ ਕਾਰਪੋਰੇਸ਼ਨਾਂ, ਸੀਨੀਅਰ ਪੱਤਰਕਾਰ ਅਤੇ ਸਰਕਾਰ ਦੇ ਮੰਤਰੀ ਅਤੇ ਸਿਆਸਤਦਾਨ ਵਲ੍ਹੇਟੇ ਹੋਏ ਹਨ। ਇਹਨਾਂ ਦਾ ਸੰਬੰਧ ਕਾਂਗਰਸ ਅਤੇ ਭਾਜਪਾ ਦੋਹਾਂ ਨਾਲ ਜੁੜਿਆ ਹੋਇਆ ਹੈ। ਇਹਨਾਂ ਘੁਟਾਲਿਆਂ ਰਾਹੀਂ ਸਰਕਾਰੀ ਖ਼ਜ਼ਾਨੇ ਨੂੰ ਹਜ਼ਾਰਾਂ ਕਰੋੜ ਰੁਪਏ ਦਾ ਚੂਨਾ ਲਾਇਆ ਗਿਆ। ਕਈ ਸਾਲਾਂ ਦੌਰਾਨ ਪਹਿਲੀ ਵਾਰੀ ਪੱਤਰਕਾਰ ਲਾਬੀ-ਕਰਤਾ ਬੇਪਰਦ ਹੋਏ ਅਤੇ ਜਾਪਦਾ ਇੰਞ ਸੀ ਕਿ ਕਾਰਪੋਰੇਟ ਭਾਰਤ ਦੇ ਕੁਝ ਮਹਾਨ ਲੋਕ ਸ਼ਾਇਦ ਜੇਲ੍ਹ ਪਹੁੰਚ ਜਾਣ। ਇਸ ਸਭ ਕਾਸੇ ਉੱਤੇ ਪਰਦਾ ਪਾਉਣ ਲਈ ਭ੍ਰਿਸ਼ਟਾਚਾਰ-ਵਿਰੋਧੀ ਮੁਹਿੰਮ ਲਈ ਇਹ ਢੁੱਕਵਾਂ ਸਮਾਂ ਸਮਝਿਆ ਗਿਆ। ਕੀ ਇਹ ਇੰਞ ਸੀ?

ਇਕ ਅਜਿਹੇ ਵੇਲੇ, ਜਦੋਂ ਰਾਜ ਆਪਣੇ ਰਵਾਇਤੀ ਫ਼ਰਜ਼ਾਂ ਤੋਂ ਮੂੰਹ ਮੋੜ ਰਿਹਾ ਹੈ ਅਤੇ ਜਲ-ਪੂਰਤੀ, ਬਿਜਲੀ, ਆਵਾਜਾਈ, ਦੂਰ-ਸੰਚਾਰ, ਖਣਿਜ ਪਦਾਰਥਾਂ ਦੀ ਨਿਕਾਸੀ, ਸਿਹਤ ਤੇ ਵਿੱਦਿਆ ਜਿਹੇ ਖੇਤਰਾਂ ਨੂੰ ਕਾਰਪੋਰੇਸ਼ਨਾਂ ਜਾਂ ਅਖੌਤੀ ਐਨ ਜੀ ਓ ਨੂੰ ਸੰਭਾਲ ਰਿਹਾ ਹੈ, ਨਿਗਮ-ਮਾਲਕੀ ਵਾਲੇ ਪ੍ਰਚਾਰ-ਪ੍ਰਸਾਰ ਸਾਧਨਾਂ ਦੀ ਭਿਆਨਕ ਸ਼ਕਤੀ ਅਤੇ ਪਹੁੰਚ ਜਨ-ਚਿੰਤਨ ਉੱਤੇ ਨਿਯੰਤਰਨ ਕਾਇਮ ਕਰਨ ਦਾ ਯਤਨ ਕਰ ਰਹੀ ਹੈ, ਅਸੀਂ ਜਾਣਨਾ ਚਾਹੁੰਦੇ ਹਾਂ ਕਿ ਇਨ੍ਹਾਂ ਸੰਸਥਾਵਾਂ, ਕਾਰਪੋਰੇਸ਼ਨਾਂ, ਮੀਡੀਆ ਅਤੇ ਐਨ ਜੀ ਓਜ਼ ਨੂੰ ਵੀ ਲੋਕਪਾਲ ਬਿੱਲ ਦੇ ਦਾਇਰੇ ਵਿਚ ਲਿਆਉਣ ਦੀ ਗੱਲ ਕਿਉਂ ਨਹੀਂ ਕੀਤੀ ਜਾ ਰਹੀ? ਇਸ ਦੀ ਬਜਾਏ ਹੁੰਦਾ ਇਹ ਹੈ ਕਿ ਪ੍ਰਸਤਾਵਤ ਬਿੱਲ ਉਨ੍ਹਾਂ ਨੂੰ ਪੂਰੀ ਤਰ੍ਹਾਂ ਛੋਟ ਦੇਂਦਾ ਹੈ।

ਹੁਣ ਬਾਕੀ ਸਾਰਿਆਂ ਨਾਲ ਉੱਚੀ ਸੁਰ ਵਿਚ ਸ਼ੋਰ ਮਚਾ ਕੇ, ਉਸ ਮੁਹਿੰਮ ਨੂੰ ਧੱਕਾ ਦੇ ਕੇ, ਜਿਹੜੀ ਬੁਰੇ ਸਿਆਸਤਦਾਨਾਂ ਅਤੇ ਸਰਕਾਰੀ ਭ੍ਰਿਸ਼ਟਾਚਾਰ ਉੱਤੇ ਜ਼ੋਰ ਦੇ ਰਹੀ ਹੈ, ਉਹ ਬੜੀ ਚਲਾਕੀ ਨਾਲ ਆਪਣੇ ਆਪ ਨੂੰ ਫੰਦੇ ਤੋਂ ਬਚਾਉਣ ਦੇ ਆਹਰ ਕਰਨ ਵਿਚ ਲੱਗੇ ਹੋਏ ਹਨ। ਇਸ ਨਾਲੋਂ ਵੀ ਮਾੜੀ ਗੱਲ ਇਹ ਹੋਈ ਹੈ ਕਿ ਕੇਵਲ ਸਰਕਾਰ ਨੂੰ ਹੀ ਬਲੀ ਦਾ ਬੱਕਰਾ ਬਣਾ ਕੇ ਉਹ ਇਕ ਅਜਿਹਾ ਮੰਚ ਬਣ ਬੈਠੇ ਹਨ, ਜਿਸ ਤੋਂ ਉਹ ਸਰਕਾਰ ਨੂੰ ਜਨਤਕ ਖੇਤਰ ਵਿੱਚੋਂ ਪਿੱਛੇ ਹਟਣ ਲਈ ਕਹਿ ਸਕਣਗੇ ਅਤੇ ਸੁਧਾਰਾਂ ਦੇ ਦੂਜੇ ਗੇੜ ਲਈ; ਵਧੇਰੇ ਨਿੱਜੀਕਰਨ, ਮੁੱਢਲੇ ਢਾਂਚੇ ਦੀ ਉਸਾਰੀ ਅਤੇ ਭਾਰਤ ਦੇ ਕੁਦਰਤੀ ਵਸੀਲਿਆਂ ਤੱਕ ਵਧੇਰੇ ਪਹੁੰਚ ਪ੍ਰਾਪਤ ਕਰ ਸਕਣਗੇ। ਬਹੁਤੀ ਦੇਰ ਨਹੀਂ ਲੱਗੇਗੀ ਕਿ ਨਿਗਮੀ ਭ੍ਰਿਸ਼ਟਾਚਾਰ ਨੂੰ ਕਨੂੰਨੀ ਬਣਾ ਦਿੱਤਾ ਜਾਏਗਾ ਅਤੇ ਉਸ ਦਾ ਨਵਾਂ ਨਾਂਅ 'ਲਾਬੀਇੰਗ ਫ਼ੀਸ' ਰੱਖ ਦਿੱਤਾ ਜਾਏਗਾ।

ਕੀ ਉਹ 83 ਕਰੋੜ ਲੋਕ, ਜਿਹੜੇ 20 ਰੁਪਏ ਪ੍ਰਤੀ ਦਿਨ ਉੱਤੇ ਗੁਜ਼ਾਰਾ ਕਰ ਰਹੇ ਹਨ, ਅਸਲੀਅਤ ਵਿਚ ਉਨ੍ਹਾਂ ਨੀਤੀਆਂ ਨੂੰ ਮਜ਼ਬੂਤ ਕਰਨ ਤੋਂ ਲਾਭ ਉਠਾ ਸਕਣਗੇ, ਜਿਹੜੀਆਂ ਉਨ੍ਹਾਂ ਨੂੰ ਹੋਰ ਗ਼ਰੀਬ ਕਰ ਰਹੀਆਂ ਹਨ ਅਤੇ ਇਸ ਦੇਸ਼ ਨੂੰ ਖ਼ਾਨਾਜੰਗੀ ਵੱਲ ਧੱਕ ਰਹੀਆਂ ਹਨ?

ਇਹ ਭਿਆਨਕ ਸੰਕਟ ਭਾਰਤ ਦੀ ਪ੍ਰਤੀਨਿਧ ਜਮਹੂਰੀਅਤ ਦੀ ਸਿਰੇ ਦੀ ਅਸਫ਼ਲਤਾ ਵਿੱਚੋਂ ਪੈਦਾ ਹੋਇਆ ਹੈ, ਜਿਸ ਵਿਚ ਆਦੀ ਮੁਜਰਮ ਤੇ ਕਰੋੜਾਂਪਤੀ ਸਾਡੇ ਪ੍ਰਤੀਨਿਧ ਬਣ ਬੈਠੇ ਹਨ। ਅਸਲ ਵਿਚ ਤਾਂ ਉਹ ਲੋਕ-ਪ੍ਰਤੀਨਿਧ ਅਖਵਾ ਹੀ ਨਹੀਂ ਸਕਦੇ। ਅੱਜ ਹਾਲਤ ਇਹ ਹੈ ਕਿ ਸਾਡੇ ਜਮਹੂਰੀ ਪ੍ਰਸ਼ਾਸਨਕ ਅਦਾਰੇ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਝੰਡੇ ਲਹਿਰਾਏ ਜਾਣ ਨਾਲ ਭਾਰਤੀ ਗਣਤੰਤਰ ਮਜ਼ਬੂਤ ਨਹੀਂ ਹੋ ਸਕਦਾ।

*('ਦੀ ਹਿੰਦੂ' 22 ਅਗਸਤ 2011 'ਚੋਂ ਧੰਨਵਾਦ ਸਹਿਤ)*

# ਬੋਲੀ ਤੇ ਗਲੋਬਲਾਈਜ਼ੇਸ਼ਨ

ਅਵੇਸ਼ ਆਬਿਦ

ਇਨਸਾਨ ਨੂੰ ਜਜ਼ਬੇ ਖ਼ਿਆਲਾਂ ਦੇ ਇਜ਼ਹਾਰ, ਇਕ ਦੂਜੇ ਦੀਆਂ ਲੋੜਾਂ ਪੂਰੀਆਂ ਕਰਨ, ਜ਼ਿੰਦਗੀ ਨੂੰ ਅੱਗੇ ਵਧਾਉਣ, ਫ਼ਿਤਰਤ ਦੀ ਖ਼ੂਬਸੂਰਤੀ ਬਿਆਨ ਕਰਨ ਤੇ ਆਪਸ ਵਿਚ ਰਲ ਮਿਲ ਕੇ ਰਹਿਣ ਲਈ ਬੋਲੀ ਦੀ ਲੋੜ ਹੁੰਦੀ ਏ। ਇਨਸਾਨ ਬੱਚੇ ਦੀ ਸੂਰਤ ਵਿਚ ਆਪਣੇ ਆਲੇ ਦੁਆਲੇ ਦੇ ਮਸ਼ਾਹਦੇ ਦੀ ਬੁਨਿਆਦ ਉਤੇ ਬੋਲਦਾ ਏ। ਸ਼ੁਰੂ ਵਿਚ ਇਨਸਾਨਾਂ ਨੂੰ ਜਿਸ ਸ਼ੈਅ ਦਾ ਜੋ ਚੰਗਾ ਲਗਿਆ, ਉਹ ਈ ਆਖਣਾ ਸ਼ੁਰੂ ਕਰ ਦਿਤਾ। ਇਸੇ ਤਰ੍ਹਾਂ ਮੁਖਤਲਿਫ ਇਲਾਕਿਆਂ ਦੇ ਇਨਸਾਨਾਂ ਨੇ ਚੀਜ਼ਾਂ ਦੇ ਵਖਰੇ ਵਖਰੇ ਨਾਂ ਰੱਖੇ ਤੇ ਇਜ਼ਹਾਰ ਵਾਸਤੇ ਲਫ਼ਜ ਚੁਣੇ, ਜਿਸ ਦੀ ਵਜ੍ਹਾ ਨਾਲ ਹਰ ਇਲਾਕੇ ਦੀ ਬੋਲੀ ਵਖਰੀ ਵਖਰੀ ਹੋ ਗਈ। ਇਸੇ ਤਰ੍ਹਾਂ ਹਰ ਇਲਾਕੇ ਦਾ ਖਾਵਣ ਪੀਵਣ, ਰਹਿਤ ਬਹਿਤ ਵੀ ਵਖਰੇ ਵਖਰੇ ਹੋ ਗਏ। ਇਸੇ ਲਈ ਹਰ ਇਲਾਕੇ ਦੇ ਲੋਕਾਂ ਦੀ ਪਛਾਣ ਵੀ ਇੰਜੋ ਇੰਜ ਨਜ਼ਰ ਆਉਣ ਲੱਗ ਪਈ।

ਜਦੋਂ ਵੱਖੋ ਵੱਖ ਬੋਲੀਆਂ ਬੋਲਣ ਵਾਲੇ ਲੋਕ ਆਪਸ ਵਿਚ ਮਿਲਣ ਲੱਗੇ ਤਾਂ ਬੋਲੀਆਂ ਦਾ ਅਸਰ ਇਕ ਦੂਜੇ 'ਤੇ ਹੋਣ ਲੱਗ ਪਿਆ। ਲੋਕ ਇਕ ਦੂਜੇ ਦੀ ਬੋਲੀ ਦੇ ਲਫ਼ਜ਼ ਤੇ ਇਜ਼ਹਾਰ ਦੇ ਤਰੀਕੇ ਸਮੇਟਣ ਲੱਗ ਪਏ। ਏਸ ਤਰ੍ਹਾਂ ਇਕ ਬੋਲੀ ਦੇ ਲਫ਼ਜ਼ ਦੂਜੀ ਬੋਲੀ ਵਿਚ ਵਰਤੀਵਣ ਲੱਗ ਪਏ। ਬੋਲੀਆਂ ਦਾ ਇਕ ਦੂਜੇ 'ਤੇ ਅਸਰ ਉਦੋਂ ਬਹੁਤਾ ਹੋਣ ਲੱਗਾ, ਜਦੋਂ ਇਕ ਇਲਾਕੇ ਦੇ ਬਾਦਸ਼ਾਹ ਨੇ ਦੂਜੇ ਇਲਾਕੇ ਫਤਹਿ ਕਰਨੇ ਸ਼ੁਰੂ ਕੀਤੇ, ਜਾਂ ਫਿਰ ਸੈਰੋ ਸਿਆਹਤ ਦਾ ਅਮਲ ਸ਼ੁਰੂ ਹੋਇਆ। ਸਿਆਹ ਲੋਕ ਜਿਸ ਇਲਾਕੇ ਵਿਚ ਜਾਂਦੇ ਉਸ ਇਲਾਕੇ ਨੂੰ ਕੁੱਝ ਲਫ਼ਜ਼ ਦੇ ਜਾਂਦੇ ਤੇ ਕੁੱਝ ਲਫ਼ਜ਼ ਆਪਣੇ ਇਲਾਕੇ ਲਈ ਲੈ ਜਾਂਦੇ। ਇਸ ਤਰ੍ਹਾਂ ਫ਼ਤਹਿ ਬਾਦਸ਼ਾਹ ਆਪਣੀ ਜ਼ਬਾਨ ਬੋਲਣ ਦਾ ਹੁਕਮ ਦੇਂਦਾ ਤੇ ਆਪ ਗੁਲਾਮਾਂ ਦੀ ਜ਼ਬਾਨ ਸਿੱਖਣ ਦੀ ਕੋਸ਼ਿਸ਼ ਕਰਦਾ। ਕੁਝ ਜਰਖੇਜ ਇਲਾਕਿਆਂ ਦੇ ਲੋਕ ਇਲਾਕੇ ਦੇ ਹਾਕਮ ਦੀ ਜ਼ਬਾਨ ਬੜੇ ਚਾਅ ਨਾਲ ਸਿਖਦੇ, ਤਾਂ ਜੋ ਉਹ ਦਰਬਾਰ ਦੇ ਨੇੜੇ ਹੋ ਕੇ ਮਾਲੀ ਤੇ ਸਮਾਜੀ ਫ਼ਾਇਦਾ ਚੁਕਦੇ ਰਹਿਣ, ਪਰ ਕੁੱਝ ਇਲਾਕਿਆਂ ਦੇ ਲੋਕ ਆਪਣੀ ਬੋਲੀ ਨਾਲ ਈ ਚੰਬੜੇ ਰਹਿੰਦੇ। ਅਸਲ ਵਿਚ ਹਾਕਮਾਂ ਦੀ ਬੋਲੀ ਸਿਖਣ ਵਾਲੇ ਗੁਲਾਮ ਉਨ੍ਹਾਂ ਦੇ ਲੋਕ ਹੁੰਦੇ ਨੇ ਤੇ ਨਾ ਸਿੱਖਣ ਵਾਲੇ ਆਜ਼ਾਦੀ ਪਸੰਦ ਜਾਂ ਬਾਗੀ ਹੁੰਦੇ ਨੇ। ਹਾਕਮ ਆਪਣੀ ਬਰਤਰੀ ਦਾ ਇਜ਼ਹਾਰ ਫੌਜੀ ਤਾਕਤ ਦੇ ਨਾਲ ਨਾਲ ਆਲਾ ਸਕਾਫਤ, ਵਖਰੀ ਰਹਿਤ ਬਹਿਤ ਤੇ ਜ਼ਬਾਨ ਨਾਲ ਕਰਦਾ ਸੀ। ਇਸੇ ਲਈ ਹਾਕਮ ਦੀ ਜ਼ਬਾਨ ਉਚੇ ਦਰਜੇ ਦੀ ਜ਼ਬਾਨ ਗਿਣਤੀ ਜਾਂਦੀ ਤੇ ਗੁਲਾਮਾਂ ਦੀ ਜ਼ਬਾਨ ਨੂੰ ਨਫ਼ਰਤ ਦੀ ਨਜ਼ਰ ਤੇ ਕਹਿਰ ਨਾਲ ਵੇਖਿਆ ਜਾਂਦਾ। ਗੁਲਾਮਾਂ ਵਿਚ ਐਨਾ ਖੌਫ ਪੈਦਾ ਕਰ ਦਿਤਾ ਜਾਂਦਾ, ਕਿ ਉਹ ਹਾਕਮਾਂ ਦੀ ਬੋਲੀ ਸਿੱਖਣ ਤੇ ਮਜਬੂਰ ਹੋ ਜਾਂਦੇ।

ਮਿਸਾਲ ਦੇ ਤੌਰ 'ਤੇ, ਜਦੋਂ ਰੋਮਨ ਸੁਪਰ ਪਾਵਰ ਬਣੇ ਤੇ ਉਨ੍ਹਾਂ ਦੀ ਬੋਲੀ ਮਕਬੂਜ਼ਾ ਇਲਾਕਿਆਂ ਵਿਚ ਹੂਕ ਬਣ ਕੇ ਫੈਲ ਗਈ। ਆਰੀਅਨਾਂ ਤੇ ਅਰਬੀਆਂ ਜਿਥੇ ਜਿਥੇ ਕਬਜ਼ੇ ਕੀਤੇ, ਉਥੇ ਫਾਰਸੀ ਤੇ ਅਰਬੀ ਦਾ ਰਾਜ ਰਿਹਾ। ਕਾਫੀ ਸਾਰੀਆਂ ਜ਼ਬਾਨਾਂ ਦੇ ਮਿਲਣ ਨਾਲ ਵੀ ਨਵੀਆਂ ਜ਼ਬਾਨਾਂ ਨੇ ਜਨਮ ਲਿਆ। ਜਿਵੇਂ ਐਂਗਲੋ ਤੇ ਸੈਕਸਨ ਮਿਲਣ ਨਾਲ ਅੰਗਰੇਜ਼ੀ ਬਣੀ, ਦਰਾਵੜੀ, ਪ੍ਰਾਕਿਰਤ ਤੇ ਸੰਸਕ੍ਰਿਤੀ ਤੇ ਹੋਰ ਜ਼ਬਾਨਾਂ ਨਾਲ ਮਿਲ ਕੇ ਪੰਜਾਬੀ ਬਣੀ ਤੇ ਫਾਰਸੀ, ਤੁਰਕ, ਅਰਬੀ, ਹਿੰਦੀ ਤੇ ਪੰਜਾਬੀ ਨਾਲ ਮਿਲ ਕੇ ਉਰਦੂ ਜ਼ਬਾਨ ਬਣੀ। ਬੋਲੀ ਦਾ ਤੁਅੱਲਕ ਸਿਰਫ਼ ਬੋਲਣ ਨਾਲ ਏ ਤੇ ਰਿਆਸਤੀ ਜ਼ਬਾਨ ਦਾ ਤੁਅੱਲਕ ਬੋਲਣ ਦੇ ਨਾਲ ਨਾਲ ਲਿਖਣ, ਪੜ੍ਹਨ ਤੇ ਤਹਿਜ਼ੀਬੀ ਵਿਰਸੇ ਨਾਲ ਏ।

ਜਿਵੇਂ ਜਿਵੇਂ ਪੈਦਾਵਾਰੀ ਰਿਸ਼ਤੇ ਬਦਲਦੇ ਗਏ ਉਵੇਂ ਉਵੇਂ ਜ਼ਬਾਨਾਂ ਵਿਚ ਤਬਦੀਲੀ ਆਉਂਦੀ ਗਈ। ਸੋਲ੍ਹਵੀਂ ਸਦੀ ਤੀਕਰ ਦੁਨੀਆ ਨੇ ਕੀੜੀ ਟੋਰ ਤਰਕੀ ਕੀਤੀ ਤੇ ਜ਼ਬਾਨਾਂ ਵੀ ਉਸੇ ਰਫ਼ਤਾਰ ਨਾਲ ਅੱਗੇ ਵਧੀਆਂ ਤੇ ਆਪਣੀ ਸ਼ਨਾਖਤ ਕਾਇਮ ਰੱਖੀ। ਸਤਾਰਵੀਂ ਤੋਂ 19ਵੀਂ ਸਦੀ ਦਾ 300 ਵਰ੍ਹੇ ਦਾ ਜ਼ਮਾਨਾ ਤੇਜ਼ ਰਫਤਾਰੀ ਦਾ ਜ਼ਾਮਨਾ ਰਿਹਾ। ਮਤਲਬ ਇਹ ਕਿ ਸਨਅਤੀ ਇਨਕਲਾਬ ਤੋਂ ਬਾਅਦ ਪੈਦਾਵਾਰੀ ਰਿਸ਼ਤੇ ਬਦਲ ਗਏ। ਜ਼ਰਾਇਤ ਵਿਚ ਮਸ਼ੀਨਰੀ ਦਾ ਇਸਤੇਮਾਲ ਆਮ ਹੋਇਆ। ਦਸਤੀ ਖੱਡੀ ਦੀ ਜਗ੍ਹਾ ਬਿਜਲੀ ਨਾਲ ਚਲਣ ਵਾਲੀਆਂ ਮਿੱਲਾਂ ਨੇ ਲੈ ਲਈ। ਜ਼ਿੰਦਗੀ ਦਾ ਪਹੀਆ ਤੇਜ਼ੀ ਨਾਲ ਚਲਣ ਲੱਗ ਗਿਆ ਤੇ ਮਾਈਅਸ਼ਤੀ, ਸਿਆਸਤ, ਤਹਿਜ਼ੀਬ ਸਿਹਤ ਅਤੇ ਟੈਕਨਾਲੌਜੀ ਦੀ ਜ਼ਬਾਨ ਵਿਚ ਵੀ ਫਰਕ ਪੈਦਾ ਹੋ ਗਿਆ। ਸਨਅਤੀ ਇਨਕਲਾਬ ਦੇ ਨਤੀਜੇ ਕਾਰਨ ਪੈਦਾਵਾਰੀ ਦੀ ਵਜ੍ਹਾ ਨਾਲ ਨਵੀਆਂ ਮੰਡੀਆਂ ਦੀ ਤਲਾਸ਼ ਸ਼ੁਰੂ ਹੋਈ ਤੇ ਉਸ ਵੇਲੇ ਦੀ ਸੁਪਰ ਪਾਵਰ ਅੰਗਰੇਜ਼ ਨੇ ਏਸ਼ੀਆ, ਅਫਰੀਕਾ ਤੇ ਹੋਰ ਬਹੁਤ ਸਾਰੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ, ਤਾਂ ਜੋ ਆਪਣਾ ਮਾਲ ਆਸਾਨੀ ਨਾਲ ਵੇਚਿਆ ਜਾ ਸਕੇ। ਮਾਲ ਨੂੰ ਸੁੱਖ ਨਾਲ ਵੇਚਣ ਤੇ ਆਪਣੀ ਹਕੂਮਤ ਮਜ਼ਬੂਤ ਕਰਨ ਲਈ ਅੰਗਰੇਜ਼ੀ ਨੂੰ ਸਕੂਲਾਂ ਵਿਚ ਰਾਇਜ ਕੀਤਾ। ਸਰਕਾਰੀ ਮਸ਼ੀਨਰੀ ਚਲਾਉਣ ਲਈ ਕਲਰਕ ਪੈਦਾ ਕੀਤੇ। ਜ਼ਮੀਨਾਂ ਤੇ ਨੰਬਰਦਾਰੀਆਂ ਦੀ ਮੰਡੀ ਲਾ ਕੇ ਅੰਗਰੇਜ਼ਾਂ ਦੀ ਪਨੀਰੀ ਤਿਆਰ ਕੀਤੀ, ਜਿਹੜੀ ਬੜੀ ਛੇਤੀ ਪੱਕੀ ਫਸਲ ਬਣ ਗਈ।

ਦੁਨੀਆ ਦੇ ਹਰ ਇਲਾਕੇ ਤੇ ਮੁਲਕ ਦੇ ਲੋਕਾਂ ਨੇ ਅੰਗਰੇਜ਼ਾਂ ਦੀ ਬੋਲੀ ਅੰਗਰੇਜ਼ੀ ਦਾ ਮੁਕਾਬਲਾ ਆਪਣੀਆਂ ਜ਼ਬਾਨਾਂ, ਤਹਿਜ਼ੀਬੀ ਵਿਰਸੇ ਤੇ ਧਰਤੀ ਮਾਂ ਨਾਲ ਪਿਆਰ ਦੀ ਤਾਕਤ ਨਾਲ ਕੀਤਾ, ਪਰ ਹਿੰਦੁਸਤਾਨ ਵਿਚ ਇਲਾਕਾਈ ਜ਼ਬਾਨਾਂ ਤੋਂ ਇਲਾਵਾ ਹਿੰਦੀ ਤੇ ਦੂਜੇ ਪਾਸੇ ਅਰਬੀ ਨਾਲ ਅੰਗਰੇਜ਼ੀ ਦੇ ਸਾਹਮਣੇ ਟੱਕਰ ਲਈ ਗਈ। ਹਾਕਮਾਂ ਦੀ ਜ਼ਬਾਨ ਗੁਲਾਮਾਂ ਵਾਸਤੇ ਸਿਖਣਾ ਇਕ ਮਜਬੂਰੀ ਵੀ ਹੁੰਦੀ ਏ। ਕਿਉਂਕਿ ਸਾਰੇ ਕੰਮ ਕਾਰ ਹਾਕਮਾਂ ਦੀ ਜ਼ਬਾਨ ਵਿਚ ਕੀਤੇ ਜਾਂਦੇ ਨੇ। ਹਾਕਮ ਆਪਣੀ ਜ਼ਬਾਨ ਗੁਲਾਮਾਂ ਨੂੰ ਸਿਖਾਂਦਿਆਂ ਹੋਇਆਂ ਇਹ ਸੋਚ ਰਖਦੇ ਸਨ ਕਿ ਉਨ੍ਹਾਂ ਦਾ ਰਾਜ ਲੰਮਾ ਹੋ ਜਾਂਦਾ ਸੀ ਪਰ ਸਫਾਕਤ ਦੇ ਵਿਰਸੇ ਨਾਲ ਮਾਲ ਜ਼ਬਾਨਾਂ ਬੋਲਣ ਵਾਲੇ ਲੋਕਾਂ ਨੇ ਨਾ ਸਿਰਫ਼ ਹਾਕਮਾਂ ਨੂੰ ਇਕਤਦਾਰ ਛੱਡਣ ਤੇ ਮਜਬੂਰ ਕਰ ਦਿਤਾ ਬਲਕਿ ਆਪਣੀਆਂ ਜ਼ਬਾਨਾਂ ਦਾ ਵਜੂਦ ਵੀ ਕਾਇਮ ਰਖਿਆ।

ਪੰਡਤ ਜਵਾਹਰ ਲਾਲ ਨਹਿਰੂ ਦੇ ਅਖਾਣੋ : ਕੋਈ ਵੀ ਬੋਲੀ ਉਦੋਂ ਖ਼ਤਮ ਹੁੰਦੀ ਹੈ ਜਦੋਂ ਉਹ ਆਪਣਾ ਰਿਸ਼ਤਾ ਲੋਕਾਂ ਨਾਲੋਂ ਤੋੜ ਲਵੇ। ਫਿਰ ਉਹ ਇਕ ਮਸਨੂਈ ਸ਼ੈਅ ਬਣ ਕੇ ਰਹਿ ਜਾਂਦੀ ਹੈ। ਬੋਲੀ ਇਕ ਤਾਕਤ ਹੋਣੀ ਚਾਹੀਦੀ ਹੈ। ਜਦੋਂ ਜ਼ਬਾਨਾਂ ਨੂੰ ਇਕ ਖਾਸ ਸਮਤ ਵਲ ਤਰੱਕੀ ਦੇਵਣ ਦੀ ਕੋਸ਼ਿਸ਼ ਕੀਤੀ ਜਾਵੇ ਤੇ ਉਹਦੀ ਸੂਰਤ ਦੇ ਰੂਹ ਵਿਗੜ ਜਾਂਦੀ ਹੈ। ਜ਼ਬਾਨਾਂ ਨੂੰ ਆਪਣੇ ਆਪਣੇ ਲਫ਼ਜ਼ਾਂ ਦਾ ਜ਼ਖ਼ੀਰਾ ਵਧਾਉਣ ਲਈ ਕਾਮਯਾਬ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂ ਜੋ ਨਵੇਂ ਦੌਰ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾ ਸਕਣ। ਇਕ ਇਲਾਕੇ ਦੀਆਂ ਜ਼ਬਾਨਾਂ ਇਕ ਦੂਜੇ ਤੇ ਵੱਡੀ ਸ਼ਿਦਤ ਨਾਲ ਅਸਰ ਪਾਉਂਦੀਆਂ ਨੇ, ਪਰ ਜ਼ਰੂਰੀ ਏ ਕਿ ਹਰ ਜ਼ਬਾਨ ਆਪਣੇ ਬੂਹੇ ਬਾਰੀਆਂ ਤਸੱਵਰਾਂ ਦੇ ਆਉਣ ਲਈ ਖੁਲ੍ਹੇ ਰਖੇ।

ਯੂਨੈਸਕੋ ਦੀ ਇਕ ਰੀਪੋਰਟ ਦੇ ਮੁਤਾਬਿਕ ਉਹ ਜ਼ਬਾਨ ਖਤਰੇ ਵਿਚ ਹੁੰਦੀ ਏ ਜਿਹਨੂੰ ਬੱਚੇ ਨਾ ਬੋਲਣ ਤੇ ਸਿਰਫ ਬੁੱਢੇ ਹੀ ਬੋਲਣ ਲਈ ਰਹਿ ਜਾਣ, ਜਿਵੇਂ ਅੱਜ ਲਹਿੰਦੇ ਪੰਜਾਬ ਦੀ ਪੰਜਾਬੀ ਨਾਲ ਹੋ ਰਿਹਾ ਏ। ਅਸੀਂ ਪੰਜਾਬੀ ਨੂੰ ਜਾਹਲਾਂ ਤੇ ਉਜੱਡ ਲੋਕਾਂ ਦੀ ਜ਼ਬਾਨ ਸਮਝਦੇ ਆਂ ਤੇ ਬੱਚਿਆਂ ਨੂੰ ਅੰਗਰੇਜ਼ੀ ਤੇ ਉਰਦੂ ਬੋਲਣ ਦਾ ਸੰਦੇਸ਼ਾ ਦੇਨੇ ਆਂ, ਜਦੋਂ ਕਿ ਸਾਡੀ ਵੱਡੀ ਅਕਸਰੀਅਤ ਮਾਂ ਬੋਲੀ ਬੋਲਣ ਤੇ ਉਹਦੇ ਵਿਚ ਤਾਲੀਮ ਦੇਵਣ ਦੇ ਫ਼ਾਇਦਿਆਂ ਤੋਂ ਨਾਵਾਕਫ਼ ਏ। ਜੇ ਮਾਂ ਬੋਲੀ ਵਿਚ ਤਾਲੀਮ ਦਿਤੀ ਜਾਵੇ ਤਾਂ ਬੱਚੇ ਸੌਖ ਤੇ ਸ਼ੌਕ ਨਾਲ ਤਾਲੀਮ ਹਾਸਲ ਕਰਨ ਦੇ ਨਾਲ ਨਾਲ ਜ਼ਿਹਨੀ ਲਿਹਾਜ਼ ਨਾਲ ਵੀ ਤਰੱਕੀ ਦੀਆਂ ਮੰਜ਼ਿਲਾਂ ਆਜ਼ਾਦੀ ਨਾਲ ਤੈਅ ਕਰ ਸਕਦੇ ਹਨ।

ਤਰੱਕੀ ਯਾਫਤਾ ਮੁਲਕਾਂ ਵਿਚ ਮਾਂ ਬੋਲੀ ਦੀ ਹਿਫਾਜ਼ਤ ਵਾਸਤੇ ਬਾਕਾਇਦਾ ਪ੍ਰੋਗਰਾਮ ਬਣਾਏ ਜਾਂਦੇ ਨੇ। ਜਿਵੇਂ ਰੂਸੀ ਹਕੂਮਤ ਨੇ 1950 ਈ. ਵਿਚ ਅਕਲੀਅਤਾਂ ਦੇ ਬੱਚਿਆਂ ਨੂੰ ਨੌ ਮਹੀਨੇ ਤੋਂ ਇਕ ਸਾਲ ਲਈ ਬੋਰਡਿੰਗ ਸਕੂਲਾਂ ਵਿਚ ਦਾਖਲ ਕੀਤਾ, ਤਾਂ ਜੋ ਉਹ ਆਪਣੀ ਮਾਂ ਬੋਲੀ ਭੁਲ ਨਾ ਜਾਵਣ। ਇਸੇ ਤਰ੍ਹਾਂ ਅਮਰੀਕਾ ਵਿਚ ਵੀ ਬਹੁਤ ਸਾਰੇ ਪ੍ਰੋਗਰਾਮ ਬਣਾਏ ਗਏ, ਪਰ ਇਹ ਸਭ ਸਰਮਾਏ ਤੇ ਜ਼ਰਾਏ ਦੀ ਖੇਡ ਏ, ਜਿਹਦੇ ਕੋਲੋਂ ਅਸੀਂ ਮਹਿਰੂਮ ਆਂ। ਹੁਣ ਅੱਧੀ ਦੁਨੀਆ ਦੀਆਂ ਜ਼ਬਾਨਾਂ ਆਪਣੇ ਆਪ ਨੂੰ ਬਚਾਉਣ ਦੀ ਜਦੋ-ਜਹਿਦ ਕਰ ਰਹੀਆਂ ਨੇ। ਇਕ ਅੰਦਾਜ਼ੇ ਦੇ ਮੁਤਾਬਕ ਦੁਨੀਆ ਵਿਚ ਛੇ ਹਜ਼ਾਰ ਵਿਚੋਂ ਪੰਜ ਹਜ਼ਾਰ ਜ਼ਬਾਨਾਂ ਤੇ ਬੋਲੀਆਂ ਨੂੰ ਖਤਮ ਹੋਣ ਦਾ ਖਤਰਾ ਮੌਜੂਦ ਏ, ਜਿਵੇਂ ਅਮਰੀਕਾ ਦੀਆਂ ਯੂਰਪੀਨ ਕਲੋਨੀਆਂ ਵਿਚ ਕੁੱਝ ਬੋਲੀਆ ਮੁੱਕ ਚੁੱਕੀਆਂ ਨੇ। ਏਸੇ ਤਰ੍ਹਾਂ ਬਰੇਆਜ਼ਮ ਅਫਰੀਕਾ ਤੇ ਏਸ਼ੀਆ ਦੀਆਂ ਜ਼ਬਾਨਾਂ ਨੂੰ ਵੀ ਖ਼ਤਮ ਹੋਣ ਤਾ ਖ਼ਤਰਾ ਪੈਦਾ ਹੋ ਗਿਆ ਏ।

1997 ਈ. ਵਿਚ ਟਾਈਮ ਇੰਟਰਨੈਸ਼ਨਲ ਨੇ ਲਿਖਿਆ ਸੀ ਕਿ ਬਰਤਾਨੀਆ ਨੇ ਆਇਰਲੈਂਡ ਦੀ ਸੈਲਟਿਕ ਜ਼ਬਾਨ, ਫਰਾਂਸ ਦੀ ਬਰਿਟਨੀ ਜ਼ਬਾਨ ਦੇ ਇਲਾਵਾ ਸਕੈਂਡੇ ਨਿਵੀਆ ਦੀਆਂ ਬਹੁਤ ਸਾਰੀਆਂ ਜ਼ਬਾਨਾਂ, ਰੋਮਾਨੀਆਂ ਦੀਆਂ ਜਿਪਸੀ ਜ਼ਬਾਨਾਂ, ਐਗਜੀਜਿੰਗ ਤੇ ਹੀਯੂਨਾ ਸੂਬਿਆਂ ਦੀਆਂ ਇਲਾਕਾਈ ਜ਼ਬਾਨਾਂ, ਨੇਪਾਲ ਤੇ ਜਾਪਾਨ ਦੇ ਇਲਾਕੇ ਅਕੈਡੋ ਦੀ ਐਨੂ ਜ਼ੁਬਾਨ ਤੋਂ ਇਲਾਵਾ ਕਬੀਲਿਆਂ ਦੀਆਂ ਛੋਟੀਆਂ ਜ਼ਬਾਨਾਂ ਖਤਰੇ ਵਿਚ ਨੇ। ਵੈਲਨ ਏਸ ਗੱਲ 'ਤੇ ਯਕੀਨ ਰਖਦਾ ਏ ਕਿ ਬੈਨਅਲਕਵਾਮੀ ਜ਼ਬਾਨਾਂ ਨਾਲੋਂ ਮੁਕਾਮੀ ਜ਼ਬਾਨਾਂ ਖਤਰੇ ਦਾ ਸ਼ਿਕਾਰ ਨੇ। ਜ਼ਬਾਨਾਂ ਨੂੰ ਮਹਿਫੂਜ਼ ਕਰਨਾ ਬਹੁਤ ਜ਼ਰੂਰੀ ਏ ਕਿਉਂ ਜੋ ਲੋਕ ਇਨ੍ਹਾਂ ਦਾ ਹੱਕ ਮੰਨਵਾ ਕੇ ਈ ਆਪਣੀ ਕਿਸਮਤ ਦਾ ਫੈਸਲਾ ਕਰ ਸਕਦੇ ਹਨ। ਕੋਈ ਵੀ ਸਕਾਫਤ ਕਿਸੇ ਵੀ ਜ਼ਬਾਨ ਵਿਚ ਬਿਆਨ ਕੀਤੀ ਜਾ ਸਕਦੀ ਏ, ਪਰ ਮੁਕਾਮੀ ਜ਼ਬਾਨ ਵਿਚ ਇਹ ਕੰਮ ਬਿਹਤਰ ਤਰੀਕੇ ਨਾਲ ਕੀਤਾ ਜਾ ਸਕਦਾ ਏ। ਜ਼ਬਾਨ ਸਿਰਫ਼ ਸਕਾਫਤ ਈ ਪੇਸ਼ ਨਹੀਂ ਕਰਦੀ ਬਲਕਿ ਇਹਦਾ ਸਕਾਫਤ ਵਿਚ ਵੀ ਬੜਾ ਹਿੱਸਾ ਹੁੰਦਾ ਏ। ਇਹ ਸਿਰਫ਼ ਬੋਲਣ ਵਾਸਤੇ ਈ ਨਹੀਂ ਹੁੰਦੀ ਬਲਕਿ ਇਹਦਾ ਲਫ਼ਜ਼ਾਂ ਦਾ ਜ਼ਖ਼ੀਰਾ, ਖ਼ੁਸ਼ੀਆਂ ਦਾ ਇਜ਼ਹਾਰ, ਰਸਮ ਰਵਾਜ਼ ਤੇ ਮਿਜਾਜ ਵਿਚ ਬੜਾ ਹਿੱਸਾ ਹੁੰਦਾ ਏ।

ਅਸੀਂ ਵੇਖਿਆ ਕਿ ਗਲੋਬਲਾਈਜ਼ੇਸ਼ਨ ਦੀ ਵਜ੍ਹਾ ਨਾਲ ਦੁਨੀਆ ਦੀਆਂ ਜ਼ਬਾਨਾਂ ਤੇ ਬੋਲੀਆਂ ਖ਼ਤਰੇ ਦਾ ਸ਼ਿਕਾਰ ਨੇ, ਪਰ ਗਲੋਬਲਾਈਜ਼ੇਸ਼ਨ ਦੀ ਅਸਲ ਤਸਵੀਰ ਵੀ ਵੇਖਣ ਦੀ ਲੋੜ ਏ। ਦੁਨੀਆ ਵਿਚ ਸਦੀਆਂ ਤੋਂ ਸੁਪਰ ਵਾਪਰ ਦਾ ਤਸੱਵਰ ਤੇ ਅਮਲੀ ਸ਼ਕਲ ਮੌਜੂਦ ਰਹੀ ਏ ਤੇ ਆਪਣੇ ਆਪਣੇ ਵਕਤ ਦੀ ਸੁਪਰ ਪਾਵਰ ਨੇ ਪੂਰੀ ਦੁਨੀਆ 'ਤੇ ਰਾਜ ਕਰਨ ਦੇ ਖਵਾਬ ਵੇਖੇ ਨੇ। ਦੁਨੀਆ ਦੀ ਮਾਈਅਸ਼ਤ, ਸਿਆਤ, ਕਾਨੂੰਨ, ਤਾਲੀਮ ਤੇ ਸਮਾਜੀ ਸ਼ੋਹਬਿਆਂ ਨੂੰ ਆਪਣੀ ਮਰਜ਼ੀ ਨਾਲ ਚਲਾਉਣ ਦੀ ਕੋਸ਼ਿਸ਼ ਕੀਤੀ ਏ। ਇਹ ਸੁਪਰ ਪਾਵਰਾਂ ਦਾ ਵਰਲਡ ਆਰਡਰ ਸੀ, ਪਰ 1945 ਈ. ਤੋਂ 1990 ਈ. ਤਕ ਅਜਿਹਾ ਦੌਰ ਵੀ ਆਇਆ, ਜਦੋਂ ਦੁਨੀਆ ਨੇ ਦੋ ਸੁਪਰ ਪਾਵਰਾਂ ਨੂੰ ਇਕ ਦੂਜੇ ਦੇ ਆਹਮਣੇ ਸਾਹਮਣੇ ਖੜਿਆਂ ਵੇਖਿਆ। ਏਸ ਦੌਰ ਵਿਚ ਸਾਇੰਸ ਨੇ ਤਰੱਕੀ ਵੀ ਕੀਤੀ। ਮਆਸ਼ੀ ਹਾਲਤ ਬਿਹਤਰ ਹੋਈ। ਇਨਸਾਨਾਂ ਨੂੰ ਹਕੂਕ ਮਿਲੇ। ਜ਼ਿੰਦਗੀ ਅਮਨ ਨਾਲ ਗੁਜ਼ਰੀ ਤੇ ਨਾਲ ਨਾਲ ਸਕਾਫਤ ਜ਼ਬਾਨ ਤੇ ਤਾਲੀਮ ਦੇ ਸ਼ੋਹਬੇ ਵੀ ਆਜ਼ਾਦ ਰਹੇ। 1990 ਈ. ਤੋਂ ਬਾਅਦ ਇਕ ਸੁਪਰ ਪਾਵਰ ਦੀ ਗਲੋਬਲਾਈਜ਼ੇਸ਼ਨ ਦਾ ਤੁਅੱਲਕ ਆਲਮਗੀਰੀਅਤ ਤੇ ਜਦੀਦ ਟੈਕਨਾਲੌਜੀ ਨਾਲ ਏ। ਮਾਜ਼ੀ ਵਿਚ ਆਲਮਗੀਰੀਅਤ ਦਾ ਨਜ਼ਰੀਆ ਮਜ਼ਹਬਾਂ ਨੇ ਪੇਸ਼ ਕੀਤਾ, ਤਾਂ ਜੋ ਸਾਰੀ ਦੁਨੀਆ ਦੇ ਇਨਸਾਨਾਂ ਦੀ ਇਖਲਾਕੀਅਤ, ਰਹਿਤਲ ਤੇ ਇਬਾਦਤ ਕਰਨ ਦੇ ਤਰੀਕੇ ਇਕੋ ਜਿਹੇ ਹੋਣ, ਜਿਵੇਂ ਯਹੂਦੀਅਤ, ਈਸਾਈਅਤ ਤੇ ਇਸਲਾਮ ਵਿਚ ਇਹ ਤਸਵੀਰ ਮੌਜੂਦ ਏ ਕਿ ਇਕ ਦਿਨ ਸਾਰੀ ਦੁਨੀਆ ਤੇ ਇਕ ਮਜ਼੍ਹਬ ਦੀ ਗ੍ਰਿਫਤ ਹੋਵੇਗੀ, ਪਰ ਕਮਿਊਨਿਜ਼ਮ ਦੇ ਨਜ਼ਰੀਏ ਨੇ ਸਾਰੀ ਦੁਨੀਆ ਦੇ ਇਨਸਾਨਾਂ ਦੀ ਮਆਸ਼ੀ ਜ਼ਰੂਰਤਾਂ ਪੂਰੀਆਂ ਕਰਨ ਦਾ ਸੰਦੇਸ਼ਾ ਦਿਤਾ , ਜਿਹਨੂੰ ਸੁਰਖ ਜੰਨਤ ਦਾ ਨਾਂ ਦਿਤਾ ਗਿਆ।

ਮਜ਼੍ਹਬ ਦੀ ਇਖਲਾਕੀਅਤ ਤੇ ਕਮਿਊਨਿਜ਼ਮ ਦਾ ਮਿਹਨਤ ਦਾ ਨਜ਼ਰੀਆ ਸਰਮਾਏ ਦੇ ਨਿਜ਼ਾਮ ਨੇ ਧੁੰਦਲਾ ਪਾ ਦਿੱਤਾ। ਹੁਣ ਸਰਮਾਇਦਾਰ ਨਿਜ਼ਾਮ ਦੀ ਛਤਰ ਛਾਂ ਥੱਲੇ ਗਲੋਬਲਾਈਜ਼ੇਸ਼ਨ ਦੀ ਪਰਵਰਸ਼ ਹੋ ਰਹੀ ਏ। ਗਲੋਬਲਾਈਜ਼ੇਸ਼ਨ ਇਲੈਕਟਰਾਨਿਕ ਮੀਡੀਆ, ਟੈਲੀਫੂਨ, ਫੈਕਸ, ਪੇਜਰ, ਇੰਟਰਨੈਟ, ਕੰਪਿਊਟਰ, ਸੈਟਲਾਈਟ ਸਿਸਟਮ ਤੇ ਖਲਾਈ ਸਾਇੰਸ ਨਾਲ ਜੁੜੀ ਹੋਈ ਏ ਤੇ ਇਸ ਜਦੀਦ ਨਿਜ਼ਾਮ ਦੀਆਂ ਵਾਗਾਂ ਨਿਊ ਵਰਲਡ ਆਰਡਰ ਦੇ ਖ਼ਾਲਕ ਅਮਰੀਕਾ ਤੇ ਨਾਟੋ ਦੇ ਮੁਲਕਾਂ ਕੋਲ ਨੇ। ਇਸ ਨਿਜ਼ਾਮ ਦੇ ਦੌਰ ਨੂੰ ਐਲਵਨ ਟੋਫਲਰ ਨੇ ਤੀਸਰੀ ਲਹਿਰ ਦਾ ਨਾਂ ਦਿਤਾ ਏ। ਗਲੋਬਲਾਈਜ਼ੇਸ਼ਨ ਦਾ ਮਤਲਬ ਏ ਕਿ ਸਾਰੀ ਦੁਨੀਆ ਇਕ ਪਿੰਡ ਦੀ ਸ਼ਕਲ ਅਖਤਿਆਰ ਕਰ ਗਈ ਤੇ ਪੂਰੀ ਦੁਨੀਆ ਇਕ ਆਜ਼ਾਦ ਮੰਡੀ ਹੋਵੇਗੀ, ਜਿਸ ਵਿਚ ਡਬਲਯੂ.ਟੀ.ਓ. ਦੇ ਨਫਾਜ਼ ਨਾਲ ਮਾਲੂਮਾਤ ਦਾ ਤਬਾਦਲਾ ਸੈਟਲਾਈਟ ਸਿਸਟਮ ਨਾਲ ਦੁਨੀਆ ਦੀ ਹਰ ਸ਼ੈਅ ਵੇਖੀ ਜਾ ਸਕਦੀ ਏ। ਟੈਕਨਾਲੌਜੀ ਦੀ ਤਾਕਤ ਨਾਲ ਬਾਬਲ ਦੀ ਤਹਿਜ਼ੀਬ ਤਬਾਹ ਕੀਤੀ ਜਾ ਸਕਦੀ ਏ, ਤਾਂ ਜੋ ਜਦੀਦ ਟੈਕਨਾਲੌਜੀ ਰੱਖਣ ਵਾਲੇ ਤੇ ਸੁਪਰ ਪਾਵਰ ਨਾਲ ਜੁੜੇ ਹੋਏ ਮੁਲਕ ਗਰੀਬ ਕੌਮਾਂ ਨੂੰ ਕੀੜੇ ਮਕੌੜਿਆਂ ਤਰ੍ਹਾਂ ਮਆਸੀ, ਸਿਆਸੀ, ਸਮਾਜੀ ਸਕਾਫਤੀ ਤੇ ਲਾਸਾਨੀ ਸ਼ਹੋਬਿਆਂ ਵਿਚ ਅੱਗੇ ਵੱਧਣ ਦਾ ਰਾਹ ਨਾ ਦੇਵਣ। ਗਲੋਬਲਾਈਜ਼ੇਸ਼ਨ ਦੇ ਨਤੀਜੇ ਵਿਚ ਮਾਅਈਸ਼, ਤਾਲੀਮ, ਸਿਹਤ ਤੇ ਸਕਾਫਤ ਦੇ ਸ਼ੋਹਬਿਆਂ ਵਿਚ ਰਿਆਸਤ ਦਾ ਅਮਲ ਦਖ਼ਲ ਖ਼ਤਮ ਕੀਤਾ ਜਾ ਰਿਹਾ ਏ, ਤਾਂ ਜੋ ਦੁਨੀਆ ਦੇ ਲੋਕਾਂ ਨੂੰ ਸਰਮਾਏ ਦੇ ਮਾਣ ਉਤੇ ਭੇਡ ਬਕਰੀਆਂ ਤਰ੍ਹਾਂ ਦਿਨ ਰਾਤ ਕੰਮ ਕਰਵਾ ਕੇ ਬਗੈਰ ਕਿਸੇ ਹੱਕ ਦੇ ਜ਼ਿੰਦਾ ਰਖਿਆ ਜਾਵੇ। ਦੁਨੀਆ ਨੂੰ ਲੇਜ਼ਜ਼ ਫੇਅਰ ਨਿਜ਼ਾਮ ਵਲ ਧਕਿਆ ਜਾ ਰਿਹਾ ਏ ਤਾਂ ਜੋ ਮਿਹਨਤ ਕਰਨ ਵਾਲੇ ਲੋਕ ਸ਼ਿਕਾਗੋ ਦੇ ਮਜ਼ਦੂਰ ਨਜ਼ਰ ਆਉਣ। ਫਲਾਹੀ ਰਿਆਸਤ ਦਾ ਤਸੱਵਰ ਖ਼ਤਮ ਹੋ ਜਾਵੇ। ਹਕੂਮਤੀ ਤੇ ਮਾਲਆਤੀ ਅਦਾਰੇ ਪ੍ਰਾਈਵੇਟਾਈਜ਼ੇਸ਼ਨ ਦੇ ਅਮਲ ਤੋਂ ਗੁਜ਼ਰ ਕੇ ਰਾਈਟ ਸਾਈਜਿੰਗ ਦੇ ਨਾਂ 'ਤੇ ਬੇਰੁਜ਼ਗਾਰੀ ਵਧਾਉਣ ਦਾ ਸਬੱਬ ਬਣ ਜਾਵਣ, ਜਿਵੇਂ ਆਈ.ਐਮ.ਐਫ. ਤੇ ਵਰਲਡ ਬੈਂਕ ਦੀਆਂ ਹਦਾਇਤਾਂ 'ਤੇ ਅਮਲ ਕਰਦਿਆਂ ਦੁਨੀਆ ਵਿਚ ਦੋ ਕਰੋੜ ਲੋਕਾਂ ਨੂੰ ਬੇਰੁਜ਼ਗਾਰ ਕਰ ਦਿਤਾ ਗਿਆ ਏ, ਕਿਉਂ ਜੋ ਏਸ ਇਤਾਹੀ ਡਾਕਟਰ ਕੋਲ ਬੀਮਾਰ ਮਾਅਈਸ਼ਤ ਠੀਕ ਕਰਨ ਦਾ ਇਕੋ ਈ ਨੁਸਖਾ ਮੌਜੂਦ ਏ ਕਿ ਜੋ ਬੀਮਾਰ ਮਾਅਈਸ਼ਤ ਦਾ ਇਲਾਜ ਕਰਦਾ ਏ ਉਹਨੂੰ ਕਬਰ ਦੀਆਂ ਕੰਧਾਂ ਵਿਚ ਛੱਡ ਆਉਂਦਾ ਏ। ਏਸ ਦੌਰ ਵਿਚ ਹਰ ਇਨਸਾਨ ਮਸ਼ੀਨਰੀ ਤੇ ਕੰਪਿਊਟਰ ਦੀ ਤਰ੍ਹਾਂ ਕੰਮ ਕਾਰ ਕਰ ਕੇ ਰੋਟੀ, ਪਾਣੀ, ਮਕਾਨ, ਸਿਹਤ, ਬੱਚਿਆਂ ਦੀ ਤਾਲੀਮ ਤੇ ਆਪਣੀ ਸਕਿਉਰਿਟੀ ਦਾ ਆਹਰ ਕਰੇਗਾ ਤੇ ਸਾਫ ਜ਼ਾਹਰ ਏ ਕਿ ਇਲਾਕਾਈ ਜ਼ਬਾਨਾਂ ਤੇ ਸਕਾਫਤ ਵਲ ਕਿਸੇ ਦਾ ਧਿਆਨ ਨਹੀਂ ਰਵ੍ਹੇਗਾ। ਇਨਸਾਨ ਆਪੇ ਈ ਆਪਣੀ ਪਹਿਚਾਣ ਭੁੱਲ ਜਾਣਗੇ।

ਗਲੋਬਲਾਈਜ਼ੇਸ਼ਨ ਦੇ ਹਥਿਆਰਾਂ ਦੀ ਜ਼ਬਾਨ ਅੰਗਰੇਜ਼ੀ ਏ। ਯਾਨੀ ਦੁਨੀਆ ਵਿਚ ਕੰਪਿਊਟਰ, ਇੰਟਰਨੈਟ ਤੇ ਤਜ਼ਾਰਤ ਵਿਚ ਅੰਗਰੇਜ਼ੀ ਜ਼ਬਾਨ ਕਸਰਤ ਨਾਲ ਇਸਤੇਮਾਲ ਹੋ ਰਹੀ ਏ। ਕੰਪਿਊਟਰ ਉਤੇ ਅੱਸੀ ਫੀਸਦੀ ਅੰਗਰੇਜ਼ੀ ਜ਼ਬਾਨ ਮਾਲੂਮਾਤ ਹਾਸਲ ਕਰਨ ਵਾਸਤੇ ਇਸਤੇਮਾਲ ਕੀਤੀ ਜਾਂਦੀ ਏ। ਅਕਵਾਮੇ ਮਤਹਦਾ ਤੇ ਨੈਟੋ ਵਿਚ ਰਾਬਤੇ ਦੀ ਜ਼ਬਾਨ ਅੰਗਰੇਜ਼ੀ ਏ। ਚੀਨ ਦੇ ਬਾਅਦ ਬਰਾਆਜ਼ਮ ਏਸ਼ੀਆ ਤੇ ਅਫਰੀਕਾ ਵਿਚ ਅੰਗਰੇਜ਼ੀ ਕਾਮਯਾਬੀ ਦੀ ਜ਼ਮਾਨਤ ਸਮਝਦੀ ਜਾਂਦੀ ਏ। ਅੰਗਰੇਜ਼ੀ ਇਕ ਅਜਿਹਾ ਹਥਿਆਰ ਬਣ ਚੁੱਕੀ ਏ ਜਿਹਦੇ ਨਾਲ ਦੁਨੀਆ ਦੇ ਬੰਦ ਦਰਵਾਜ਼ੇ ਖੁਲ੍ਹਦੇ ਨੇ। ਏਸ ਵਕਤ ਦੁਨੀਆ ਦੀ ਤਕਰੀਬਨ ਛੇ ਅਰਬ ਆਬਾਦੀ ਵਿਚੋਂ ਡੇਢ ਅਰਬ ਲੋਕ ਅੰਗਰੇਜ਼ੀ ਬੋਲਦੇ ਨੇ ਤੇ ਇਕ ਅਰਬ ਅੰਗਰੇਜ਼ੀ ਪੜ੍ਹ ਰਹੇ ਨੇ। ਗਲੋਬਲਾਈਜ਼ੇਸ਼ਨ ਦੀ ਵਜ੍ਹਾ ਨਾਲ ਅਮਰੀਕਾ ਆਪਣੀ ਜ਼ਬਾਨ ਤੇ ਸਕਾਫਤ ਦੁਨੀਆ ਨੂੰ ਵੇਚ ਕੇ ਹਰ ਸਾਲ ਕਰੋੜਾਂ ਡਾਲਰ ਕਮਾਈ ਜਾ ਰਿਹਾ ਏ। ਹਾਲਤ ਇਹ ਹੋ ਗਈ ਏ ਕਿ ਜਿਹੜੀਆਂ ਕੌਮਾਂ ਅੰਗਰੇਜ਼ੀ ਬੋਲਣਾ ਆਪਣੀ ਤੌਹੀਨ ਸਮਝਦੀਆਂ ਸਨ ਅੱਜ ਉਥੇ ਵੀ ਅੰਗਰੇਜ਼ੀ ਬੋਲੀ ਪੜ੍ਹੀ ਤੇ ਲਿਖੀ ਜਾਂਦੀ ਏ, ਜਿਵੇਂ ਜਾਪਾਨੀਆਂ ਨੇ ਆਪਣੀ ਜ਼ਬਾਨ ਤੇ ਸਕਾਫਤ ਬਚਾਉਣ ਲਈ ਦੋ ਸਦੀਆਂ ਤੀਕਰ ਕੋਈ ਬਦੇਸ਼ੀ ਆਪਣੇ ਮੁਲਕ ਵਿਚ ਨਾ ਵੜ੍ਹਨ ਦਿਤਾ, ਪਰ ਹੁਣ ਉਨ੍ਹਾਂ ਦੀ ਨਵੀਂ ਨਸਲ ਅੰਗਰੇਜ਼ੀ ਬੋਲਣ 'ਤੇ ਫਖ਼ਰ ਮਹਿਸੂਸ ਕਰਦੀ ਏ। ਜਰਮਨ ਕੌਮ ਪ੍ਰਸਤ ਤੇ ਆਪਣੀ ਜ਼ਬਾਨ ਨਾਲ ਬਹੁਤ ਪਿਆਰ ਕਰਦੇ ਨੇ, ਪਰ ਉਥੇ ਵੀ ਕੰਪਿਊਟਰ ਦੀਆਂ ਵੱਡੀਆਂ ਜ਼ਮਾਤਾਂ ਨੂੰ ਜਰਮਨ ਦੇ ਨਾਲ ਨਾਲ ਅੰਗਰੇਜ਼ੀ ਵਿਚ ਤਾਲੀਮ ਦਿਤੀ ਜਾਂਦੀ ਏ। ਇਨ੍ਹਾਂ ਮੁਲਕਾਂ ਵਿਚ ਅੰਗਰੇਜ਼ੀ ਰਾਬਤੇ ਵਾਸਤੇ ਗਲੋਬਲਾਈਜ਼ੇਸ਼ਨ ਦੀ ਵਜ੍ਹਾ ਨਾਲ ਸਿਖੀ ਜਾਂਦੀ ਏ। ਹੁਣ ਤੀਕਰ ਇਨ੍ਹਾਂ ਕੌਮਾਂ ਨੇ ਆਪਣੀ ਜ਼ਬਾਨ ਨਾਲ ਬਹੁਤ ਪਿਆਰ ਕੀਤਾ ਏ।

ਸਮਾਈਲ ਪੀ ਵਟਿੰਕਟੈਨ ਆਖਦਾ ਏ ਕਿ ਅਮਰੀਕਾ ਤੇ ਯੂਰਪ ਦੇ ਮੁਲਕ ਮਾਅਈਸਤ, ਤਾਲੀਮ, ਸਿਹਤ, ਸਕਾਫਤ, ਜ਼ਬਾਨ ਤੇ ਜਦੀਦ ਟੈਕਨਾਲੌਜੀ ਵਿਚ ਮੈਰਾਜ ਤੇ ਪਹੁੰਚ ਗਏ ਨੇ ਤੇ ਹੁਣ ਇਹ ਮੁਲਕ ਤਰੱਕੀਯਾਫ਼ਤਾ ਮੁਲਕਾਂ ਵਿਚ ਆਪਣੀ ਜ਼ਬਾਨ, ਤਾਲੀਮ ਕਾਨੂੰਨ, ਸਿਆਸੀ ਨਿਜ਼ਾਮ ਤੇ ਮਆਸ਼ੀ ਨਿਜ਼ਾਮ ਲਾਗੂ ਕਰਨ ਦੀ ਕੋਸ਼ਿਸ਼ ਕਰਨਗੇ, ਜਿਸ ਦੀ ਵਜ੍ਹਾ ਨਾਲ ਤਹਿਜ਼ੀਬਾਂ ਦਾ ਟਕਰਾਅ ਹੋਵੇਗਾ, ਕਿਉਂ ਜੋ ਹਰ ਤਹਿਜ਼ੀਬ ਤੇ ਜ਼ਬਾਨ ਆਪਣੇ ਆਪ ਨੂੰ ਬਚਾਉਣ ਤੇ ਜ਼ਿੰਦਾ ਰੱਖਣ ਦੀ ਕੋਸ਼ਿਸ਼ ਕਰੇਗੀ। ਇਨ੍ਹਾਂ ਸਮਿਆਂ ਵਿਚ ਸਾਡੀਆਂ ਜ਼ੁੰਮੇਵਾਰੀਆਂ ਵਿਚ ਚੋਖਾ ਵਾਧਾ ਹੋ ਗਿਆ ਏ। ਮਸ਼ਰਕੀ ਪੰਜਾਬ ਦੇ ਵਸਨੀਕਾਂ ਨੂੰ ਸਲਾਮ ਏ, ਜਿਹਨ੍ਹਾਂ ਆਪਣੇ ਖਿਆਲਾਂ ਤੇ ਸਕਾਫਤ ਰਾਹੀਂ ਪੂਰੀ ਦੁਨੀਆ ਵਿਚ ਪੰਜਾਬੀ ਲੋਕ ਗੀਤ ਦੇ ਨਾਲ ਢੋਲ ਦੀ ਥਾਪ ਤੇ ਗੈਰ ਮੁਲਕੀਆਂ ਨੂੰ ਵੀ ਭੰਗੜੇ ਪਾਉਣ ਤੇ ਮਜਬੂਰ ਕਰ ਦਿਤਾ ਏ। ਬੇਤਹਾਸ਼ਾ ਕਿਤਾਬਾਂ ਦਾ ਤਰਜਮਾ ਪੰਜਾਬੀ ਵਿਚ ਕੀਤਾ, ਪੰਜਾਬੀ ਅਦਬ ਨੂੰ ਜ਼ਬਾਨ ਰਾਹੀਂ ਨਿਖਾਰਿਆ, ਪੰਜਾਬੀ ਜ਼ਬਾਨ ਵਿਚ ਦਰਸੀ ਕਿਤਾਬਾਂ ਛਾਪੀਆਂ ਤੇ ਚਾਰ ਪੰਜਾਬੀ ਯੂਨੀਵਰਸਿਟੀਆਂ ਬਣਾ ਦਿਤੀਆਂ। ਜ਼ਬਾਨ ਨੂੰ ਇਲੈਕਟ੍ਰਾਨਿਕ ਮੀਡੀਏ ਨਾਲ ਇਸ ਤਰ੍ਹਾਂ ਜੋੜ ਦਿਤਾ ਕਿ ਅੱਜ ਉਥੇ ਪੰਜਾਬੀ ਵਿਚ ਸਤ ਚੈਨਲ ਆਪਣੇ ਰੰਗ ਵਿਖਾ ਰਹੇ ਨੇ ਤੇ ਅਸਾਨੂੰ ਪੰਜਾਬ, ਪੰਜਾਬੀਅਤ ਤੇ ਪੰਜਾਬੀ ਸਭਿਆਚਾਰ ਦੀ ਸਿਖਿਆ ਦੇ ਰਹੇ ਨੇ।

ਗਲੋਬਲਾਈਜ਼ੇਸ਼ਨ ਦਾ ਤੂਫਾਨ ਛੋਟੀਆਂ ਮੋਟੀਆਂ ਜ਼ਬਾਨਾਂ ਨੂੰ ਬੜੀ ਜਲਦੀ ਖ਼ਤਮ ਕਰ ਦੇਵੇਗਾ ਪਰ ਕੁੱਝ ਪੱਥਰ ਆਪਣੀ ਜਗ੍ਹਾ 'ਤੇ ਅੜੇ ਰਹਿਣਗੇ। ਸਾਨੂੰ ਵੀ ਇਹੋ ਜਿਹਾ ਪੱਥਰ ਸਾਬਤ ਹੋਣਾ ਚਾਹੀਦਾ ਏ।

ਆਪਣੀ ਜ਼ਬਾਨ ਨੂੰ ਮਾਜ਼ੀ ਨਾਲ ਜੋੜਨ ਤੇ ਹਾਲ ਤੋਂ ਬੇਖ਼ਬਰੀ ਤੇ ਮੁਸਤਕਬਿਲ ਦਾ ਆਹਰ ਨਾ ਕਰਨ ਦਾ ਮਤਲਬ ਆਪਣੀ ਪਹਿਚਾਣ ਦਾ ਖਾਤਮਾ ਦੀਵਾਨਗੀ ਤੇ ਦੁਨੀਆ ਤੋਂ ਅਲਹਿਦਗੀ ਤੇ ਸਿਵਾ ਕੁੱਝ ਨਹੀਂ ਹੋਵੇਗਾ। ਬਰੇਸਗੀਰ ਦੇ ਲੋਕਾਂ ਦੀ ਤਰੱਕੀ ਨਾ ਕਰਨ ਦੀ ਬੜੀ ਵਜ੍ਹਾ ਇਹ ਹੈ ਕਿ ਉਹ ਮਾਜ਼ੀ ਨਾਲ ਜੁੜੇ ਰਹਿਣ ਤੇ ਫਖਰ ਕਰਦੇ ਨੇ ਤੇ ਮੁਸਤਕਬਿਲ ਦਾ ਆਹਰ ਨਹੀਂ ਕਰਦੇ। ਇਨਸਾਨ ਨੂੰ ਆਪਣਾ ਘਰ, ਗਲੀਆਂ, ਮੁਹੱਲਾ ਤੇ ਦੇਸ਼ ਜਿਥੇ ਉਹਦਾ ਬਚਪਨ ਤੇ ਜਵਾਨੀ ਗੁਜ਼ਰੀ ਹੋਵੇ, ਬਹੁਤ ਪਿਆਰੇ ਤੇ ਅਹਿਮ ਹੁੰਦੇ ਨੇ, ਪਰ ਸਭ ਨਾਲੋਂ ਅਹਿਮ ਗੱਲ ਇਹ ਹੈ ਕਿ ਇਨਸਾਨ ਤਰੱਕੀ ਦੀ ਕਿੰਨੀ ਉਚੀ ਮੰਜ਼ਿਲ ਤੇ ਪਹੁੰਚਿਆ ਏ। ਇਹੋ ਗੱਲ ਕੌਮਾਂ ਦੇ ਬਾਰੇ ਵਿਚ ਵੀ ਆਖੀ ਜਾ ਸਕਦੀ ਏ।

ਨਵੇਂ ਖਿਆਲਾਂ ਤੇ ਇਲਮ ਦਾ ਮੁਕਾਬਲਾ ਪੁਰਾਣੇ ਖਿਆਲਾਂ ਤੇ ਇਲਮ ਨਾਲ ਨਹੀਂ ਕੀਤਾ ਜਾ ਸਕਦਾ। ਜ਼ਮੀਨੀ ਹਕੀਕਤਾਂ ਨੂੰ ਜਾਣ ਕੇ ਈ ਮੁਸਤਕਬਿਲ ਦੇ ਰਾਹ ਸਿੱਧੇ ਕੀਤੇ ਜਾ ਸਕਦੇ ਨੇ, ਜਿਥੇ ਮੁੜ ਕੇ ਸਾਡੀ ਆਉਣ ਵਾਲੀ ਨਸਲ ਸਿਰ ਚੁੱਕ ਕੇ ਜੀਅ ਸਕੇ ਤੇ ਆਪਣੇ ਬਜ਼ੁਰਗਾਂ ਦੇ ਵਿਰਸੇ ਤੇ ਮਾਣ ਕਰ ਸਕੇ। ਇਸ ਲਈ ਜ਼ਰੂਰੀ ਏ ਕਿ ਅਸੀਂ ਵੀ ਚੀਨੀਆਂ ਦੀ ਤਰ੍ਹਾਂ ਚੁੱਪ ਕਰ ਕੇ ਪੰਜਾਬੀ ਅਦਬ ਦੀ ਖਿਦਮਤ ਤੇ ਮਾਅਈਸ਼ਤ ਦੀ ਤਰੱਕੀ ਵਾਸਤੇ ਜੁਟ ਜਾਈਏ, ਤਾਂ ਜੋ ਸਾਡਾ ਸ਼ੁਮਾਰ ਵੀ ਆਉਣ ਵਾਲੇ ਵਕਤਾਂ ਵਿਚ ਜ਼ਿੰਦਾ ਕੌਮਾਂ ਵਿਚ ਹੋਵੇ। ਗਲੋਬਲਾਈਜ਼ੇਸ਼ਨ ਵਿਚ ਹਕੀਕਤ ਏ ਤੇ ਮਾਂ ਬੋਲੀ ਸਾਡੀ ਪਹਿਚਾਣ ਏ। ਇਸ ਲਹੀ ਜ਼ਰੂਰੀ ਏ ਕਿ ਅਸੀਂ ਪੰਜਾਬੀ ਲਫਜ਼ਾਂ, ਤਲੱਫਜ਼ ਤੇ ਰਸਮਅਲਖਤ ਉਤੇ ਮੁਤਸਫਿਕ ਹੋ ਜਾਈਏ ਤੇ ਛੋਟੇ ਛੋਟੇ ਝਗੜੇ ਖ਼ਤਮ ਕਰ ਦਈਏ।

ਮਸ਼ਰਕੀ ਤੇ ਮਗਰਬੀ ਪੰਜਾਬ ਦੇ ਵਸਨੀਕ ਜ਼ਬਾਨ ਤੇ ਸਕਾਫਤ ਦੇ ਸਿਲਸਿਲੇ ਵਿਚ ਇਕ ਦੂਜੇ ਦੇ ਤਜਰਬਿਆਂ ਤੋਂ ਫਾਇਦਾ ਚੁੱਕ ਕੇ ਮੁਸਤਕਬਿਲ ਦੀਆਂ ਰਾਹਾਂ ਲਭ ਸਕਦੇ ਨੇ। ਹਕੂਮਤ ਨੂੰ ਚਾਹੀਦਾ ਏ ਕਿ ਪੰਜਾਬ ਵਿਚ ਟੀ.ਵੀ. ਚੈਨਲ ਚਲਾਵੇ, ਪ੍ਰਾਇਮਰੀ ਤਾਲੀਮ ਦੇ ਨਾਲ ਨਾਲ ਯੂਨੀਵਰਸਿਟੀ ਸਤਹ ਤੀਕ ਮਾਂ ਬੋਲੀ ਪੜ੍ਹਨ ਦੀ ਸਹੂਲਤ ਦਿਤੀ ਜਾਵੇ। ਪੰਜਾਬ ਵਿਚ ਪੰਜਾਬਲੋਜੀ ਦਾ ਅਦਾਰਾ ਬਣਾਇਆ ਜਾਵੇ, ਤਾਂ ਜੋ ਪੰਜਾਬੀ ਜ਼ਬਾਨ ਤੇ ਤਹਿਰੀਕ ਦਾ ਕੰਮ ਹੋ ਸਕੇ ਤੇ ਇਹੋ ਜਿਹਾ ਮਾਹੌਲ ਬਣ ਸਕੇ ਕਿ ਅਸੀਂ ਪੰਜਾਬੀ ਬੋਲਣ, ਪੜ੍ਹਨ ਤੇ ਲਿਖਣ ਤੇ ਮਾਣ ਮਹਿਸੂਸ ਕਰੀਏ। ਐਮ.ਏ. ਪੰਜਾਬੀ ਨੌਜਵਾਨਾਂ ਨੂੰ ਰੁਜ਼ਗਾਰ ਦਿਤਾ ਜਾਵੇ।

ਜੇ ਦੋ ਯਹੂਦੀ ਪਿਉ ਪੁੱਤਰ ਹਜ਼ਾਰਾਂ ਸਾਲ ਤੋਂ ਵੱਧ ਪੁਰਾਣੀ ਇਬਰਾਨੀ ਜ਼ਬਾਨ ਨੂੰ ਦੋਬਾਰਾ ਜ਼ਿੰਦਾ ਕਰਨ ਦਾ ਬੀੜਾ ਚੁੱਕ ਸਕਦੇ ਨੇ ਤਾਂ ਸਾਡੇ ਦਾਨਸ਼ਵਰ ਪੰਜਾਬੀ ਨੂੰ ਲੋਕਾਂ ਵਾਸਤੇ ਅੱਖ ਦਾ ਤਾਰਾ ਕਿਉਂ ਨਹੀਂ ਬਣਾ ਸਕਦੇ। ਜਿਥੇ ਅਸੀਂ ਪੰਜਾਬੀ ਜ਼ਬਾਨ ਬਣਾਉਣ ਵਿਚ ਕਾਮਯਾਬ ਹੋ ਗਏ ਰਸਮਅਲਖਤ ਇਕ ਬਣਾ ਲਿਆ, ਤਾਂ ਜ਼ਿੰਦਾ ਰਹਿ ਸਕਾਂਗੇ, ਵਰਨਾ ਮੁਰਦਿਆਂ ਨੂੰ ਜੀਵਾਇਆ ਨਹੀਂ ਜਾ ਸਕਦਾ। ਮੈਂ ਉਮੀਦ ਕਰਨਾ ਕਿ ਆਉਣ ਵਾਲੇ ਵਕਤ ਵਿਚ ਪੰਜਾਬੀ ਇਕ ਜ਼ਿੰਦਾ ਜ਼ਬਾਨ ਹੋਸੀ।

# ਸ਼ੂਗਰ ਦੇ ਮਰੀਜ਼ਾਂ ਦੀ ਖ਼ੁਰਾਕ ਬਾਰੇ ਕੁਝ ਜ਼ਰੂਰੀ ਗੱਲਾਂ



ਡਾ. ਬਲਵਿੰਦਰ ਕੌਰ (ਭੋਜਨ ਸਲਾਹਕਾਰ)
ਆਈਵੀ ਮਲਟੀਸਪੈਸ਼ਲਿਟੀ ਹਸਪਤਾਲ ਸੈਕਟਰ 71 ਮੋਹਾਲੀ
balwinderdietician77@gmail.com

ਪਿਛਲੇ ਲੇਖ ਵਿਚ ਮੈਂ ਦਿਲ ਦੇ ਦੌਰੇ ਤੋਂ ਬਚਣ ਸਬੰਧੀ ਕੁਝ ਨੁਕਤੇ ਸਾਂਝੇ ਕੀਤੇ ਸਨ। ਹੱਥਲੇ ਲੇਖ ਵਿਚ ਮੈਂ ਸ਼ੂਗਰ (ਸ਼ੱਕਰ ਰੋਗ) ਸਬੰਧੀ ਖ਼ੁਰਾਕ ਬਾਰੇ ਕੁਝ ਗੱਲਾਂ ਸਾਂਝੀਆਂ ਕਰ ਰਹੀ ਹਾਂ। ਸ਼ੂਗਰ ਦੇ ਮਰੀਜ਼ਾਂ ਦੀ ਖ਼ੁਰਾਕ ਵਿਚ ਅਨਾਜ, ਫਲ ਸਬਜ਼ੀਆਂ ਅਤੇ ਘੱਟ ਚਰਬੀ ਵਾਲੇ ਦੁੱਧ (ਲੋਅਫੈਟ ਮਿਲਕ) ਤੋਂ ਪ੍ਰਾਪਤ ਕਾਰਬੋਹਾਈਡ੍ਰੇਟਸ ਵਾਲਾ ਭੋਜਨ ਸ਼ਾਮਲ ਕਰਨਾ ਜ਼ਰੂਰੀ ਹੈ। ਇਹ ਭੋਜਨ ਚੰਗੀ ਸਿਹਤ ਲਈ ਲੋੜੀਂਦੀ ਵਿਟਾਮਿਨ, ਖਣਿਜ ਅਤੇ ਹੋਰ ਜ਼ਰੂਰੀ ਤੱਤ ਪ੍ਰਦਾਨ ਕਰਦਾ ਹੈ ਅਤੇ 20-35 ਗ੍ਰਾਮ ਪ੍ਰਤੀ ਦਿਨ ਅਨੁਸਾਰ ਜ਼ਰੂਰੀ ਡਾਈਟਰੀ ਫਾਈਬਰ (ਖ਼ੁਰਾਕੀ ਰੇਸ਼ਾ) ਵੀ ਸਰੀਰ ਨੂੰ ਪ੍ਰਦਾਨ ਕਰਦਾ ਹੈ।

2. ਭੋਜਨ ਵਿਚ ਮੌਜੂਦ ਕਾਰੋਬਹਾਈਡ੍ਰੇਟਸ ਦੀ ਕੁਲ ਮਾਤਰਾ ਭੋਜਨ ਦੀ ਕਿਸਮ ਜਾਂ ਸਰੋਤ ਨਾਲੋਂ ਵਧੇਰੇ ਮਹੱਤਵਪੂਰਨ ਹੈ।
3. ਸੁਕਰੋਸ (ਟੇਬਲ ਸ਼ੂਗਰ) ਤੇ ਸੁਕਰੋਸ ਯੁਕਤ ਭੋਜਨ ਦੀ ਮਨਾਹੀ ਨਹੀਂ ਹੈ ਪਰ ਇਹ ਮਸ਼ਵਰਾ ਹੈ ਕਿ ਕਨਸਨਟ੍ਰੇਟਡ ਪਦਾਰਥਾਂ ਤੋਂ ਮਿਲਣ ਵਾਲੇ ਕਾਰਬੋਹਾਈਡ੍ਰੇਟਸ ਜਿਵੇਂ ਟੇਬਲ ਸ਼ੂਗਰ, ਸ਼ਹਿਦ, ਜੈਲੀ, ਜੈਮ, ਸਿੱਰਪ, ਕੈਂਡੀਜ਼, ਸਾਫਟਡ੍ਰਿਕਸ, ਪਾਈਜ਼, ਡੋਨਟਸ, ਬਿਸਕੁਟ, ਪੇਸਟਰੀ ਅਤੇ ਮਿੱਠਾ ਆਚਾਰ, ਮਿੱਠੇ ਫਲ, ਜੂਸ ਤੇ ਫਰੂਟ ਡ੍ਰਿੰਕਸ ਨੂੰ ਸੀਮਤ ਮਾਤਰਾ ਵਿਚ ਹੀ ਲਿਆ ਜਾਵੇ।
4. ਜੂਸ ਲਈ ਤਾਜ਼ਾ ਫਲ ਹੀ ਚੁਣੋ। ਡੱਬਾਬੰਦ ਜੂਸ ਤੋਂ ਗੁਰੇਜ ਕਰੋ।
5. 'ਫੂਡ ਅਤੇ ਡ੍ਰਗ ਐਡਮਨਿਸਟ੍ਰੇਸ਼ਨ' ਵਲੋਂ ਬਣਾਏ ਨਾਨ-ਨਿਊਟ੍ਰੀਟਿਵ ਮਿੱਠੇ ਪਦਾਰਥਾਂ ਦਾ ਜੇਕਰ ਦੱਸੀ ਹੋਈ ਰੋਜ਼ਾਨਾ ਖ਼ੁਰਾਕ ਅਨੁਸਾਰ ਸੇਵਨ ਕੀਤਾ ਜਾਵੇ ਤਾਂ ਉਸ ਦਾ ਕੋਈ ਨੁਕਸਾਨ ਨਹੀਂ।
6. ਭੋਜਨ ਜ਼ਰੂਰ ਖਾਉ। ਜੇਕਰ ਤੁਸੀਂ ਆਪਣਾ ਭੋਜਨ ਸਮੇਂ ਸਿਰ ਨਹੀਂ ਖਾ ਸਕੇ ਤਾਂ ਕੁਝ ਦੇਰ ਬਾਅਦ ਕੁਝ ਹਲਕਾ ਫੁਲਕਾ ਜ਼ਰੂਰ ਖਾ ਲਵੋ। ਇਸ ਨਾਲ ਤੁਹਾਡਾ ਬਲੱਡ ਸ਼ੂਗਰ ਪੱਧਰ ਸੰਤੁਲਤ ਫੈਟਸ ਰਹੇਗਾ।
7. ਚਿਕਨਾਈ ਰਹਿਤ ਖ਼ੁਰਾਕ ਖਾਉ। ਇਸ ਨਾਲ ਐਚ.ਡੀ.ਐਲ. (ਹਾਈ ਡੈਨਸਿਟੀਲਿਪੋਪ੍ਰੋਟੀਨ), ਕਲੈਸਟ੍ਰਾਲ, ਟ੍ਰਿਗਲੀ ਸਿਗਈਡਸ ਤੇ ਸਭ ਤੋਂ ਮਹੱਤਵਪੂਰਨ ਸ਼ੂਗਰ ਕੰਟਰੋਲ 'ਚ ਸੁਧਾਰ ਆਉਂਦਾ ਹੈ।
8. ਕੋਸ਼ਿਸ਼ ਕਰੋ ਕਿ ਰੋਜ਼ਾਨਾ ਕਸਰਤ ਕੀਤੀ ਜਾਵੇ। ਸ਼ੂਗਰ ਦੇ ਮਰੀਜ਼ਾਂ ਲਈ ਹਲਕੀ ਵਰਜਿਸ਼ ਬਹੁਤ ਜ਼ਰੂਰੀ ਹੈ। ਇਸ ਨਾਲ ਲਹੂ 'ਚ ਗੁਲੂਕੋਜ਼ ਦਾ ਪੱਧਰ ਘੱਟ ਹੋਵੇਗਾ।
9. ਸ਼ਰਾਬ ਨਾ ਹੀ ਪੀਓ ਤਾਂ ਸਹਿਤ ਲਈ ਚੰਗਾ ਹੋਵੇਗਾ। ਸ਼ਰਾਬ 'ਚ ਮੌਜੂਦ ਕੈਲੋਰੀਆਂ ਦਾ ਅੰਦਾਜ਼ਾ ਜ਼ਰੂਰ ਲਗਾ ਲਉ। ਸ਼ਰਾਬ ਤੁਹਾਡੇ ਬਲੱਡ ਸ਼ੂਗਰ 'ਤੇ ਤੇਜ਼ੀ ਨਾਲ ਅਸਰ ਕਰਦੀ ਹੈ।
10. ਪੈਕਟ ਬੰਦ ਭੋਜਨ ਪਦਾਰਥਾਂ ਦੀ ਸ਼ੂਗਰ ਮਾਤਰਾ ਵਾਲੇ ਲੇਬਲ ਨੂੰ ਜ਼ਰੂਰ ਪੜ੍ਹ ਲਉ।
11. ਆਪਣੇ ਬਲੱਡ ਸ਼ੂਗਰ ਪੱਧਰ ਦੀ ਜਾਂਚ ਕਰੋ। ਰੋਜ਼ਾਨਾ ਭੋਜਨ ਲੈਣ ਤੋਂ ਪਹਿਲਾਂ ਆਪਣੇ ਬਲੱਡ ਸ਼ੂਗਰ ਪੱਧਰ ਦੀ ਜਾਂਚ ਜ਼ਰੂਰ ਕਰੋ। ਬਲੱਡ ਗੁਲੂਕੋਜ਼ ਦੀ ਸਵੈ-ਜਾਂਚ ਨਾਲ ਬਲੱਡ ਸ਼ੂਗਰ ਦੇ ਘੱਟਣ ਜਾਂ ਵੱਧਣ ਨੂੰ ਰੋਕਣ ਲਈ ਤੁਹਾਨੂੰ ਕਾਫੀ ਮਦਦ ਮਿਲੇਗੀ। ਭੋਜਨ ਤੋਂ ਪਹਿਲਾਂ ਗੁਲੂਕੋਜ਼ ਦਾ ਪੱਧਰ 80 ਐਮ.ਜੀ./ਡੀ.ਐਲ. ਤੇ 120 ਐਮ.ਜੀ./ਡੀ.ਐਲ. ਦੇ ਵਿਚਾਲੇ ਅਤੇ ਸੌਣ ਵੇਲੇ 100 ਐਮ.ਜੀ./ਡੀ.ਐਲ. ਤੇ 140 ਐਮ.ਜੀ./ਡੀ.ਐਲ. ਦੇ ਵਿਚਕਾਰ ਹੋਣਾ ਚਾਹੀਦਾ ਹੈ।

# ਭਾਰਤੀ ਵੀਜ਼ੇ ਲਈ ਆਨ-ਲਾਈਨ ਅਰਜ਼ੀ ਭਾਰਤੀਆਂ ਲਈ ਬਣੀ ਨਵੀਂ ਬੁਝਾਰਤ



ਲੰਬੇ ਸਮੇਂ ਤੋਂ ਕਾਊਂਸਲਰ ਜਰਨਲ ਆਫ਼ ਇੰਡੀਆ ਵੱਖ-ਵੱਖ ਵਿਸ਼ਿਆਂ ਤਹਿਤ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਭਾਰਤੀ ਕਾਊਂਸਲਖਾਨਾ ਪ੍ਰਾਈਵੇਟ ਵੀ.ਐਫ.ਐਸ. ਗਲੋਬਲ ਨੂੰ ਸਾਰੀਆਂ ਸੇਵਾਵਾਂ ਦੀ ਅਥਾਰਟੀ ਦੇ ਕੇ ਆਪ ਖੁਦ ਰੋਜ਼ਮਰਾ ਦੀਆਂ ਮੁਸ਼ਕਿਲਾਂ ਤੋਂ ਨਿਜਾਤ ਪਾ ਗਿਆ ਹੈ । ਜਿੱਥੇ ਪਹਿਲਾਂ ਗਲੋਬਲ ਕੰਪਨੀ ਪਾਸਪੋਰਟ ਸਰੈਂਡਰ ਦੇ ਬਹਾਨੇ ਭਾਰਤੀਆਂ ਤੋਂ ਮਿਲੀਅਨ ਡਾਲਰ ਇਕੱਠੇ ਕਰ ਰਹੀ ਹੈ, ਹੁਣ ਉਨ੍ਹਾਂ ਦੇ ਭਾਰਤੀ ਵੀਜ਼ੇ ਲਈ ਕਾਗਜ਼ੀ ਅਰਜ਼ੀਆਂ ਲੈਣੀਆਂ ਬੰਦ ਕਰਨ ਨਾਲ ਪੂਰੇ ਐਡਮਿੰਟਨ ਸ਼ਹਿਰ ਲਈ ਇਹ ਨਵੀਂ ਬੁਝਾਰਤ ਬਣ ਗਈ। ਵੀ.ਐਫ.ਐਸ. ਮੁਤਾਬਿਕ ਪਹਿਲਾਂ ਭਾਰਤੀ ਵੀਜ਼ਾ ਦੇ ਚਾਹਵਾਨਾਂ ਨੂੰ ਆਨ ਲਾਈਨ ਐਪਲੀਕੇਸ਼ਨ ਭਰਨ ਤੋਂ ਬਾਅਦ ਡੈਕਲਰੇਸ਼ਨ ਫਾਰਮ ਅਤੇ ਭਰੀ ਹੋਈ ਆਨ ਲਾਈਨ ਐਪਲੀਕੇਸ਼ਨ ਨੂੰ ਇੰਟਰਨੈਟ ਤੋਂ ਪ੍ਰਿੰਟ ਕਰਨ ਤੋਂ ਬਾਅਦ ਜਰੂਰੀ ਕਾਗਜਾਂ ਨਾਲ ਵੀ.ਐਫ.ਐਸ. ਲੋਕਲ ਦਫ਼ਤਰ ਵਿਖੇ ਜਮ੍ਹਾਂ ਕਰਵਾਉਣੀ ਹੋਵੇਗੀ । ਜਾਂਚ ਦੌਰਾਨ ਅਧੂਰੀ ਪਾਈ ਗਈ ਅਰਜੀ ਵਾਪਸ ਕੀਤੀ ਜਾਵੇਗੀ। ਇਹ ਆਨ ਲਾਈਨ ਸਿਸਟਮ 26 ਜੁਲਾਈ 2011 ਤੋਂ ਟੋਰੰਟੋ ਅਤੇ ਔਟਵਾ ਖੇਤਰਾਂ ਵਿੱਚ ਲਾਗੂ ਹੋ ਗਿਆ ਸੀ। ਪਹਿਲੀ ਅਗਸਤ 2011 ਤੋਂ ਵੈਨਕੂਵਰ ਕੇਂਦਰ ਅਧੀਨ ਆਉਂਦੇ ਬ੍ਰਿਟਿਸ ਕੋਲੰਬੀਆਂ ਅਤੇ ਅਲਬਰਟਾ ਸੂਬੇ ਦੇ ਸਾਰੇ ਸ਼ਹਿਰਾਂ ਵਿੱਚ ਵੀ ਲਾਗੂ ਹੋ ਗਿਆ ਹੈ। ਇੱਥੇ ਦੱਸਣਯੋਗ ਹੈ ਕਿ ਖਾਸ ਕਰਕੇ ਕੈਨੇਡਾ ਵਿੱਚ ਪੰਜਾਬੀਆਂ ਦੀ ਆਬਾਦੀ ਦਾ 80 ਪ੍ਰਤੀਸ਼ਤ ਹਿੱਸਾ ਪੇਂਡੂ ਪਰਿਵਾਰਾਂ ਨਾਲ ਸਬੰਧਿਤ ਹੈ, ਜਿਸ ਕਰਕੇ ਪਰਿਵਾਰਾਂ ਕੋਲ ਕੰਪਿਊਟਰ, ਇੰਟਰਨੇਟ, ਪ੍ਰਿੰਟਰ ਵਰਗੀਆਂ ਆਧੁਨਿਕ ਸਹੂਲਤਾਂ ਨਹੀਂ ਹਨ, ਅਗਰ ਕਿਸੇ ਕੋਲ ਹਨ ਵੀ ਉਨ੍ਹਾਂ ਨੂੰ ਬਹੁਤਾਂ ਗਿਆਨ ਨਹੀਂ। ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਕੰਪਿਊਟਰ ਸਿੱਖਣ ਜਾਂ ਅਜਿਹੀਆਂ ਐਪਲੀਕੇਸ਼ਨਾਂ ਕਰਨੀਆਂ ਉਨ੍ਹਾਂ ਦੇ ਵਸ ਤੋਂ ਬਾਹਰ ਦੀ ਗੱਲ ਹੋਵੇਗੀ। ਸ਼ਹਿਰ ਵਿੱਚ ਇਸ ਸਬੰਧੀ ਰੇਡੀਓ ਟਾਕ ਸ਼ੋਅ ਵੀ ਹੋ ਚੁੱਕਾ ਹੈ ਜਿਸ ਵਿੱਚ ਮੋਹਤਬਰਾਂ ਦਾ ਕਹਿਣਾ ਹੈ ਕਿ ਆਧੁਨਿਕ ਤਕਨੀਕ ਦਾ ਪ੍ਰਯੋਗ ਕਰਨਾ ਚੰਗੀ ਗੱਲ ਹੈ ਪਰੰਤੂ ਇਸ ਦੇ ਨਾਲ ਨਾਲ ਵੀ.ਐਫ.ਐਸ. ਨੂੰ ਸਧਾਰਨ ਪਰਿਵਾਰਾਂ ਦਾ ਧਿਆਨ ਰੱਖਦੇ ਹੋਏ ਕਾਗਜ਼ੀ ਐਪਲੀਕੇਸ਼ਨ ਵੀ ਜਾਰੀ ਰੱਖਣੀ ਚਾਹੀਦੀ ਹੈ ਜਿਸ ਨਾਲ ਕਿਸੇ ਵੀ ਪਰਿਵਾਰ ਨੂੰ ਖੱਜਲ ਖੁਆਰੀ ਦਾ ਸਾਹਮਣਾ ਨਾ ਕਰਨਾ ਪਏ । ਇਹ ਇੱਕ ਵੱਡੀ ਸਮੱਸਿਆ ਹੈ ਜਿਸ ਵੱਲ ਕੋਈ ਰਾਜਨੀਤਿਕ, ਸਮਾਜਿਕ ਜਾਂ ਹੋਰ ਸੰਸਥਾ ਧਿਆਨ ਬਿਲਕੁੱਲ ਨਹੀਂ ਦੇ ਰਹੀ । ਜਿਆਦਾ ਜਾਣਕਾਰੀ ਲੈਣ ਲਈ ਤੁਸੀਂ ਹਰਜਿੰਦਰ ਆਹਲੂਵਾਲੀਆ 7808509900 ਨਾਲ ਸੰਪਰਕ ਕਰ ਸਕਦੇ ਹੋ ।

ਕੀ ਤੁਹਾਡੀ ਕਾਰ ਦੀ ਚਾਬੀ ਅੰਦਰ ਰਹਿ ਗਈ ਹੈ?
ਕੰਮ ਤੇ ਜਾਣ ਦੀ ਜਲਦੀ ਹੈ ?
ਕਾਰ ਲਾਕ ਹੋ ਗਈ ਹੈ ?
We also provide Boost for your Vehicles.


ਤਾਂ ਘਬਰਾਉ ਨਾ.....
ਕਾਰ ਲਾਕ ਹੁੰਦਿਆਂ ਹੀ
ਗੁਰਪ੍ਰੀਤ ਸੋਹਲ ਨੂੰ
780 935 2990

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
- TAX RETURNS FOR SELF EMPLOYED
- SMALL BUSINESS SETUP & BOOKKEEPING
- ACCOUNTING & G.S.T. RETURNS
- FINANCIAL STATEMENTS

KAPIL SHARMA
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ
ਕਪਿਲ ਸ਼ਰਮਾ
ਨਾਲ ਸੰਪਰਕ ਕਰੋ
FOR FAST REFUND USE E-FILES
780-469-2677
FAX : 780-469-2026


Anuj Gupta
AMP, B.Com.
Associate Broker
Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
# 78, 4003-98 Street, Edmonton, AB www.albertamortgagecentre.com
CAAMP ACCHA · AXIOM · AMBA · BBB · think MORTGAGE think AMP

Krishna(KK)Gupta, AMP
"Experienced, Knowledgeable, Committed"
Serving the Community Since 1999

# ਫੋਟੋ ਗੈਲਰੀ



ਫੀਲਡ ਹਾਕੀ ਮੁਕਾਬਲਿਆਂ ਦੌਰਾਨ ਇਕ ਟੀਮ ਨਾਲ ਤਸਵੀਰ ਖਿਚਵਾਉਂਦੇ ਹੋਏ ਪ੍ਰਬੰਧਕ।



ਐਡਮਿੰਟਨ ਕਬੱਡੀ ਤੇ ਵਲੰਟੀਅਰ ਸੇਵਾਵਾਂ ਬਦਲੇ ਖੇਡ ਕੋਚ ਗੁਰਦਰਸ਼ਨ ਸਿੰਘ ਪੰਨੂੰ ਨੂੰ ਸਨਮਾਨਤ ਕਰਦੇ ਹੋਏ ਕਨੇਡਾ ਸਰਕਾਰ ਦੇ ਮੰਤਰੀ ਟਿੰਮ ਉਪਲ, ਐਮ.ਐਲ.ਏ ਪੀਟਰ ਸੰਧੂ ਤੇ ਹੋਰ।



ਬਾਬਾ ਫਰੀਦ ਸਪੋਰਟਸ ਕਲੱਬ ਵਲੋਂ ਕਰਵਾਏ ਗਏ ਖੇਡ ਮੇਲੇ ਦੌਰਾਨ ਕਬੱਡੀ ਪਾਉਂਦੇ ਗੱਭਰੂ।



ਪੰਜਾਬ ਸਪੋਰਟਸ ਐਂਡ ਕਲਚਰ ਐਸੋਸੀਏਸ਼ਨ ਵਲੋਂ ਕਰਵਾਏ ਗਏ ਕਬੱਡੀ ਕੱਪ ਦੌਰਾਨ ਜੇਤੂ ਟੀਮ ਨੂੰ ਸਨਮਾਨਤ ਕਰਦੇ ਹੋਏ ਪ੍ਰਬੰਧ ਕਨੇਡਾ ਸਰਕਾਰ ਦੇ ਮੰਤਰੀ ਟਿੰਮ ਉਪਲ।



ਯੁਵੈਨਟਸ ਅੰਡਰ 16 'ਚ ਸੁਬਾਈ ਸੌਕਰ ਮੁਕਾਬਲਿਆਂ ਦੌਰਾਨ ਅਲਬਰਟਾ ਦੀ ਗੋਲਡ ਮੈਡਲ ਜੇਤੂ ਟੀਮ।





ਲੇਖਕ ਅਮਰਜੀਤ ਸੂਫੀ ਦੀ ਐਡਮਿੰਟਨ ਫੇਰੀ ਦੌਰਾਨ ਉਨ੍ਹਾਂ ਨੂੰ (ਖੱਬੇ) ਮੱਖਣ ਕੁਹਾੜ ਦੁਆਰਾ ਲਿਖਤ ਗ਼ਜ਼ਲ ਸੰਗ੍ਰਹਿ 'ਕੇਤਕੀ ਦੇ ਫੁੱਲ' ਭੇਂਟ ਕਰਦੇ ਹੋਏ। (ਸੱਜੇ) ਪ੍ਰੋਗੈਰਸਿਵ ਪੀਪਲਜ਼ ਫਾਉਂਡੇਸ਼ਨ ਆਫ਼ ਐਡਮਿੰਟਨ ਦੇ ਮੈਂਬਰਾਂ ਨੂੰ ਆਪਣੀਆਂ ਲਿਖੀਆਂ ਕਿਤਾਬਾਂ ਭੇਂਟ ਕਰਦੇ ਹੋਏ ਲੇਖਕ ਅਮਰਜੀਤ ਸੂਫੀ।



ਗਲੋਬਲ ਪੰਜਾਬ ਫਾਉਂਡੇਸ਼ਨ ਦੇ ਚੇਅਰਮੈਨ ਡਾ. ਹਰਜਿੰਦਰ ਵਾਲੀਆ ਨੂੰ ਐਡਮਿੰਟਨ ਚੈਪਟਰ ਦੇ ਸਮਾਗਮ ਦੌਰਾਨ ਸਨਮਾਨਤ ਕਰਦੇ ਹੋਏ ਐਮ.ਪੀ. ਦਵਿੰਦਰ ਸ਼ੋਰੀ, ਐਮ.ਐਲ.ਏ. ਪੀਟਰ ਸੰਧੂ, ਕੌਂਸਲਰ ਅਮਰਜੀਤ ਸੋਹੀ, ਯਸ਼ ਸ਼ਰਮਾ ਅਤੇ ਪਾਲ ਬੋਪਾਰਾਏ।



ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਵਲੋਂ ਕਰਵਾਏ ਗਏ ਸਮਾਗਮ ਦੌਰਾਨ ਉਘੇ ਫੋਟੋਗ੍ਰਾਫਰ ਤੇ ਚਿੰਤਕ ਜਨਮੇਜਾ ਜੌਹਲ ਇਕ ਸਾਂਝੀ ਤਸਵੀਰ ਖਿਚਵਾਉਂਦੇ ਹੋਏ।



ਕੌਂਸਲ ਆਫ਼ ਇੰਡੀਆ ਵਲੋਂ ਐਡਮਿੰਟਨ ਵਿਖੇ 15 ਅਗਸਤ ਨੂੰ ਆਜ਼ਾਦੀ ਦੇ ਜਸ਼ਨ ਮਨਾਉਣ ਦੀਆਂ ਝਲਕੀਆਂ।





ਲੇਖਕ ਤੇ ਜਥੇਬੰਦਕ ਆਗੂ ਸ੍ਰੀ ਗਿਆਨ ਸਿੰਘ ਬਿਲਗਾ ਅਤੇ ਮੱਖਣ ਸਿੰਘ ਕੁਹਾੜ ਦੀ ਕਨੇਡਾ ਫੇਰੀ ਦੌਰਾਨ ਪ੍ਰੋਗੈਰਸਿਵ ਪੀਪਲਜ਼ ਫਾਉਂਡੇਸ਼ਨ ਆਫ਼ ਐਡਮਿੰਟਨ ਦੀਆਂ ਵੱਖ ਵੱਖ ਮੀਟਿੰਗਾਂ ਦਾ ਦ੍ਰਿਸ਼।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ ।

Secure Your Future

**JeevanBima Inc**

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਕੀ ਤੁਸੀਂ ਉਪਰੋਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ?
- ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ ?
- ਕੀ ਤੁਸੀਂ ਘਰ ਦੇ ਮੁਖੀ ਹੋ ?
- ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾਂ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- Life Insurance
- Mortgage Insurance
- Disability Insurance
- Critical Illness Insurance
- Longterm Care Insurance
- Travel Insurance
- Health Plans



**Jasvir Deol**

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Ph: 780 462 4229
Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


Passport Phots
by:
Kanwal Lyall
All types of Immigration, Passport, PIO, Citizenship Photos
Phone: 780-952-8017
lyallstudio@gmail.com


Auto Shine Detailing
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3


SAVE ON DOOR KNOBS & HANDLES!
Austin Door Lock and Handle Set
ONLY $49.99
ONLY $13.99
Villa Passage Knob
Taymor
TRANSITIONAL
2 Piece Deadbolt
ONLY $9.99
Globe Knob
ONLY $19.99
ALEXANDRIA Moulding
MOULDING SPECIALS!
#5010
#412
#411
#3140
#357
MDF Primed $1.20 /linear foot
MDF Primed $0.60 /linear foot
MDF Primed $0.49 /linear foot
MDF Primed $0.29 /linear foot
MDF Primed $0.19 /linear foot
Taymor
MODERN
SAVE ON BATHROOM FIXTURES!
4 Piece Bath Set: Infinity and Corona Models
ONLY $24.99
Robe Hook
Towel Bar
Towel Ring
Paper Holder
Concealed Surface Mount, Lifetime warranty, mounting hardware & installation instructions included. Available in a variety of finishes.


Fancy Doors & Mouldings
JELD-WEN WINDOWS & DOORS
Masonite
ALEXANDRIA Moulding
Show Specials!
French Doors
Paris
Double "Paris" Doors
ONLY $400.99
Single "Paris" Door
ONLY $200.99
Interior Door
Bostonian
ONLY $55.99
6-Panel Pre-Hung 18" x 36"
Exterior Door
ONLY $149.99
6-Panel Steel Door with Brick Moulding Pre-Hung (32" or 36") with 4.5" jamb
Creston
ONLY $169.99 Slab
Pantry
ONLY $99.99 Slab
Exterior Wood Doors
A - D103H
B - 1530
C - TDM10H
ONLY $5500.00
Exterior Fibreglass Door
ONLY $299.00
Parlaiment
Pre-Hung
32" or 36"
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer. Expires April 30, 2011

# ਮੁੰਨੀ ਲੈ ਲੈਨੀ ਆਂ ਕਿ ਭੁੰਜੇ ਬਹਿ ਰਹਿਨੀ ਆਂ

## ਲੋਕ-ਗੀਤਾਂ ਦੇ ਨਾਲ ਨਾਲ

ਰਾਧਾ ਰਾਣੀ (ਪਿੰਡ ਪੰਧੇਰ) ਤੋਂ ਗੀਤ ਸੁਣਨ ਤੋਂ ਬਾਅਦ ਮੇਰਾ ਸਾਰਾ ਧਿਆਨ ਉਨ੍ਹਾਂ ਦੇ ਪਰਿਵਾਰ ਵਿਚੋਂ ਹੀ ਮਾਸਟਰ ਬਜਰੰਗ ਕੁਮਾਰ ਦੇ ਘਰਦਿਆਂ ਵਲ ਹੋਇਆ। ਜਿਵੇਂ ਅੰਗਦ ਕੁਮਾਰ ਮੇਰੇ ਮੰਤਵ ਨੂੰ ਚੰਗੀ ਤਰ੍ਹਾਂ ਸਮਝਦਾ ਸੀ ਉਸ ਤੋਂ ਚੰਗੀ ਤਰ੍ਹਾਂ ਮਾਸਟਰ ਬਜਰੰਗ ਕੁਮਾਰ ਜਾਣਦਾ ਸੀ ਕਿਉਂਕਿ ਉਹ ਗਿਆਨੀ ਪਾਸ ਸੀ ਤੇ ਡੀ.ਏ.ਵੀ. ਸਕੂਲ ਦਸੂਹਾ ਵਿਚ ਪੰਜਾਬੀ ਪੜ੍ਹਾਉਂਦਾ ਵੀ ਸੀ। ਉਸ ਨੇ ਆਪਣੀ ਪਤਨੀ ਸ਼ਾਰਦਾ, ਬੇਟੀ ਉਰਮਿਲਾ ਤੇ ਮਾਤਾ ਜਸ਼ੋਧਾ ਨੂੰ ਵੀ ਤਿਆਰ ਕਰ ਲਿਆ। ਜਦੋਂ ਮੈਂ ਉਨ੍ਹਾਂ ਸਾਹਵੇਂ ਟੇਪ ਰਿਕਾਰਡਰ ਲੈ ਕੇ ਬੈਠਾ ਤਾਂ ਮੇਰੇ ਸਾਹਮਣੇ ਤਿੰਨ ਔਰਤਾਂ/ਕੁੜੀਆਂ ਨਹੀਂ ਸਗੋਂ ਤਿੰਨ ਪੀੜ੍ਹੀਆਂ ਸਨ। ਤਿੰਨੋ ਪੀੜ੍ਹੀਆਂ ਨੇ ਇਕੋ ਵੇਲੇ ਲੋਕ ਗੀਤਾਂ ਦਾ ਖ਼ਜ਼ਾਨਾ ਸਾਂਭਿਆ ਹੋਇਆ ਸੀ। ਨਵੀਂ ਪੀੜ੍ਹੀ ਨੇ ਅਜੇ ਚਾਲੀ ਪੰਜਾਹ ਸਾਲ ਤੋਂ ਵੀ ਵੱਧ ਜੀਉਣਾ ਸੀ। ਇਸੇ ਲਈ ਮੇਰਾ ਇਹ ਵਿਸ਼ਵਾਸ ਕਾਇਮ ਹੈ ਕਿ ਦੂਰ ਦੁਰਾਡੇ ਪਿੰਡਾਂ ਵਿਚ ਘੱਟੋ ਘੱਟ ਅੱਧੀ ਸਦੀ ਗੀਤ ਨਹੀਂ ਮਰਦੇ। ਇਸੇ ਲਈ ਬਹੁਤ ਸਮਾਂ ਹੈ, ਇਨ੍ਹਾਂ ਨੂੰ ਇਕੱਤਰ ਕਰਨ ਲਈ। ਹਿੰਮਤ ਹੋਣੀ ਚਾਹੀਦੀ ਹੈ ਇਨ੍ਹਾਂ ਥਾਵਾਂ 'ਤੇ ਪਹੁੰਚ ਕਰਨ ਦੀ। ਨਾਲ ਦੀ ਨਾਲ ਲੋੜ ਹੈ, ਇਨ੍ਹਾਂ ਪ੍ਰਤੀ ਇਕ ਜਨੂੰਨ ਦੀ ਜਿਸ ਨੂੰ ਮੇਰੇ ਇਕ ਪਾਠਕ ਨੇ ਅਫੀਮ ਲੱਗਣ ਦਾ ਨਾਂ ਦਿਤਾ ਹੈ।

ਸ਼ਾਰਦਾ ਤੇ ਉਰਮਿਲਾ ਕਿਉਂਕਿ ਮੇਰੇ ਨਾਲ ਵਧੇਰੇ ਖੁੱਲ੍ਹੀਆਂ ਸਨ, ਇਸ ਲਈ ਵਧੇਰੇ ਗੀਤ ਉਨ੍ਹਾਂ ਨੇ ਹੀ ਸੁਣਾਏ। ਜਸ਼ੋਧਾ ਵਲੋਂ ਜੋ ਕੁੱਝ ਵੀ ਮੈਨੂੰ ਸੁਣਾਇਆ ਗਿਆ ਉਹ ਵਧੇਰੇ ਕਿਤਾਬੀ ਸੀ। ਉਸ ਦਾ ਬਾਕੀ ਖ਼ਜ਼ਾਨਾ ਪਹਿਲਿਆਂ ਦੋਨਾਂ ਤੇ ਸਾਂਭਿਆ ਹੋਇਆ ਸੀ। ਜਿਨ੍ਹਾਂ ਚਿਰ ਮੈਂ ਗੀਤ ਭਰਵਾਉਂਦਾ ਰਿਹਾ ਮਾਸਟਰ ਬਜਰੰਗ ਕੁਮਾਰ ਵੀ ਸੁਣ ਸੁਣ ਹੈਰਾਨ ਹੁੰਦਾ ਰਿਹਾ। ਸ਼ਾਰਦਾ ਤੇ ਉਰਮਿਲਾ ਨੇ, ਗੀਤ ਸੁਣਾਏ, ਸੁਹਾਗ, ਘੋੜੀਆਂ ਤੇ ਬ੍ਰਿਆਈਆਂ ਵੀ। ਇਨ੍ਹਾਂ ਸਾਰੇ ਗੀਤਾਂ ਵਿਚੋਂ ਮੈਨੂੰ ਦੋ ਬ੍ਰਿਆਈਆਂ ਅਜੇ ਤਕ ਨਹੀਂ ਭੁਲਦੀਆਂ। ਕਾਰਨ ਇਹ ਕਿ ਇਨ੍ਹਾਂ ਦੋਨਾਂ ਵਿਚ ਮਜ਼ਾਕੀਆ ਲਹਿਜੇ ਵਿਚ ਲੜਕੀ ਪੈਦਾ ਹੋਣ ਨੂੰ ਨਿੰਦਿਆ ਗਿਆ ਹੈ ਤੇ ਘਰੇਲੂ ਸਥਿਤੀ ਨੂੰ ਵੀ ਹਲਕੇ ਫੁਲਕੇ ਢੰਗ ਨਾਲ ਬਿਆਨ ਕਰ ਦਿਤਾ ਗਿਆ ਹੈ। ਰਾਧਾ ਤੋਂ ਬਾਅਦ ਅਜਿਹੀਆਂ ਸਥਿਤੀਆਂ ਇਨ੍ਹਾਂ ਦੋਹਾਂ ਦੀ ਜ਼ਬਾਨੀ ਹੀ ਮੈਂ ਚਿਤ੍ਰਿਤ ਹੋਈਆਂ ਸੁਣੀਆਂ ਹਨ। ਹੋਰ ਕਿਤੇ ਮੈਂ ਅਜਿਹਾ ਕਰੂਰ ਮਜ਼ਾਕ ਨਹੀਂ ਸੁਣਿਆ। ਮੈਂ ਸਮਝਦਾ ਹਾਂ ਕਿ ਇਸ ਦੇ ਪਿਛੋਕੜ ਵਿਚ ਬ੍ਰਹਾਮਣੀ ਸੰਸਕਾਰ ਹਨ ਤੇ ਔਰਤ ਦੀ ਗਿੱਝੀ ਹੋਈ (ਕੰਡੀਸ਼ੰਡ) ਮਾਨਸਿਕਤਾ। ਸ਼ਾਰਦਾ ਤੇ ਉਰਮਿਲਾ ਨੇ ਲੋਕ ਗੀਤ ਛੋਹਿਆ-

ਕਾਕਾ ਲੈ ਲੈਨੀਆਂ, ਪਲੰਘ ਤੇ ਬਹਿ ਰਹਿਨੀਆਂ।
ਮੁੰਨੀ ਲੈ ਲੈਨੀਆਂ, ਕਿ ਭੁੰਜੇ ਬਹਿ ਰਹਿਨੀਆਂ

ਪਹਿਲਿਆਂ ਦੋ ਪੰਗਤੀਆਂ ਹੀ ਮੁੰਡੇ ਤੇ ਕੁੜੀ ਦੇ ਜੰਮਣ ਦੀਆਂ ਸਥਿਤੀਆਂ ਦੇ ਅੰਤਰ ਸਪੱਸ਼ਟ ਕਰ ਰਹੀਆਂ ਸਨ। ਕਾਕਾ ਹੋਣ ਤੇ ਪਲੰਘ ਮਿਲਦੇ ਹਨ ਜਦਕਿ ਦੂਜੀ ਸਥਿਤੀ ਵਿਚ ਭੁੰਜੇ ਹੀ ਬੈਠਣਾ ਪੈਂਦਾ ਹੈ। ਸਥਿਤੀ ਗਹਿਰ ਗੰਭੀਰ ਹੈ ਪਰ ਔਰਤਾਂ ਇਨ੍ਹਾਂ ਦੋਨਾਂ ਸਥਿਤੀਆਂ ਨੂੰ ਹੀ ਖ਼ੁਸ਼ ਹੋ ਹੋ ਗਾਉਂਦੀਆਂ ਹਨ। ਮੁੰਨੀ ਤੇ ਭੁੰਜੇ ਸ਼ਬਦ ਦਾ ਪ੍ਰਯੋਗ ਮੈਨੂੰ ਹੋਰਨਾਂ ਗੀਤਾਂ ਵਿਚ ਨਹੀਂ ਲੱਭਾ।

ਕਾਕਾ ਲੈ ਕੇ ਮੈਂ ਨਮਾਂ ਸੂਟ ਸਮਾਇਆ।
ਸ਼ਾਬਾਸ਼ੇ ਮੇਰੇ ਮਾਹੀਏ ਨੂੰ, ਜਿਨ ਸਿਲਮੇ ਨਾਲ ਜੜਾਇਆ।
ਮੁੰਨੀ ਲੈ ਕੇ ਮੈਂ ਨਮਾਂ ਸੂਟ ਸਮਾਇਆ।
ਸ਼ਾਬਾਸ਼ੇ ਮੇਰੇ ਮਾਹੀਏ ਨੂੰ, ਜਿਨ ਓਅ ਵੀ ਗਲੋਂ ਲੁਹਾਇਆ।

ਤੁਲਨਾ ਨੂੰ ਹੋਰ ਵਿਸਤਾਰ ਦਿਤਾ ਜਾ ਰਿਹਾ ਸੀ। ਇਕ ਸਥਿਤੀ ਵਿਚ ਖ਼ੁਸ਼ੀ ਕਾਰਨ ਨਵੇਂ ਸੂਟ ਨੂੰ ਸਿਲਮੇ ਸਿਤਾਰੇ ਲੱਗ ਜਾਂਦੇ ਹਨ। ਦੂਸਰੀ ਵਿਚ ਨਵਾਂ ਸੂਟ ਗਲੋਂ ਲੁਹਾ ਲਿਆ ਜਾਂਦਾ ਹੈ। ਪਰ ਗਾਇਕਾਵਾਂ ਤਾ ਮਜ਼ਾ ਲੈ ਰਹੀਆਂ ਸਨ। ਮਾਵਾਂ ਧੀਆਂ ਦੀ ਤਿੱਖੀ ਆਵਾਜ਼ ਬਿਨਾਂ ਸਾਜ਼ ਤੋਂ ਵੀ ਇਕ ਸੁਰ ਸੀ। ਢੋਲਕੀ ਦੀ ਕਿਤੇ ਵੀ ਲੋੜ ਨਹੀਂ ਮਹਿਸੂਸ ਹੋਈ, ਜਦਕਿ ਇਹ ਢੋਲਕ ਗੀਤ ਸੀ। ਤੁਲਨਾ ਹੋਰ ਅਗਾਂਹ ਤੁਰੀ।

ਕਾਕਾ ਲੈ ਕੇ ਮੈਂ ਪੇਕਿਆਂ ਦੇ ਗਈ।
ਸ਼ਾਬਾਸ਼ੇ ਮੇਰੇ ਮਾਹੀਏ ਨੂੰ, ਜਿਨ ਮੋਟਰ ਕਾਰ ਦੁੜਾਈ।
ਮੁੰਨੀ ਲੈ ਕੇ ਮੈਂ ਪੇਕਿਆਂ ਦੇ ਗਈ,
ਸ਼ਾਬਾਸ਼ੇ ਮੇਰੇ ਮਾਹੀਏ ਨੂੰ, ਜਿਨ ਮੋਟਰ ਕਾਰ ਮੁੜਾਈ।
ਕਾਕਾ ਲੈ ਕੇ ਮੈਂ ਨਵਾਂ ਮਹਿਲ ਪੁਆਇਆ।
ਸ਼ਾਬਾਸ਼ੇ ਮੇਰੇ ਮਾਹੀਏ ਨੂੰ,
ਜਿਨ ਬਿਜਲੀ ਦਾ ਪੱਖਾ ਲੁਆਇਆ।
ਮੁੰਨੀ ਲੈ ਕੇ ਮੈਂ ਨਮਾਂ ਮਹਿਲ ਪੁਆਇਆ
ਸ਼ਾਬਾਸ਼ੇ ਮੇਰੇ ਮਾਹੀਏ ਨੂੰ, ਜਿਨ ਲੱਤ ਮਾਰ ਕੇ ਢਾਇਆ।



ਡਾ. ਕਰਮਜੀਤ ਸਿੰਘ
ਮੋਬਾ : 099927-32006

ਉਲਟੇ ਕੰਮ ਤਾਂ ਮਾਹੀਆ ਹੀ ਕਰ ਰਿਹਾ ਸੀ। ਪਰ ਉਸ ਦੇ ਕੰਮ ਨੂੰ ਸੁਆਦ ਲੈ ਕੇ ਗਾ ਔਰਤਾਂ ਰਹੀਆਂ ਸਨ। ਜਦੋਂ ਜਦੋਂ ਇਹ ਸਾਰੇ ਤੱਥ ਮੇਰੇ ਸਾਹਮਣੇ ਆਉਂਦੇ ਹਨ, ਮੈਨੂੰ ਉਦਾਸ ਕਰ ਜਾਂਦੇ ਹਨ। ਇਨ੍ਹਾਂ ਪੰਗਤੀਆਂ ਵਿਚ ਮੋਟਰ ਤੇ ਪੱਖਿਆਂ ਦਾ ਵੀ ਜ਼ਿਕਰ ਆਉਂਦਾ ਹੈ। ਇਹ ਸ਼ਬਦ ਹੀ ਹਨ ਜੋ ਗੀਤ ਦਾ ਸਮਾਂ ਨਿਰਧਾਰਿਤ ਕਰਨ ਵਿਚ ਸਾਡੀ ਮਦਦ ਕਰਦੇ ਹਨ। ਭਾਵੇਂ ਇਹ ਉਸ ਦੇ ਹੁਣਵੇਂ ਰੂਪ ਨੂੰ ਵੀ ਨਿਸ਼ਚਿਤ ਕਰ ਸਕਦੇ ਹਨ। ਇਸ ਤੋਂ ਪਹਿਲਾਂ ਦਾ ਰੂਪ ਇਨ੍ਹਾਂ ਰਾਹੀਂ ਨਿਰਧਾਰਿਤ ਨਹੀਂ ਹੁੰਦਾ। ਦੋਨਾਂ ਮਾਵਾਂ ਧੀਆਂ ਨੇ ਹਸਦਿਆਂ ਹਸਦਿਆਂ ਗੀਤ ਪੂਰਾ ਕਰ ਦਿਤਾ। ਉਹ ਕੁੱਝ ਹੋਰ ਗੀਤ ਗਾ ਰਹੀਆਂ ਸਨ ਪਰ ਮੈਨੂੰ ਪਹਿਲੇ ਨੇ ਹੀ ਜਕੜਿਆ ਹੋਇਆ ਸੀ। ਅਜੇ ਮੈਂ ਪਹਿਲੇ ਦੀ ਵਿਆਖਿਆ ਵਿਚ ਹੀ ਉਲਝਿਆ ਹੋਇਆ ਸਾਂ ਕਿ ਇਸੇ ਤਰ੍ਹਾਂ ਦਾ ਇਕ ਹੋਰ



ਗੀਤ ਸ਼ੁਰੂ ਹੋ ਗਿਆ। ਇਹੋ ਜਿਹੇ ਗੀਤਾਂ ਨਾਲ ਮੈਨੂੰ ਹਰਿਆਣੇ ਵਿਚ ਤਾਂ ਵਾਹ ਪਿਆ ਸੀ ਪਰ ਦੁਆਬੇ ਵਿਚ ਇਹ ਮੇਰਾ ਪਹਿਲਾ ਟਾਕਰਾ ਸੀ। ਸ਼ਾਰਦਾ ਤੇ ਉਰਮਿਲਾ ਨੂੰ ਤਾਂ ਚਾਅ ਚੜ੍ਹਿਆ ਹੋਇਆ ਸੀ, ਗੀਤ ਗਾਉਣ ਦਾ। ਉਨ੍ਹਾਂ ਇਕ ਢੋਲਕ ਤੇ ਗਾਈ ਜਾਂਦੀ ਬ੍ਰਿਆਈ ਛੂਹ ਲਈ, ਬਿਨਾਂ ਢੋਲਕ ਤੋਂ। ਤਿੱਖੀ ਉਚੀ ਆਵਾਜ਼ ਵਿਚ ਬਿਲਕੁਲ ਸੁਰ ਤਾਲ ਵਿਚ।

ਵੇ ਸਹੁਰਿਆ ਵੇ ਸਹੁਰਿਆ।
ਹਾਏ ਵੇ ਛੇਤੀ ਘੜਾ ਚੁਕਾ।2।

ਇਕ ਸਸਪੈਂਸ ਸੀ ਕਿ ਸਹੁਰੇ ਨੂੰ ਛੇਤੀ ਘੜਾ ਚੁਕਾਉਣ ਲਈ ਕਿਉਂ ਕਿਹਾ ਜਾ ਰਿਹਾ ਸੀ? ਇਹ ਸਸਪੈਂਸ ਅਗਲੀ ਪੰਗਤੀ ਵਿਚ ਸ਼ਾਇਦ ਸਾਫ ਹੋ ਜਾਏ।

ਨੀ ਸੱਸੀਏ, ਨੀ ਸੱਸੀਏ,
ਹਾਇ ਨੀ ਛੇਤੀ ਮੰਜੀ ਡੁਹਾ।2।
ਨੀ ਸੱਸੀਏ, ਨੀ ਸੱਸੀਏ,
ਹਾਇ ਨੀ ਛੇਤੀ ਦਾਈ ਬੁਲਾ।2।

ਕਾਹਲੀ ਦਾ ਕਾਰਨ ਸਮਝ ਆਉਣ ਲੱਗਦਾ ਹੈ ਕਿ ਜਣੇਪਾ ਨੇੜੇ ਹੈ, ਇਸ ਲਈ ਦੌੜ ਲਾਈ ਹੋਈ ਹੈ। ਇਥੋਂ ਅਗਾਂਹ ਦੀ ਪ੍ਰਕਿਆ ਦਾ ਅੰਦਾਜ਼ਾ ਵੀ ਲੱਗਣ ਲੱਗਾ।

ਨੀ ਸੱਸੀਏ, ਨੀ ਸੱਸੀਏ
ਹਾਇ ਨੀ ਜੰਮ ਪਈ ਕਾਣੀ ਬਲਾ।
ਵੇ ਦੇਰਾ, ਵੇ ਦੇਰਾ,
ਹਾਇ ਵੇ ਛੇਤੀ ਟੋਆ ਪਟਾ।
ਵੇ ਦੇਰਾ ਵੇ ਦੇਰਾ,
ਹਾਇ ਵੇ ਦੱਬਿਆ ਕਾਣੀ ਬਲਾ।

ਜਿਥੇ ਪਹਿਲੀ ਬ੍ਰਿਆਈ ਵਿਚ ਮਾਹੀਆ, ਨਾ-ਖ਼ੁਸ਼ੀ ਦਾ ਇਜ਼ਹਾਰ ਕਰਦਾ ਹੈ। ਆਪਣੇ ਕੰਮਾਂ ਰਾਹੀਂ ਉਥੇ ਇਸ ਗੀਤ ਵਿਚ ਔਰਤ ਆਪ ਕੁੜੀ ਨੂੰ 'ਕਾਣੀ ਬਲਾ' ਕਹਿ ਕੇ ਸੰਬੋਧਿਤ ਹੋ ਰਹੀ ਸੀ। ਸੰਬੋਧਿਤ ਹੀ ਨਹੀਂ ਸੀ ਹੋ ਰਹੀ, ਸਗੋਂ ਦਿਉਰ ਨੂੰ ਟੋਆ ਪੁਟਾ ਕੇ ਉਸ ਨੂੰ ਛੇਤੀ ਦੱਬ ਆਉਣ ਦੀ ਤਾਗੀਦ ਕਰਦੀ ਹੈ। ਮਾਂ ਹੀ ਇਹ ਕੁੱਝ ਕਰੇਗੀ ਤਾਂ ਕੁੜੀ ਦਾ ਰਾਖਾ ਹੋਰ ਕੌਣ ਹੈ? ਗੀਤ ਅਗਾਂਹ ਤੁਰ ਰਿਹਾ ਸੀ ਬਿਨਾ ਕਿਸੇ ਗਮ ਦੇ।

ਵੇ ਸਹੁਰਿਆ, ਵੇ ਸਹੁਰਿਆ,
ਹਾਇ ਵੇ ਛੇਤੀ ਘੜਾ ਚੁਕਾ।
ਨੀ ਸੱਸੀਏ, ਨੀ ਸੱਸੀਏ,
ਹਾਇ ਨੀ ਛੇਤੀ ਮੰਜੀ ਡੁਹਾ।
ਨੀ ਸੱਸੀਏ, ਨੀ ਸੱਸੀਏ,
ਹਾਇ ਨੀ ਛੇਤੀ ਦਾਈ ਬੁਲਾ।
ਨੀ ਸੱਸੀਏ, ਨੀ ਸੱਸੀਏ,
ਹਾਇ ਨੀ ਜੰਮ ਪਿਆ, ਰਘੁਪਤ ਰਾ।

ਪਹਿਲੀਆਂ ਪੰਗਤੀਆਂ ਵਿਚ ਪਹਿਲਾਂ ਵਰਗਾ ਸਸਪੈਂਸ ਨਹੀਂ। ਇਹ ਵੀ ਅੰਦਾਜ਼ਾ ਲੱਗ ਪਿਆ ਕਿ ਹੁਣ ਮੁੰਡਾ ਪੈਦਾ ਹੋਵੇਗਾ ਤਾਂ ਹੀ ਤੁਲਨਾ ਹੋ ਸਕੇਗੀ। 'ਕਾਣੀ ਬਲਾ' ਦੀ ਥਾਂ ਹੁਣ ਜੰਮਿਆ 'ਰਘੁਪਤਿ ਰਾਜਾ' ਰਾਮ। ਤੁਲਨਾ ਤੋਂ ਹੀ ਖ਼ੁਸ਼ੀ ਦਾ ਪ੍ਰਗਟਾਵਾ ਝਲਕ ਰਿਹਾ ਸੀ। ਇਸ ਗੀਤ ਦੀਆਂ ਸਾਰੀਆਂ ਸਥਿਤੀਆਂ ਇਤਿਹਾਸ ਵਿਚ ਕੁੜੀ ਮਾਰਨ ਦੀ ਕਹਾਣੀ ਯਾਦ ਕਰਾਉਂਦੀਆਂ ਹਨ। ਕੁੜੀ ਨੂੰ ਦਬਾ ਕੇ 'ਗੁੜ ਖਾਈਂ ਪੂਣੀ ਕੱਤੀਂ, ਆਪ ਨਾ ਆਈਂ ਭਾਈ ਘੱਲੀਂ' ਦੀ ਰੱਟ ਲਾਈ ਜਾਂਦੀ ਸੀ। ਮੈਂ ਬੇਹੱਦ ਗੰਭੀਰ ਹੋ ਗਿਆ ਪਰ ਗੀਤ ਤਾਂ ਜਾਰੀ ਸੀ।

ਵੇ ਦੇਰਾ, ਵੇ ਦੇਰਾ,
ਹਾਇ ਵੇ ਪੁਟ ਲਿਆ ਕਾਣੀ ਬਲਾ।
ਦੇ ਦੇਰਾ, ਵੇ ਦੇਰਾ
ਖੇਲ੍ਹਣ ਦੋਨੋ ਭੈਣ ਭਰਾ।

ਜੇ ਸ਼ਾਇਦ ਦੂਸਰੀ ਵੀ ਕੁੜੀ ਹੋ ਜਾਂਦੀ ਤਾਂ ਇਹ ਵਿਚਾਰਾਂ ਦਾ ਬਦਲਾਅ ਨਹੀਂ ਸੀ ਆਉਣਾ। ਹੁਣ ਮੋਈ ਨੂੰ ਪੱਟ ਕੇ ਲਿਆਉਣ ਦਾ ਹੁਕਮ ਦਿੰਦਿਆਂ ਵੀ, 'ਕਾਣੀ ਬਲਾ' ਦਾ ਸੰਬੋਧਨ ਬਦਲਿਆ ਨਹੀਂ। ਭਰਾ ਦੇ ਨਾਲ ਭੈਣ ਹੋਣ ਕਾਰਨ ਜੋੜੀ ਬਣਾਉਣ ਦੀ ਇੱਛਾ ਹੈ ਪਰ ਇਹ ਹੁਣ ਪੂਰੀ ਨਹੀਂ ਹੋ ਸਕਦੀ।

ਮਾਸਟਰ ਬਜਰੰਗ ਕੁਮਾਰ ਨਵੇਂ ਜ਼ਮਾਨੇ ਦਾ ਆਦਮੀ ਹੈ। ਉਹ ਤੇ ਸ਼ਾਰਦਾ ਬੜੇ ਪਿਆਰ ਨਾਲ ਉਰਮਿਲਾ ਨੂੰ ਉਵੇਂ ਹੀ ਪਾਲਦੇ ਰਹੇ ਹਨ ਜਿਵੇਂ ਦੋ ਮੁੰਡਿਆਂ ਨੂੰ। ਪਰ ਪੁਰਾਣੇ ਗੀਤਾਂ ਦਾ ਕੋਈ ਕੀ ਕਰੇ? ਮੈਨੂੰ ਹੋਰ ਕਿਸੇ ਗੱਲ ਨੇ ਤੰਗ ਨਹੀਂ ਕੀਤਾ, ਸਿਵਾਇ ਇਸ ਗੱਲ ਦੇ ਕਿ ਔਰਤਾਂ ਹੋਣ ਦੇ ਬਾਵਜੂਦ ਮਾਵਾਂ ਧੀਆਂ ਗੰਭੀਰ ਨਹੀਂ ਸਨ। ਸਗੋਂ ਉਹ ਗੀਤਾਂ ਦੇ ਪ੍ਰਸੰਗ ਵਿਚ ਹੱਸਦੀਆਂ ਰਹੀਆਂ। ਭਾਵੇਂ ਇਹ ਹਾਸਾ ਅਣਜਾਣਪੁਣੇ ਵਿਚ ਅਚੇਤ ਸੀ। 'ਕੰਡੀਸ਼ੰਡ' ਸਿਰਜਣਹਾਰ ਅਚੇਤ ਹੀ ਸਮਾਜਿਕ ਵਿਰੋਧਤਾਈਆਂ ਨੂੰ ਪ੍ਰਗਟਾਉਂਦੇ ਜਾਂਦੇ ਹਨ। ਪਰ ਖੇਤਰੀ ਕਾਰਜ ਕਰਨ ਵਾਲੇ ਲਈ ਇਨ੍ਹਾਂ ਨੂੰ ਅਣਗੌਲਿਆਂ ਕਰਨਾ ਸੌਖਾ ਕੰਮ ਨਹੀਂ। ਮੇਰੇ ਲਈ ਤਾਂ ਬਿਲਕੁਲ ਨਹੀਂ।

## ਕੇਤਕੀ ਦੇ ਫੁੱਲ (ਗ਼ਜ਼ਲ ਸੰਗ੍ਰਹਿ)

ਕਵੀ : ਮੱਖਣ ਕੁਹਾੜ
ਪੰਨੇ 96, ਕੀਮਤ : 100 ਰੁਪਏ, ਸਜਿਲਦ : 150 ਰੁਪਏ
ਪ੍ਰਕਾਸ਼ਨ : ਹੁਣ ਪ੍ਰਕਾਸ਼ਨ ਮੁਹਾਲੀ, ਲੰਡਨ

ਮੱਖਣ ਕੁਹਾੜ ਪ੍ਰਤੀਬੱਧ ਸ਼ਾਇਰ ਹੈ। ਉਸ ਦੀ ਸਿਧਾਂਤਕ ਪ੍ਰਤੀਬੱਧਤਾ ਮਾਰਕਸਵਾਦ ਨਾਲ ਹੈ ਅਤੇ ਵਿਵਹਾਰਕ ਪ੍ਰਤੀਬੱਧਤਾ ਲੋਕ ਸੰਘਰਸ਼ਾਂ ਨਾਲ। ਮਾਰਕਸਵਾਦ ਸਮਾਜਕ ਤਬਦੀਲੀ ਦਾ ਵਿਗਿਆਨ ਹੈ, ਇਸ ਲਈ ਕਿਸੇ ਵੀ ਮਾਰਕਵਸਵਾਦੀ ਲੇਖਕ ਦੀ ਲਿਖਤ ਸੁਭਾਵਿਕ ਹੀ ਸਮਾਜਕ ਤਬਦੀਲੀ ਲਈ 'ਜੂਝ ਰਹੇ ਸਾਥੀਆਂ ਦੇ ਨਾਂ' ਨੂੰ ਸਮਰਪਤ ਹੋ ਜਾਂਦੀ ਹੈ। ਮੱਖਣ ਕੁਹਾੜ ਦਾ ਨਵ ਪ੍ਰਕਾਸ਼ਤ ਗ਼ਜ਼ਲ ਸੰਗ੍ਰਹਿ 'ਕੇਤਕੀ ਦੇ ਫੁੱਲ' ਵੀ ਇਸੇ ਭਾਵਨਾ ਨਾਲ ਓਤਪੋਤ ਹੈ। ਇਸ ਕਾਵਿ ਪੁਸਤਕ ਤੋਂ ਪਹਿਲਾਂ ਮੱਖਣ ਕੁਹਾੜ ਇਕ ਗ਼ਜ਼ਲ-ਸੰਗ੍ਰਹਿ 'ਕਿਰਨਾਂ ਦੇ ਨਕਸ਼' ਅਤੇ ਇਕ ਕਹਾਣੀ ਸੰਗ੍ਰਹਿ 'ਕੱਚੀਆਂ ਤੰਦਾਂ' ਵੀ ਪ੍ਰਕਾਸ਼ਤ ਕਰ ਚੁੱਕਾ ਹੈ। ਕਲਮ ਦਾ ਨਿਰੰਤਰ ਅਭਿਆਸ ਉਸ ਦੀ ਨਵੀਂ ਗ਼ਜ਼ਲ ਵਿਚ ਕਾਫੀ ਨਿਖਾਰ ਲੈ ਆਇਆ ਹੈ ਤੇ ਉਸ ਦੀ ਅਗਾਂਹਵਧੂ ਵਿਚਾਰਧਾਰਾ ਦੇ ਪ੍ਰਗਟਾਵੇ ਲਈ ਉਸ ਕੋਲ ਸਮਰੱਥ ਕਾਵਿਕ ਭਾਸ਼ਾ (ਬਿੰਬਾਂ, ਪ੍ਰਤੀਕਾਂ, ਅਲੰਕਾਰਾਂ) ਦੀ ਕੋਈ ਕਮੀ ਨਹੀਂ ਹੈ। ਦਰਅਸਲ, ਇਹੋ ਉਹ ਭਾਸ਼ਾ ਹੈ ਜਿਹੜੀ ਕਿਸੇ ਕਵੀ ਦੇ ਕਾਵਿਕ ਦਰਜੇ ਨੂੰ ਨਿਸ਼ਚਿਤ ਕਰਦੀ ਹੈ। ਇਸ ਕਾਵਿਕ ਭਾਸ਼ਾ ਦੀ ਅਣਹੋਂਦ ਵਿਚ ਕਵਿਤਾ ਨਿਰੋਲ ਪ੍ਰਚਾਰ ਬਣ ਜਾਂਦੀ ਹੈ, ਜੋ ਜ਼ਿਆਦਾ ਦੇਰ ਤਕ ਪਾਠਕ ਨੂੰ ਕਾਇਲ ਨਹੀਂ ਕਰ ਸਕਦੀ ਤੇ ਮਾਤਰ ਨਾਅਰਾ ਬਣ ਕੇ ਰਹਿ ਜਾਂਦੀ ਹੈ। 'ਕੇਤਕੀ ਦੇ ਫੁੱਲ' ਵਿਚਲੀ ਗ਼ਜ਼ਲ ਵਰਗ ਸੰਘਰਸ਼ ਦੀ ਗ਼ਜ਼ਲ ਹੈ। ਇਸ ਵਿਚ ਮਨੁੱਖਤਾ, ਦੋਸਤਾਂ ਤੇ ਦੁਸ਼ਮਣਾਂ ਦੀ ਖ਼ੂਬ ਨਿਸ਼ਾਨਦੇਹੀ ਕੀਤੀ ਗਈ ਹੈ।




ਪਛਾਣੇ ਖ਼ੂਬ ਦੁਸ਼ਮਣ ਨੂੰ, ਵੰਗਾਰੇ ਖ਼ੂਬ ਦੁਸ਼ਮਣ ਨੂੰ,
ਪਛਾਣ ਆਪਣੇ ਨੂੰ ਗਲ ਲਾਵੇ, ਤਾਂ ਕੇਵਲ ਸਾਂਝ ਦਾ ਜਜ਼ਬਾ

ਹਰ ਸੰਘਰਸ਼ ਆਸ਼ਾਵਾਦ ਦੀ ਬੁਨਿਆਦ 'ਤੇ ਉਸਰਦਾ ਹੈ। ਹਰ ਅਗਾਂਹਵਧੂ ਸ਼ਾਇਰ ਦਾ ਨਜ਼ਰੀਆ ਆਸ਼ਾਵਾਦੀ ਹੀ ਹੁੰਦਾ ਹੈ। 'ਕੇਤਕੀ ਦੇ ਫੁੱਲ' ਵਿਚ ਅਨੇਕਾ ਸ਼ਿਅਰ ਕਵੀ ਦੇ ਆਸ਼ਾਵਾਦ ਦੀ ਪੁਸ਼ਟੀ ਕਰਦੇ ਹਨ।

ਸੜਦਾ ਅੰਬਰ, ਤਪਦੀ ਧਰਤੀ, ਝੁੱਲਿਆ ਕਹਿਰ ਦਾ ਝੱਖੜ,
ਅਸ਼ਕੇ ਉਸ ਗੁਲਸ਼ਨ ਦੇ ਜਿਹੜਾ, ਫੇਰ ਵੀ ਮੌਲੀ ਜਾਵੇ।

ਇਹ ਆਸਾਵਾਦ ਮਾਤਰ ਭਾਵੁਕ ਹੁਲਾਰਾ ਨਹੀਂ ਹੈ, ਇਹ ਮੱਖਣ ਕੁਹਾੜ ਦੀ ਵਿਚਾਰਧਾਰਕ ਪ੍ਰਤੀਬੱਧਤਾ ਦਾ ਸਿੱਟਾ ਹੈ। ਇਹ ਅੰਦਰ ਦੀ ਮਜ਼ਬੂਤੀ ਦੀ ਲੋੜ ਨੂੰ ਵੀ ਖਾਰਜ ਨਹੀਂ ਕਰਦਾ।

ਭੁਚਾਲਾਂ ਤੇ ਨਹੀਂ ਸ਼ਿਕਵਾ, ਤੂਫਾਨਾਂ ਤੇ ਨਹੀਂ ਸ਼ਿਕਵਾ
ਹੈ ਸ਼ਿਕਵਾ ਘਰ ਨੂੰ ਵਾਜਬ ਢਾਲਿਆ ਹੁੰਦਾ ਤਾਂ ਬਿਹਤਰ ਸੀ।

ਕਵੀ ਦੀ ਸਮੁੱਚੀ ਗ਼ਜ਼ਲ ਸਾਧਨਾ ਦਾ ਸਾਰ ਵਿਵਸਥਾ ਨੂੰ ਨਿਸ਼ਾਨੇ 'ਤੇ ਲਿਆਉਣਾ ਹੈ। ਸ਼ੋਸ਼ਣਕਾਰੀ ਵਿਵਸਥਾਵਾਂ ਹਮੇਸ਼ਾ ਬਦਲਣਯੋਗ ਹੁੰਦੀਆਂ ਹਨ, ਕਿਉਂਕਿ ਇਨ੍ਹਾਂ ਦਾ ਸੁਭਾਅ ਸਦਾ ਸਿਰੇ ਦਾ ਦਮਨਕਾਰੀ ਹੁੰਦਾ ਹੈ।

ਇਹ ਰਾਜੇ 'ਰੱਬ' ਹੁੰਦੇ ਨੇ, ਕਦੇ ਨਾ ਸੀਂਹ ਕਹੀਂ 'ਮੱਖਣਾ'
ਵਿਵਸਥਾ ਹੈ ਕਿ ਨਾਨਕ ਤਕ ਤੋਂ ਵੀ ਚੱਕੀ ਪਿਹਾਉਂਦੀ ਹੈ।

ਆਪਣੀ ਅਗਾਂਹਵਧੂ ਸੋਚ, ਇਨਕਲਾਬੀ ਵਿਚਾਰਧਾਰਾ, ਸਮਾਜਕ ਚੇਤਨਾ, ਕਾਵਿਕ ਸਰਮੱਥਾ ਤੇ ਸੁਹਿਰਦਤਾ ਸਦਕਾ ਉਮੀਦ ਹੈ ਕਿ ਮੱਖਣ ਕੁਹਾੜ ਦੇ 'ਕੇਤਕੀ ਦੇ ਫੁੱਲ' ਹਮੇਸ਼ਾ ਸੱਜਰੇ ਰਹਿਣਗੇ ਤੇ ਉਹ ਲੋਕ ਸੰਘਰਸ਼ਾਂ ਲਈ ਕਵਿਤਾ ਦੀ ਮਸ਼ਾਲ ਨੂੰ ਇੰਜ ਹੀ ਮਨੁੱਖਤਾ ਦੇ ਸੁਨਹਿਰੇ ਭਵਿੱਖ ਲਈ ਉਠਾਈ ਰੱਖੇਗਾ।

ਨਵੀਂ ਦੁਨੀਆ ਬਿਊਰੋ

# ਕਨੇਡੀਅਨ ਪੰਜਾਬੀ ਗ਼ਜ਼ਲਕਾਰ

ਸੁਖ਼ਨ-ਸਾਜ਼



ਸੁਲੱਖਣ ਸਰਹੱਦੀ
94174-84337

ਕਨੇਡਾ ਵਿਚ ਪੰਜਾਬ ਦਾ ਦਿਲ ਧੜਕਦਾ ਹੈ। ਸ਼ਾਇਦ ਪੰਜਾਬ ਤੋਂ ਅਗਲਾ ਪੰਜਾਬ ਕਨੇਡਾ ਵਿਚ ਹੀ ਹੈ। ਇਥੇ ਪੰਜਾਬੀਆਂ ਨੇ ਸਿਆਸੀ, ਆਰਥਕ ਤੇ ਸਮਾਜਿਕ ਮੁਹਾਜਾਂ ਉਤੇ ਆਪਣੀ ਸੰਘਣੀ ਪਛਾਣ ਬਣਾਈ ਹੈ। ਕਾਮਾਗਾਟਾਮਾਰੂ ਦੇ ਸ਼ਹੀਦਾਂ ਦਾ ਖੂਨ ਕੈਨੇਡਾ ਦੇ ਗੁਲਾਬਾਂ ਨੂੰ ਸੂਹਾ ਕਰਦਾ ਰਿਹਾ ਹੈ। ਅਨੇਕਾਂ ਪੰਜਾਬੀਆਂ ਨੇ ਕਨੇਡਾ ਤੋਂ ਪਰਤ ਕੇ ਭਾਰਤ ਦੀਆਂ ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਇਕ ਲਲਕਾਰ ਪੈਦਾ ਕੀਤੀ ਹੈ। 1960 ਤੋਂ ਪਿਛੋਂ ਕਨੇਡਾ ਵਿਚ ਪੰਜਾਬੀ ਜ਼ਿਆਦਾ ਮਾਤਰਾ ਵਿਚ ਜਾਣੇ ਅਰੰਭ ਹੋਏ ਤੇ ਹੌਲੀ ਹੌਲੀ ਇਥੇ ਇਕ ਹੋਰ ਮਿੰਨੀ ਪੰਜਾਬ ਵੱਸ ਗਿਆ। ਇਥੋਂ ਦੀ ਅਰੰਭਕ ਕਵਿਤਾ ਕੌਮੀ ਚੇਤਨਾ ਵਾਲੀ ਸੀ। ਪਰ 1970 ਤਕ ਕਨੇਡਾ ਦੇ ਪੰਜਾਬੀ ਕਵੀਆਂ ਨੇ ਆਪਣੀ ਸਾਹਿਤਕ ਜਾਣ ਪਛਾਣ ਬਣਾ ਲਈ। ਪਰ ਇਥੇ ਤਕ ਉਹੀ ਪੀੜ੍ਹੀ ਇਥੇ ਆਈ ਜਿਹੜੀ ਜ਼ਿਆਦਾ ਪੜ੍ਹੀ ਲਿਖੀ ਨਹੀਂ ਸੀ। 1970 ਤੋਂ ਪਿਛੋਂ ਕਨੇਡਾ ਵਿਚ ਪੜ੍ਹੇ ਲਿਖੇ ਲੋਕ ਆਉਣੇ ਅਰੰਭ ਹੋਏ ਤਾਂ ਪੰਜਾਬੀ ਕਵਿਤਾ ਨੂੰ ਵੀ ਚਾਰ ਚੰਨ ਲੱਗੇ। ਪੰਜਾਬ ਵਾਂਗ ਕਨੇਡਾ ਵਿਚ ਵੀ ਲੋਕਾਂ ਨੇ ਅਕਵਿਤਾ ਨੂੰ ਰੱਦ ਕੀਤਾ ਅਤੇ ਗਜ਼ਲ ਪ੍ਰਤੀ ਉਤਸ਼ਾਹ ਦਿਖਾਇਆ। ਅੱਜ ਕਨੇਡਾ ਵਿਚ ਅਨੇਕਾਂ ਐਸੇ ਗ਼ਜ਼ਲਕਾਰ ਮੌਜੂਦ ਹਨ ਜੋ ਉਚ ਪਾਏ ਦੀ ਗਜ਼ਲ ਲਿਖ ਰਹੇ ਹਨ। ਇਨ੍ਹਾਂ ਗਜ਼ਲਕਾਰਾਂ ਨੇ ਜਿਥੇ ਆਪਣੇ ਵਤਨ ਪੰਜਾਬ ਦੇ ਮਸਲਿਆਂ ਨੂੰ ਸ਼ਿਅਰਾਂ ਵਿਚ ਪਰੋਇਆ ਉਥੇ ਆਪਣੇ ਪਰਵਾਸ ਦੇ ਦੁੱਖਾਂ ਨੂੰ ਵੀ ਸ਼ਿਅਰਾਂ ਦਾ ਵਿਸ਼ਾ ਬਣਾਇਆ। ਕਨੇਡਾ ਵਿਚ ਪੰਜਾਬੀਆਂ ਨੂੰ ਨਸਲੀ ਵਿਤਕਰੇ ਦਾ ਵੀ ਸਾਹਮਣਾ ਰਿਹਾ ਜਿਸ ਕਰ ਕੇ ਪੰਜਾਬੀ ਗਜ਼ਲ ਕਨੇਡਾ ਵਿਚ ਪੰਜਾਬ ਵਾਂਗ ਹੀ ਵੱਧ ਫੁੱਲ ਰਹੀ ਹੈ ਅਤੇ ਮਾਣ ਭਰਿਆ ਮੁਕਾਮ ਹਾਸਲ ਕਰ ਚੁੱਕੀ ਹੈ। ਪੰਜਾਬੀ ਗ਼ਜ਼ਲ ਨੂੰ ਕਨੇਡਾ ਵਿਚ ਉਸ ਸਮੇਂ ਹੋਰ ਵੀ ਮਾਣ ਭਰਿਆ ਸਥਾਨ ਮਿਲਿਆ ਜਦ ਕਈ ਸਾਰੇ ਸਥਾਪਤ ਗ਼ਜ਼ਲਕਾਰ ਪੰਜਾਬ ਤੋਂ ਕਨੇਡਾ ਪਰਵਾਸ ਕਰ ਗਏ। ਅੱਜ ਕਨੇਡਾ ਦੀ ਗ਼ਜ਼ਲ ਨੂੰ ਪਰਵਾਸੀ ਗ਼ਜ਼ਲ ਜਾਂ ਡਾਲਰਾਂ ਦੀ ਉਪਜ ਕਹਿ ਕੇ ਛੁਟਿਆਇਆ ਨਹੀਂ ਜਾ ਸਕਦਾ ਅਤੇ ਇਸ ਨੂੰ ਕਿਸੇ ਵਖਰੇ ਜੁਮਰੇ ਵਿਚ ਰੱਖ ਕੇ ਵੀ ਨਹੀਂ ਵਿਚਾਰਿਆ ਜਾਣਾ ਚਾਹੀਦਾ ਹੈ। ਕਨੇਡਾ ਦੀ ਗ਼ਜ਼ਲ ਦਾ ਮੂੰਹ ਮੁਹਾਂਦਰਾ ਭਾਵੇਂ ਪਰਵਾਸ ਦੇ ਅਹਿਸਾਸਾਂ ਤੇ ਚਿਹਨ ਚਕਰਾਂ ਵਾਲਾ ਹੈ ਪਰ ਇਸ ਦੀ ਅੰਤਰ ਆਤਮਾ ਪੰਜਾਬੀ ਦੀ ਗ਼ਜ਼ਲ ਦੀ ਮੁੱਖ ਧਾਰਾ ਨਾਲ ਓਤ ਪ੍ਰੋਤ ਹੈ।

ਮੈਂ 'ਨਵੀਂ ਦੁਨੀਆ' ਦੇ ਪਾਠਕਾਂ ਨੂੰ ਇਹ ਸੂਚਨਾ ਦੇਂਦਿਆਂ ਖੁਸ਼ੀ ਲੈ ਰਿਹਾ ਹਾਂ ਕਿ ਅਉਂਦੇ ਸਮੇਂ ਵਿਚ ਅਸੀਂ ਕਨੇਡਾ ਦੇ ਪੰਜਾਬੀ ਗ਼ਜ਼ਲਕਾਰਾਂ ਸਬੰਧੀ ਲਗਤਾਰ ਇਕ ਸਥਾਈ ਕਾਲਮ ਸ਼ੁਰੂ ਕਰ ਰਹੇ ਹਾਂ। ਮੈਂ ਕਨੇਡਾ ਦੇ ਪੰਜਾਬੀ ਗ਼ਜ਼ਲਕਾਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀਆਂ 10-10 ਗ਼ਜ਼ਲਾਂ ਅਤੇ ਜੀਵਨ ਬਿਉਰਾ ਮੇਰੀ ਆਈ.ਡੀ. ਜਾਂ ਫਿਰ ਹੇਠ ਲਿਖੇ ਪਤੇ ਉਤੇ ਡਾਕ ਰਾਹੀਂ ਭੇਜ ਦੇਣ। ਉਹ ਆਪਣੀ ਤਾਜ਼ਾ ਫੋਟੋ ਵੀ ਭੇਜਣ। ਬਾਅਦ ਵਿਚ ਇਸ ਫੀਚਰ ਉਤੇ ਅਧਾਰਤ ਪੁਸਤਕ ਛਾਪੀ ਜਾਵੇਗੀ।

email : sulakhansarhaddi@gmail.com
address : village Kohar P.O Dehriwal Droga Via N.M. Singh, Teh+Distt : Gurdaspur (Pb.) India - 143518

## ਇਸ ਮਹੀਨੇ ਦੇ ਗ਼ਜ਼ਲਕਾਰ

### ਗਿੱਲ ਮੋਰਾਂਵਾਲੀ



ਗਿੱਲ ਮੋਰਾਂਵਾਲੀ ਦਾ ਪੂਰਾ ਨਾਮ ਮਹਿੰਦਰ ਸਿੰਘ ਗਿੱਲ ਹੈ। ਇਨ੍ਹਾਂ ਦਾ ਜਨਮ 20 ਮਈ 1937 ਨੂੰ ਪਿੰਡ ਮੋਰਾਂਵਾਲੀ ਜ਼ਿਲ੍ਹਾ ਹੁਸ਼ਿਆਰਪੁਰ ਹੋਇਆ। ਉਹ 1971 ਵਿਚ ਕਨੇਡਾ ਆਣ ਵੱਸੇ। ਉਹ ਕਨੇਡਾ ਆ ਕੇ ਲਗਾਤਾਰ ਲਿਖਦੇ ਆ ਰਹੇ ਹਨ। ਹੁਣ ਤਕ ਉਹ ਦੋ ਦਰਜਨ ਤੋਂ ਵੀ ਵਧੇਰੇ ਕਾਵਿ ਪੁਸਤਕਾਂ ਲਿਖ ਚੁੱਕੇ ਹਨ। ਪੰਜਾਬ ਵਿਚ ਗਿੱਲ ਮੋਰਾਵਾਲੀ ਬਾਰੇ ਸੰਘਣਾ ਚਰਚਾ ਰਹਿੰਦਾ ਹੈ। ਕਈ ਮਹੱਤਵ ਪੂਰਨ ਸਾਹਿਤਕਾਰਾਂ ਨੇ ਗਿੱਲ ਮੋਰਾਂਵਾਲੀ ਨੂੰ ਕਨੇਡਾ ਦੀ ਗ਼ਜ਼ਲ ਦਾ ਮੋਢੀ ਕਿਹਾ ਹੈ। ਉਨ੍ਹਾਂ ਦੀਆਂ ਗ਼ਜ਼ਲਾਂ ਵਿਚ ਨਾਰੀ ਸੰਵੇਦਨਾ ਦਾ ਬੜਾ ਗੂੜਾ ਰੰਗ ਰਹਿੰਦਾ ਹੈ। ਉਨ੍ਹਾਂ ਨੇ 'ਬਾਬਲ ਜਾਈ ਕੀ ਕਰੇ' ਨਾਮ ਦੀ ਸਮੁੱਚੀ ਪੁਸਤਕ ਧੀਆਂ ਦੇ ਨਾਮ ਕੀਤੀ ਹੈ ਤੇ ਉਨ੍ਹਾਂ ਦੇ ਦੁੱਖਾਂ ਨੂੰ ਜੀਭ ਦਿਤੀ ਹੈ। ਉਨ੍ਹਾਂ ਦੀ ਕਵਿਤਾ ਉਤੇ ਕਈ ਲੋਕਾਂ ਪੀ.ਐਚ.ਡੀ. ਕੀਤੀ ਅਤੇ ਉਨ੍ਹਾਂ ਬਾਰੇ ਕਈ ਪੁਸਤਕਾਂ ਲਿਖੀਆਂ ਗਈਆਂ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਕਨੇਡਾ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਦੀ ਪਤਨੀ ਦਾ ਨਾਮ ਜਗੀਰ ਕੌਰ ਗਿੱਲ ਅਤੇ ਤਿੰਨਾਂ ਧੀਆਂ ਦੇ ਨਾਮ ਨਵਤੇਜ, ਹਰਤੇਜ ਅਤੇ ਜਸਤੇਜ ਹਨ ਜੋ ਅਗਾਂਹਵਧੂ ਸਖ਼ਸ਼ੀਅਤਾਂ ਦੀਆਂ ਮਾਲਕ ਹਨ। ਆਉ ਉਨ੍ਹਾਂ ਦੇ ਕੁੱਝ ਸ਼ਿਅਰ ਮਾਣਦੇ ਹਾਂ।

ਜਿਸ ਨੂੰ ਪੇਟੋਂ ਜਨਮ ਕੇ ਸਭ ਕੁੱਝ ਦਿਤਾ ਵਾਰ
ਉਹ ਹੀ ਬੰਦਾ ਨਾ ਕਰੇ ਔਰਤ ਦਾ ਸਤਿਕਾਰ
ਤਨ ਮਨ ਧਨ ਸਭ ਵਾਰਦੀ ਕਰਦੀ ਨਾ ਇਨਕਾਰ
ਮਿਲਦੀ ਫਿਰ ਵੀ ਮਰਦ ਤੋਂ ਔਰਤ ਨੂੰ ਦੁਰਕਾਰ

ਇਸ ਤੋਂ ਵੱਡਾ ਹੋਰ ਕੀ ਔਰਤ ਦਾ ਅਪਮਾਨ
ਬੰਦੇ ਦੀ ਮਾੜੀ ਬੁਰੀ, ਵੀ ਕਰਨੀ ਪਰਵਾਨ
ਉਜਰ ਕਰੇ ਤਾਂ ਪਾਪਣੀ ਅਰਜ਼ ਕਰੇ ਤਾਂ ਠੀਕ
ਬੰਦਾ ਫਿਰ ਵੀ ਵਰਤਦਾ, ਔਰਤ ਜਾਣ ਸ਼ਰੀਕ

ਤੱਤਾਂ ਦੇ ਹੀ ਮੇਲ ਤੋਂ ਬਣਦੇ ਨਰ ਤੇ ਨਾਰ
ਅੰਦਰ ਬਾਹਰ ਅੱਗ ਦਾ ਚੁੱਕੀ ਫਿਰਦੇ ਭਾਰ
ਸੋਚਾਂ ਦਾ ਢੋਂਦੀ ਰਹੀ ਦਿਲ ਦੇ ਚੁੱਕੀ ਭਾਰ
ਨਿਰਦੋਸ਼ਣ ਨਿਰਦੋਸ਼ ਹੈ ਸੰਧੂਰ ਸਜਾਂਦੀ ਨਾਰ

ਚਿਹਰਾ ਗੁੰਮ ਹੈ ਨਾ ਸ਼ਬਾਬ ਗੁੰਮ ਹੈ
ਨੈਣਾਂ 'ਚੋਂ ਬਸ ਇਕ ਸ਼ਰਾਬ ਗੁੰਮ ਹੈ
ਕੰਡੇ ਨੇ ਬਾਕੀ ਨਸੀਬ ਹੁਣ ਤਾਂ
ਖੁਸ਼ਬੂ ਗੁੰਮ ਹੈ ਹੁਣ ਗੁਲਾਬ ਗੁੰਮ ਹੈ

ਹਨ੍ਹੇਰੇ 'ਚੋਂ ਮੈਂ ਰੌਸ਼ਨੀ ਭਾਲਦਾ ਹਾਂ
ਮੈਂ ਉਂਜ ਟੁਕੜਾ ਚਾਨਣ ਦੇ ਹੀ ਨਾਲ ਦਾ ਹਾਂ
ਨਾ ਖਾਮੋਸ਼ ਜ਼ਿੰਦਗੀ ਮੇਰੀ ਨੂੰ ਸਤਾਉ
ਕਿ ਮੈਂ ਦੋਸਤੋ ਹਾਣੀ ਭੁਚਾਲ ਦਾ ਹਾਂ।

ਜ਼ਿੰਦਗੀ ਨੂੰ ਜੀਣ ਜੋਗਾ ਕਰ ਰਿਹਾ ਹੈ ਆਦਮੀ
ਹੋਰ ਅੱਗੇ ਪੈਰ ਆਪਣੇ ਧਰ ਰਿਹਾ ਹੈ ਆਦਮੀ
ਸਾਂਝਾ 'ਚ ਖਿਚਣੀ ਲੀਕ ਨਾ ਦੋਸਤੀ ਦੇ ਆਸ਼ਕੋ
ਹੋ ਨਾ ਜਾਵੇ ਗੱਲ ਭੈੜੀ ਡਰ ਰਿਹਾ ਹੈ ਆਦਮੀ

ਆ ਕੁੱਝ ਕਰੀਏ ਕਰ ਕੇ ਮਰੀਏ
ਛੱਡ ਕੇ ਨਦੀਆਂ ਸਾਗਰ ਤਰੀਏ
ਖਾਲੀ ਤਲੀ ਤੇ ਚੁੰਮਣ ਧਰੀਏ
ਵਾਟਾਂ ਸੁੰਨੀਆਂ ਰੌਣਕ ਭਰੀਏ

ਕੱਠੇ ਕਰ ਹਤਿਆਰੇ ਲੋਕ
ਲੋਕਾਂ ਨੇ ਹੀ ਮਾਰੇ ਲੋਕ
ਆਪਣੇ ਹੰਝੂ ਪੂੰਝੋ ਆਪ
ਕਹਿੰਦੇ ਨੇ ਸਚਿਆਰੇ ਲੋਕ

ਬੰਦਾ ਸਰਕਰਦਾ ਨੇਕੀ ਤੋਂ ਡਰਦਾ
ਮਜ਼ਦੂਰ ਭਲਾ ਕਿਉਂ ਸੁਣਦਾ ਤੇ ਜਰਦਾ?
ਇਕ ਦਿਨ ਲਹਿ ਜਾਣਾ ਪਾਪਾਂ ਤੋਂ ਪਰਦਾ
ਪੱਲਾ ਹਰ ਆਪਣਾ ਹੀ ਭਰਦਾ

ਮਤਲਬ ਹੈ ਤਾਂ ਭਗਵਾਨ ਕਹੇ
ਉਂਝ ਮੈਨੂੰ ਉਹ ਸ਼ੈਤਾਨ ਕਹੇ
ਈਮਾਨ ਡਬੋ ਕੇ ਗਿੱਲ ਆਪਣਾ
ਦੂਜੇ ਨੂੰ ਬੇਈਮਾਨ ਕਹੇ

ਸਭ ਪਹਿਰਾਵੇ ਝੂਠੇ ਨੇ
ਕਿਰਤ ਕਰਮ ਦਾ ਪਾ ਗਹਿਣਾ
ਜਿਧਰ ਮਰਜ਼ੀ ਲੁਕ ਜਾਵੋ
ਮੌਤ ਨੇ ਸਿਰ 'ਤੇ ਆ ਬਹਿਣਾ

### ਉਂਕਾਰਪ੍ਰੀਤ



ਉਂਕਾਰਪ੍ਰੀਤ ਪੰਜਾਬ ਦੇ ਪਿੰਡ ਮਦਾਰ ਜ਼ਿਲ੍ਹਾ ਜਲੰਧਰ ਵਿਚ ਜੰਮਿਆ ਪਲਿਆ। ਉਸ ਨੇ ਨਕਸਲਬਾੜੀ ਲਹਿਰ ਦਾ ਅਸਰ ਕਬੂਲਿਆ। ਪਹਿਲਾਂ ਉਸ ਨੇ ਕਹਾਣੀਆਂ ਤੇ ਨਾਟਕ ਲਿਖੇ। ਉਸ ਦਾ ਭਾਵੇਂ ਨਾਟਕ ਦੇ ਖੇਤਰ ਵਿਚ ਮਾਣਯੋਗ ਸਥਾਨ ਬਣ ਚੁੱਕਾ ਹੈ ਪਰ ਉਸ ਦਾ ਅਸਲ ਸਥਾਨ ਪੰਜਾਬੀ ਗ਼ਜ਼ਲ ਵਿਚ ਹੈ। ਉਹ ਨਵੇਂ ਭਾਵਬੋਧ ਦਾ ਸ਼ਾਇਰ ਹੈ। ਪੰਜਾਬੀ ਗ਼ਜ਼ਲ ਦੀ ਮੁਖ ਧਾਰਾ ਵਿਚ ਉਸ ਦਾ ਮਾਣਮੱਤਾ ਨਾਮ ਹੈ। ਕਨੇਡਾ ਵਿਚ ਉਸ ਨੇ ਗ਼ਜ਼ਲ ਨੂੰ ਉਚਾ ਸਥਾਨ ਦਿਵਾਇਆ ਹੈ। ਉਂਕਾਰਪ੍ਰੀਤ ਮਰਹੂਮ ਮਿੱਤਰ ਉਲਫਤ ਬਾਜਵਾ ਦਾ ਸ਼ਗਿਰਦ ਹੈ। ਉਸ ਦੀ ਛੋਟੀ ਜਿਹੀ ਗ਼ਜ਼ਲ ਪੁਸਤਕ 'ਮਿੱਪਲ ਦੀ ਕੈਨਵਸ' ਨੇ ਪੰਜਾਬ ਵਿਚ ਵੱਡੀ ਪ੍ਰਸਿਧੀ ਪਾਈ। ਹੁਣ ਤਕ ਉਹ ਅੱਧਾ ਹਜ਼ਾਰ ਤੋਂ ਵੀ ਵਧੇਰੇ ਗ਼ਜ਼ਲਾਂ ਲਿਖ ਚੁੱਕਾ ਹੈ। ਉਸ ਨੂੰ ਅਰੂਜ ਤੇ ਪਿੰਗਲ ਦੀ ਸਮਝ ਹੈ। ਉਹ ਕਦੇ ਵੀ ਬੇ-ਬਹਿਰਾ ਨਹੀਂ ਹੁੰਦਾ। ਉਸ ਦੇ ਸ਼ਿਅਰਾਂ ਵਿਚ ਜਿਥੇ ਪ੍ਰਵਾਸ ਦਾ ਦੁੱਖ ਝਲਕਦਾ ਹੈ, ਉਥੇ ਨਵੇਂ ਮਨੁੱਖ ਦੀ ਅੰਦਰੂਨੀ ਟੁੱਟ ਭੱਜ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਉਸ ਦੇ ਸ਼ਿਅਰਾਂ ਵਿਚ ਨਿੱਜ ਤੋਂ ਸੰਸਾਰ ਦਾ ਮੈਟਾਫਰ ਹੈ। ਉਹ ਕਿਸੇ ਇਕ ਰੰਗ ਦਾ ਸ਼ਾਇਰ ਨਹੀਂ ਸਗੋਂ ਫੁਲਝੜੀ ਦੇ ਰੰਗਾਂ ਵਾਂਗ ਉਸ ਦੇ ਅਨੇਕ ਵਿਸ਼ੇ ਹਨ। ਅੱਜਕਲ੍ਹ ਉਹ ਟਰਾਂਟੋ ਵਿਚ ਰਹਿੰਦਾ ਹੈ। ਆਉ ਉਸ ਦੇ ਕੁੱਝ ਸ਼ਿਅਰ ਮਾਣਦੇ ਹਾਂ :

ਮੁੜ ਆਇਆ ਘੜਾ ਭਰ ਕੇ ਮੈਂ ਸੜਦੇ ਘਰਾਂ ਵਲ ਨੂੰ
ਜਦ ਜਦ ਵੀ ਮੁਹੱਬਤ ਵਿਚ ਪੁੱਜਿਆ ਹਾਂ ਝਨਾਂ ਤੀਕਰ।
ਕੁੱਝ ਸਾਥ ਨੇ ਚਮੜੀ ਤਕ ਕੁੱਝ ਸਾਥ ਨੇ ਦਮੜੀ ਤਕ
ਹੈ ਸਾਥ ਤੇਰੇ ਕੋਈ ਕਦ 'ਪ੍ਰੀਤ' ਸਦਾ ਤੀਕਰ?

ਬਾਜ਼ਾਰ ਤਾਂ ਉਡੀਕੇ ਮੂੰਹ ਮੰਗੇ ਦਾਮ ਲੈ ਕੇ
ਪਰ ਮੈਥੋਂ ਜਾ ਨਾ ਹੋਵੇ ਅਪਣਾ ਕਲਾਮ ਲੈ ਕੇ
ਲੈ ਪਾਨ ਤੇ ਸੁਪਾਰੀ ਨਨਕਾਣੇ ਜਾਣ ਵਾਲੇ
ਕਰਤਾਰਪੁਰ ਨੂੰ ਮੁੜਦੇ ਕਾਜੂ ਬਦਾਮ ਲੈ ਕੇ।

ਸਹਿਮ ਜਾਂਦਾ ਹਾਂ ਮੈਂ ਬੁਝਦੇ ਦੀਵਿਆਂ ਨੂੰ ਵੇਖ ਕੇ
ਦਹਿਲ ਜਾਂਦੈ ਦਿਲ ਮਿਰਾ ਨ੍ਹੇਰੇ ਘਰਾਂ ਨੂੰ ਵੇਖ ਕੇ
ਘਰ ਮਿਰੇ ਦਾ ਕੀ ਬਣੂੰ ਰਹਿ ਰਹਿ ਕੇ ਏਹੀ ਸੋਚਦਾਂ
ਘਰਦਿਆਂ ਹੱਥੋਂ ਹੀ ਮਰਦੇ ਘਰਦਿਆਂ ਨੂੰ ਵੇਖ ਕੇ।

ਵੇਖ ਨਾ ਉਤੋਂ ਖੁਸ਼ ਸ਼ਕਲਾਂ ਹੀ ਝਾਕ ਉਨ੍ਹਾਂ ਦੇ ਅੰਦਰ ਵੇਖ
ਆਲੀਸ਼ਾਨ ਮਕਾਨਾਂ ਦੇ ਵਿਚ ਵਸਦੇ ਨੇ ਕਿੰਜ ਖੰਡਰ ਵੇਖ

ਦਿਲ ਦੇ ਬਾਗ 'ਚ ਫੁੱਲ ਖਿੜੇ ਨੇ, ਖਾਮੋਸ਼ੀ ਤਨਹਾਈ ਹੈ
ਕਿਉਂ ਕਵਿਤਾ ਦੀ ਲਹਿਰ ਨਾ ਜਾਗੇ, ਐਸੇ ਕਾਵਿ ਸਮੁੰਦਰ ਵੇਖ

ਸ਼ਾਨਾਂ ਤੋਂ ਸ਼ਾਨ ਵਧਕੇ ਦਮਦਾਰ ਖਾਲਸੇ ਦੀ
ਲਿਸ਼ਕਾਂ ਤੋਂ ਲਿਸ਼ਕਵੀਂ ਹੈ ਲਿਸ਼ਕਾਰ ਖਾਲਸੇ ਦੀ
ਬੰਦੇ ਤੇ ਗਜ਼ਨਵੀ ਵਿਚ ਜੇ ਫਰਕ ਸੀ ਤਾਂ ਏਹੀ
ਕਿਰਪਾਨ ਬਣ ਕੇ ਚੱਲੀ ਤਲਵਾਰ ਖਾਲਸੇ ਦੀ।

ਪੰਛੀਆਂ ਦੇ ਦਰਦ ਵਰਗੀ ਜ਼ਿੰਦਗੀ ਸੌਖੀ ਨਹੀਂ
ਕਾਲੇ ਬੋਲੇ ਝੱਖੜਾਂ ਵਿਚ ਸ਼ਾਇਰੀ ਸੌਖੀ ਨਹੀਂ
ਤਖਤ 'ਤੇ ਬਹਿ ਕੇ ਬੜੀ ਸੌਖੀ ਕਥਾ ਅਮਨ ਦੀ
ਦਗ੍ਹਦੀ ਲੋਹ 'ਤੇ ਬਹਿ ਕੇ ਪਰ ਗਲ ਅਮਨ ਦੀ ਸੌਖੀ ਨਹੀਂ

ਉਰੇ ਉਰੇ ਸ਼ਰਾਬ ਹੈ ਰਤਾ ਪਰੇ ਸ਼ਬਾਬ ਹੈ
ਉਰੇ ਪੂਰੇ ਨੂੰ ਲੰਘ ਕੇ ਜੋ ਹੈ ਉਹ ਲਾਜਵਾਬ ਹੈ
ਵੰਡਦੇ ਨੇ ਰੰਗ ਮੇਪਲ ਜੀਕੂੰ ਪਤਝੜ ਆਉਣ 'ਤੇ
ਸ਼ਾਇਰਾਂ ਦੀ ਸ਼ਾਇਰੀ ਨੂੰ ਹੁਣ ਇਸ ਤਰ੍ਹਾਂ ਲੈਂਦਾ ਹਾਂ ਮੈਂ।

BeLL STUCCO & RENOVATION
Residential Commercial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA SOCKET RENOVATION
Call: ਅਮਰ (AMAR)
780 271 2266
Fax: 780 463 7363

A City Limos Ltd.
Ph: 780-462-4940
Toll Free: 1-888-462-4623

Wedding
School Proms
Birthday
City Tours
Airport Service
Edmonton-Calgary Vancouver
Contact
780-951-7260

e-mail: dhaliwalsd@hotmail.com, www.acitylimousine.com

ਕਹਾਣੀ

# ਜੀਣ ਜੋਗਾ

ਗੁਰਸੇਵਕ ਸਿੰਘ ਪ੍ਰੀਤ



"ਬੰਧੂ ... ਮੈਂ ਵਕਤ ਬੋਲ ਰਹਾ ਹੂੰ ... ਮੈਂ ਸਰਬਸ਼ਕਤੀਮਾਨ...

ਮੈਂ ਸਰਬਵਿਆਪਕ। ਪਰ ਬੰਧੂ ਕੁਸ਼ ਸਮੇਂ ਸੇ ਮੈਂ ਖ਼ੁਦ 'ਵਕਤ ਮੇਂ ਪੜਾ ਹੂਆ' ਥਾ... ਵੋਹ ਬੀ ਸਿਰਫ ਏਕ ਅਦਨੇ ਸੇ ਆਦਮੀ ਕੇ ਕਾਰਨ... ਆਦਮੀ ਬੀ ਕਿਆ, ਤੀਨ ਮੇਂ ਨਾਂ ਤੇਰਾਂ ਮੇਂ... ਪਰ ਆਜ ਮੇਰੀ ਜੀਤ ਹੋਨੇ ਜਾ ਰਹੀ ਹੈ ... ਹਾਂ ਹਾਂ... ਜਬ ਮੈਂ ਆਪਕੋ ਪੂਰੀ ਬਾਤ ਬਤਾ ਦੂੰਗਾ ਤੋ ਆਪ ਜੀ ਅਵੱਸ਼ ਮੇਰੀ ਉਤਸੁਕਤਾ ਵ ਖ਼ੁਸ਼ੀ ਜਾਨ ਜਾਓਗੇ... ਹਾਂ ਤੋ ਬੰਧੂ ... ਵੋ ਦੇਖੋ ਉਸ ਆਦਮੀ ਕੇ ਘਰ ਮੇਂ...''

ਇੰਦਰ ਸਿੰਘ ਖੱਤਰੀ ਦੇ ਘਰ ਚੀਕ ਚਿਹਾੜਾ ਮੱਚਿਆ ਹੋਇਆ। ਸਾਰਾ ਪਿੰਡ ਉਥੇ ਜੁੜਿਆ ਬੈਠਾ। ਉਸ ਕੋਲ ਬੈਠੇ ਸਿਆਣੀ ਉਮਰ ਦੇ ਬੰਦੇ 'ਵੱਡੇ' ਦੁੱਖਾਂ ਦੀਆਂ ਕਹਾਣੀਆਂ ਪਾ ਕੇ ਉਹਦੇ ਦੁੱਖ ਨੂੰ 'ਛੋਟਾ' ਕਰਨ ਦਾ ਯਤਨ ਕਰ ਰਹੇ ਨੇ। ਪਰ ਪੱਥਰ ਬਣਿਆ ਬੈਠਾ ਇੰਦਰ ਨਾ ਹੁੰਗਾਰਾ ਭਰਦਾ, ਨਾ ਕਿਸੇ ਵੱਲ ਝਾਕਦੈ। ਸਗੋਂ ਅੱਖ ਬਚਾ ਕੇ ਹੋਰ ਪਾਸੇ ਝਾਕਣ ਲੱਗ ਜਾਂਦੈ। ਉਹ ਨੀਵੀਂ ਪਾਈ ਬੈਠਾ ਕਦੇ ਮੱਥੇ 'ਤੇ ਹੱਥ ਰੱਖਦੈ ਤੇ ਕਦੇ ਅੱਖਾਂ ਬੰਦ ਕਰਕੇ ਕੰਧ ਨਾਲ ਢਾਸਣਾ ਲਾਉਂਦੈ।

'... ਮੌਤ ਮੂਹਰੇ ਕੋਈ ਜੋਰ ਨੀਂ ਭਾਈ... ਦਰਿਆ ਨੂੰ ਡਿੰਗ ਨਾਲ ਟੱਪਣ ਆਲਾ ਸ਼ਿੰਦਾ ਭੋਰਾ ਭਰ ਨਹਿਰ 'ਚ ਡਿੱਗ ਕੇ ਮਰ ਗਿਆ... ਗੱਲ ਸਮਝ ਨੀਂ ਆਈ ...'

'ਓ ਨਹੀਂ, ਡਿੱਗਣ ਨੂੰ ਉਹ ਕਿਤੇ ਨਿਆਣਾ ਸੀ ... ਡਿੱਗਿਆ ਨਹੀਂ... ਆਪੇ ਛਾਲ ਮਾਰੀ ਹੋਊ ... ਤੈਨੂੰ ਮੈਂ ਦੱਸਾਂ।'

'ਲੈ ਦੱਸਣ ਨੂੰ ਤਾਂ ਤੂੰ ਹੈਂਗਾ ਵੱਡਾ ਸੀਐਡੀ ਆਲਾ... ਆਪੇ ਮਰਨ ਨੂੰ ਕੀਹਦਾ ਜੀਅ ਕਰਦੈ ਓਏ... ਨਾਲੇ ਤੂੰ ਮਰਜੇਂਗਾ, ਪਾਂਅ ਖਾਧਿਆ ਜਿਹਿਆ... ਇਹ ਤਾਂ ਕਿਸੇ ਨੇ ਦੁਸ਼ਮਣੀ ਕੱਢੀ ਆ... ਦੇਖਲੀਂ ਕਤਲ ਨਿਕਲੂ ਕਤਲ...।'

'ਚੁੱਪ ਕਰੋ ਓ ਕੰਜਰੋ... ਕੋਈ ਵੇਲਾ ਕੁਵੇਲਾ ਵੀ ਵੇਖ ਲਿਆ ਕਰੋ... ਐਵੀਂ ਭਕਾਈ ਮਾਰੇ ਜਾਨੇ ਓਂ...।' ਬਾਬਾ ਕੈਲਾ ਬੋਲਿਆ।

ਬੁੜੀਆਂ ਕੀਰਨੇ ਪਾ ਰਹੀਆਂ ਨੇ। ਕਈ ਦਿਨਾਂ ਦੇ ਲਾਪਤਾ ਹੋਏ ਸ਼ਿੰਦੇ ਦੀ ਲਾਸ਼ ਹੁਣ ਸਰਕਾਰੀ ਹਸਪਤਾਲ 'ਚ ਪੋਸਟ ਮਾਰਟਮ ਲਈ ਪਈ ਆ। ਸੱਠਾਂ ਨੂੰ ਢੁੱਕੇ ਇੰਦਰ ਦਾ ਇਕੋ ਇਕ ਆਸਰਾ ਸੀ ਉਸਦਾ ਪੁੱਤਰ ਸ਼ਿੰਦਾ।

'ਦੁੱਖ ਦਾ ਗੋਲਾ ਕਾਲਜੇ 'ਤੇ ਬਹਿ ਗਿਆ ਭਾਈ ਇੰਦਰ ਸਿਓਂ ਦੇ ਤਾਂ... 'ਸਾਨ ਮਾਰੇ ਜਾਂਦੇ ਨੇ, ਜਵਾਨ ਪੁੱਤ ਦੀ ਮੌਤ ਕਿਤੇ ਛੋਟੀ ਗੱਲ ਆ... ਪਰ ਰੋਏ ਬਿਨਾਂ ਦਿਲ ਹੌਲਾ ਨੀਂ ਹੋਣਾ... ਉਂ ਡਮਾਕ ਹਿੱਲ ਜੂ... ਐਹਨੂੰ ਕਹੋ ਭਾਈ ਗੱਲਾਂ ਕਰੇ... ਜੀ ਹੌਲਾ ਹੋ ਜੂ।' ਛਿੰਦੋ ਨੈਣ ਬੋਲੀ।

'ਬੰਦੇ ਦੇ ਕੀ ਵੱਸ ਆ ਭਾਈ... ਸਬਰ ਕਰੋ... ਹੁਣ ਓਦੀ ਮਿੱਟੀ ਕਿਉਂਟਣ ਬਾਰੇ ਸੋਚੋ...।' ਨੰਬਰਦਾਰ ਨੇ ਬੰਦਿਆਂ ਵੱਲ ਝਾਕਦਿਆਂ ਗੱਲ ਬਦਲੀ।

ਪਿੰਡ ਵਾਲੇ ਸ਼ਿੰਦੇ ਦੇ ਪੋਸਟ ਮਾਰਟਮ ਲਈ ਹਸਪਤਾਲ ਪਹੁੰਚੇ ਤਾਂ ਇੰਦਰ ਨੇ ਬੁਸੀ ਜਿਹੀ ਆਵਾਜ਼ 'ਚ ਕੋਲ ਖੜੇ ਸਰਪੰਚ ਨੂੰ ਪੁੱਛਿਆ '... ਸਰੀਰ ਪੂਰਾ ਸੀ ਸ਼ਿੰਦੇ ਦਾ...।'

.. ਹਾਂ, ਬਾਈ ਪੂਰਾ ਸੀ... ਬੱਸ ਫੁਲ ਗਿਆ... ਰੰਗ ਕਾਲਾ ਹੋ ਗਿਆ, ਪਾਣੀ 'ਚ ਪਿਆ ਰਹਿਣ ਕਰਕੇ ਹੋ ਜਾਂਦੈ...।' ਸਰਪੰਚ ਬੋਲਿਆ। ਸੁਣਦਿਆਂ ਹੀ ਇੰਦਰ ਹੋਰ ਭਵੰਤਰ ਗਿਆ। ਗੁੰਮ-ਸੁੰਮ ਜਿਹਾ ਆਸੇ-ਪਾਸੇ ਲੁਕਵਾਂ ਝਾਕਦਾ ਪਰ੍ਹਾਂ ਖੜੀ ਟਾਹਲੀ ਹੇਠ ਲੋਕਾਂ ਵੱਲ ਪਿੱਠ ਕਰਕੇ ਬਹਿ ਗਿਆ।

'ਲੈ ਬਈ, ਇੰਦਰ ਤਾਂ ਚਾਰ ਦਿਨ ਨੀਂਅ ਕੱਟਦਾ... ਲਿਖਾ ਲੋ ਮੈਥੋਂ...।' ਚੌਂਕੀਦਾਰ ਲਾਭਾ ਚੁੱਚੀਆਂ ਅੱਖਾਂ ਮਲਦਾ ਬੋਲਿਆ।

'ਜੱਗ 'ਚੋਂ ਈ ਸੀਰ ਮੁੱਕ ਗਿਆ... ਕਾਹਦਾ ਜਿਓਣ ਆ ਭਾਈ...।' ਦੇਸ ਰਾਜ ਨੇ ਹੁੰਗਾਰਾ ਭਰਿਆ।

'ਆਖਰ ਬੰਦੇ ਰੱਬ ਤਾਂ ਨਈਂ... ਸਭ ਕਰਮਾਂ ਦੀ ਖੇਡ ਆ...।' ਗਿਆਨੀ ਹਰਨਾਮ ਸਿੰਘ ਨੇ ਪਰਨਾ ਛੰਡਦਿਆਂ ਆਖਿਆ। ਪੂਰੇ ਪਿੰਡ ਨੇ ਸ਼ਿੰਦੇ ਦੀ ਮੌਤ 'ਤੇ ਦੁੱਖ ਮਨਾਇਆ। ਕਿਸੇ ਚੁੱਲੇ ਅੱਗ ਨੀਂ ਪਾਈ, ਪਰ ਇੰਦਰ ਦੀ ਅੱਖ 'ਚੋਂ ਹੰਝ ਨਾ ਡਿੱਗੀ।

" ਅਰੇ ਬੰਧੂ ਯਹੀ ਤੋ ਮੈਂ ਚਾਹਤਾ ਹੂੰ ... ਇੰਦਰ ਸੀਂਘ ਨਾ ਰੋਏ ... ਮੈਂ... ਮੈਂ ਮਹਾਂਬਲੀ ਵਕਤ ਨੇ ਬੜੀ ਬੜੀ ਸਲਤਨਤੋਂ ਕੋ ਖਾਕ ਕਰ ਦੀਆ... ਯੇ ਬਿਚਾਰਾ ਇੰਦਰ ਸੀਂਘ ਤੋਂ ਕਿਸ ਖੇਤ ਕੀ ਮੂਲੀ ਹੈ... ਇਬ ਯੇ ਖਤਮ ਹੋ ਰੀਆ ਹੈ... ਧੀਰੇ ਧੀਰੇ... ਬੱਸ ਆਪ ਜੀ ਦੇਖਤੇ ਜਾਓ... ਯੇ ਜੀਨਾ ਛੋੜੇ ਤੋ ਮੈਂ ਆਗੇ ਚਲੂੰ... ਵਕਤ ਹੂੰ ਨਾ

-----

ਇੰਦਰ ਸਿੰਘ ਦਾ ਟੱਬਰ ਵੰਡ ਵੇਲੇ ਪਾਕਿਸਤਾਨੋਂ ਆਇਆ ਸੀ। ਕਾਫਲੇ ਨਾਲ ਤੁਰੇ ਆਉਂਦਿਆਂ ਹੋਏ ਇਕ ਹੋਅ ਹੱਲੇ 'ਚ ਉਸਦੇ ਹੱਥੋਂ ਮਾਂ ਦੀ ਉਂਗਲੀ ਛੁੱਟ ਗਈ। ਉਸ ਚੀਕਾਂ ਮਾਰੀਆਂ, ਮਾਂ ਕਿਤੇ ਨਾ ਲੱਭੀ। ਚਾਲੀ ਜੀਆਂ ਦੇ ਵੱਡੇ ਲਾਣੇ 'ਚੋਂ ਸਿਰਫ ਇੰਦਰ ਤੇ ਉਸਦਾ ਭਾਈ ਕਿਸ਼ਨਾ ਹੀ ਬਚਿਆ।

ਅੰਮ੍ਰਿਤਸਰ ਦੀਆਂ ਭੀੜੀਆਂ ਗਲੀਆਂ ਉਨ੍ਹਾਂ ਦਾ ਘਰ ਹੋ ਗਈਆਂ। ਜਿਥੇ ਢੋਅ ਲੱਗਦਾ ਡੰਗ ਟਪਾ ਲੈਂਦੇ। ਕਿਸ਼ਨਾ ਟਰੱਕ 'ਤੇ ਕਲੀਨਰ ਲੱਗ ਗਿਆ। ਮਹੀਨੇ-ਛਿਮਾਹੀ ਮੁੜਦਾ। ਕਦੇ ਇੰਦਰ ਨੂੰ ਮਿਲਦਾ। ਕਦੇ ਟਿਕਾਣਾ ਬਦਲਿਆ ਹੋਣ ਕਰਕੇ ਬਿਨਾਂ ਮਿਲਿਆਂ ਮੁੜ ਜਾਂਦਾ। ਤੇ ਹੌਲੀ-ਹੌਲੀ ਕਿਸ਼ਨਾ ਉਸਦੀ ਜ਼ਿੰਦਗੀ 'ਚੋਂ ਅਲੋਪ ਹੋ ਗਿਆ।

ਕੌੜੀਆਂ ਸੱਚਾਈਆਂ ਨੇ ਇੰਦਰ ਨੂੰ ਉਮਰੋਂ ਪਹਿਲਾਂ ਹੀ ਸਿਆਣਾ ਕਰ ਦਿੱਤਾ। ਖੱਤਰੀ ਖਾਨਦਾਨ ਦਾ ਖ਼ੂਨ ਤੇ ਬਾਲ ਚੇਤੇ 'ਚ ਵੱਸੀਆਂ ਬਾਪ ਦੀਆਂ ਮੱਤਾਂ ਨੇ ਉਸ ਨੂੰ ਜ਼ਿੰਦਗੀ ਦੀਆਂ ਔਖੀਆਂ ਚੜ੍ਹਾਈਆਂ 'ਤੇ ਸਾਹ ਫੁੱਲਣ ਤੋਂ ਬਚਾਈ ਰੱਖਿਆ।

ਕੱਪੜੇ ਦੇ ਥਾਨ ਸੰਵਾਰਦਾ-ਸੰਵਾਰਦਾ ਇੰਦਰ ਲਾਇਲਪੁਰੀਆਂ ਦੇ ਸ਼ੋਅ ਰੂਮ 'ਚ ਸੇਲਜ਼ਮੈਨ ਬਣ ਗਿਆ। ਸੁਭਾਅ ਦਾ ਠੰਡਾ, ਜ਼ੁਬਾਨ ਦਾ ਮਿੱਠਾ ਤੇ ਵਿੱਡ 'ਚ ਵੜਣ ਦਾ ਗੁਰ ਜਾਣਦਾ ਹੋਣ ਕਰਕੇ ਸਰਦਾਰਾਂ ਦਾ ਚਹੇਤਾ ਬਣ ਗਿਆ। ਉਸ ਲਈ ਵੀ ਸਭ ਕੁਝ ਸਰਦਾਰ ਹੀ ਸੀ। ਨਾ ਕਦੇ ਤਨਖਾਹ ਲਈ ਨਾ ਖਰਚਾ ਪੁਛਿਆ। ਸਰਦਾਰਾਂ ਦੇ ਘਰੋਂ ਰੋਟੀ ਖਾਂਦਾ, ਦੁਕਾਨ 'ਤੇ ਕੰਮ ਕਰਦਾ ਤੇ ਸਟੋਰ 'ਚ ਪੈ ਛੱਡਦਾ।

ਕਈ ਵਰ੍ਹੇ ਲੰਘ ਗਏ। ਇਕ ਦਿਨ ਸਰਦਾਰਾਂ ਦੇ ਘਰ ਰੌਲਾ ਪੈ ਗਿਆ। ਅਖੇ 'ਇੰਦਰ ਨੇ ਉਨ੍ਹਾਂ ਦੀ ਧੀ ਨਾਲ ਜ਼ਬਰ ਜਿਨਾਹ ਕੀਤੈ। ਕੁੜੀ ਨੇ ਖ਼ੁਦ ਉਹਦਾ ਨਾਂ ਲਿਆ।'

ਲਾਇਲਪੁਰੀਆਂ ਨੇ ਇੰਦਰ ਨੂੰ ਕੁੱਟ-ਕੁੱਟ ਕੇ ਮਰਿਆਂ ਬਰੋਬਰ ਕਰ ਦਿੱਤਾ। ਪਰ ਅਗਲੇ ਦਿਨ ਕੁੜੀ ਕਿਸੇ ਹੋਰ ਨਾਲ ਨਿਕਲ ਗਈ।

ਨਿਰਾਸ਼ ਹੋਇਆ ਇੰਦਰ ਆਪਣੇ ਇਕ ਸਿਆਣੂ ਕੱਪੜੇ ਵਾਲੇ ਬਖ਼ਸ਼ੀ ਕੋਲ ਆ ਗਿਆ। ਪਰ ਉਸਦਾ ਇਹ ਆਸਰਾ ਵੀ ਬਹੁਤਾ ਸਮਾਂ ਨਾ ਨਿਭਿਆ। ਦੁਕਾਨ 'ਚ ਚੋਰੀ ਹੋ ਗਈ। ਬਖ਼ਸ਼ੀ ਨੇ ਪੁਲੀਸ ਅੱਗੇ ਇੰਦਰ ਨੂੰ ਕਰ 'ਤਾ। ਕਈ ਦਿਨ ਕੁਟਾਪਾ ਚੜ੍ਹਦਾ ਰਿਹਾ। ਪੁੱਠਾ ਲਟਕਾਇਆ। ਘੋਟਣਾ ਫੇਰਿਆ। ਬੈਂਥ 'ਤੇ ਬਿਠਾਇਆ। ਪਰ ਇੰਦਰ ਨੂੰ ਨਾ ਕੁਝ ਪਤਾ ਸੀ ਨਾ ਉਸ ਦੱਸਿਆ। ਥਾਣੇ ਕਚਿਹਰੀਆਂ 'ਚ ਰੁਲਦਾ ਰਿਹਾ। ਕੋਈ ਜ਼ਮਾਨਤ ਦੇਣ ਵਾਲਾ ਨਹੀਂ ਸੀ। ਜੇਲੋਂ ਨਿਕਲਿਆ ਤਾਂ ਹੱਥ ਖਾਲੀ, ਜੇਬ ਖਾਲੀ ਤੇ ਢਿੱਡ ਖਾਲੀ।

ਜ਼ਿੰਦਗੀ ਦੀਆਂ ਘੁੱਟ-ਘੁੱਟ ਫੜੀਆਂ ਤਣੀਆਂ ਉਸਦੇ ਹੱਥਾਂ 'ਤੇ ਡੂੰਘੀਆਂ ਚੀਘਾਂ ਪਾ ਕੇ ਖਿਸਕਦੀਆਂ ਗਈਆਂ। ਪਿੱਛੇ ਰਹਿ ਗਈ ਸੀ ਇਕ ਜਲੂਣ। ਇੰਦਰ ਨੂੰ ਲੱਗਿਆ ਜਿਵੇਂ ਇਕ ਵਾਰੀ ਫਿਰ ਉਸਦੇ ਹੱਥੋਂ ਮਾਂ ਦੀ ਉਂਗਲੀ ਛੁੱਟ ਗਈ ਹੋਵੇ।

ਉਹ ਕਈ ਦੁਕਾਨਦਾਰਾਂ ਕੋਲ ਗਿਆ ਪਰ ਕਿਸੇ ਨੇ ਕੰਮ 'ਤੇ ਨਾ ਰੱਖਿਆ। ਸਾਰਿਆਂ ਨੂੰ ਬਖ਼ਸ਼ੀ ਨੇ ਰੋਕ ਦਿੱਤਾ। ਅਖੀਰ ਢਿੱਡ ਭਰਨ ਲਈ ਦਿਹਾੜੀ ਕਰਨ ਲੱਗਿਆ। ਕੈਲੇ ਮਿਸਤਰੀ ਨਾਲ ਸਾਂਝ ਬਣ ਗਈ। ਪਿੰਡ ਜੱਟਾਂ ਦਾ ਗੋਲ ਪੁਣਾ ਕਰਕੇ ਖਾਂਗੜ ਹੋਇਆ ਤੇ 'ਚੂਹੜਾ' ਸੁਣ-ਸੁਣ ਅੱਕਿਆ ਕੈਲਾ ਸ਼ਹਿਰ ਆ ਗਿਆ ਸੀ। ਕਈ ਵਰ੍ਹੇ ਧੱਕੇ ਮੁੱਕੀਆਂ ਖਾ ਕੇ ਕਰੰਡੀ ਫੜਨ ਜੋਗਾ ਹੋਇਆ। ਕੈਲਾ ਜਿਥੇ ਕੰਮ ਕਰਦਾ ਇੰਦਰ ਨੂੰ ਵੀ ਨਾਲ ਲਾ ਲੈਂਦਾ। ਇੰਦਰ ਕੈਲੇ ਦੇ ਘਰ ਹੀ ਰਹਿਣ ਲੱਗਾ।

ਕੈਲੇ ਦੀ ਘਰਵਾਲੀ ਗਿਆਨੋ ਇਕ ਦਿਨ ਕੈਲੇ ਨੂੰ ਕਹਿਣ ਲੱਗੀ 'ਮੱਖ ਮਿਸ਼ਤਰੀਆ, ਇੰਦਰ ਨਾਲ ਵਿਆਹ ਦੀ ਗੱਲ ਕਰਾਂ... ਜੇ ਤੂੰ ਕਹੇਂ ਤਾਂ...।'

' ਕੀ ਗੱਲ ਮੇਰੇ 'ਚੋਂ ਮੁਸ਼ਕ ਔਣ ਲੱਗ ਪਿਆ... ਭੈਣ ਦੇਣੀਏ, ਜੇ ਇੰਦਰ ਕਰਨਾ ਈ ਆ ਤਾਂ ਮੈਥੋਂ ਪੁੱਛ ਕੇ ਕਰਨਾ...।'

' ਫੋਟ... ਐਵੀਂ ਮੂੰਹ ਮਾਰੀ ਜਾਊ... ਕੀ ਹੋਇਆ ਜੇ ਮੁੰਡਾ ਮੂੰਹੋਂ ਨਹੀਂ ਫੁੱਟਦਾ, ਸ਼ੁੱਖ ਨਾਲ ਉਮਰ ਤਾਂ ਉਦ੍ਹੀ ਹੋਈ ਪਈ ਆ ਕਿ... ਅੱਧਾ ਬੰਦਾ ਲੱਗਦਾ... ਤੂੰ ਤਾਂ ਐਮੀਂ...।'

' ਲੈ ਆ ਫੇਰ ਕੋਈ ਮੇਮ ... ਉਹ ਕਿਹੜਾ ਹਨੂਮਾਨ ਦਾ ਭਗਤ ਆ...।'

' ਲੈ ਤੂੰ ਤਾਂ ਹਾਸ਼ੇ 'ਚ ਗੱਲ ਪਾਈ ਜਾਨਾਂ... ਮੱਖ ਉਹਦਾ ਕਿਹੜਾ ਕੋਈ ਮਾਂ ਪਿਓ ਹੈਗਾ ਬਚਾਰੇ ਦਾ... ਹੁਣ ਤੇਰੇ ਲੜ ਲੱਗਿਆ ਤਾਂ ਕੁਝ ਸੋਚ ਵੀ...।'

'... ਇਹ ਬੁੜੀਆਂ ਦੇ ਕੰਮ ਹੁੰਦੇ ਆ...ਪੁੱਛ ਦੱਸ ਲਾ ਜੇ ਕਿਤੇ ਗੱਲ ਅੜਦੀ ਆ ਤਾਂ... ਨਾਲੇ ਐਵੀਂ ਨਾ ਮਜ਼ਬੀਆਂ ਦੇ ਘਰੀਂ ਕਰੇਲੇ ਦਿੰਦੀ ਫਿਰੀਂ ... ਖੱਤਰੀਆਂ ਦਾ ਮੁੰਡਾ ਆ ਇੰਦਰ...।'

'... ਲੈ ਹੈਅ, ਮੈਨੂੰ ਪਤਾ ਆ... ਖੱਤਰੀ ਬੀ ਬਿਚਾਰੇ ਬਥੇਰੇ ਫਿਰਦੇ ਨੇ ਇੰਦਰ ਵਾਂਗੂੰ...ਵਖਤਾਂ ਦੇ ਮਾਰੇ... ਐਹ ਤਾਂ ਪੈਸੇ ਨੇ ਬੰਦਿਆਂ 'ਚ ਵੱਟਾਂ ਪਾ ਤੀਆਂ... ਹੈ ਤਾਂ ਸ਼ਾਰੇ ਇਕੋ ਖ਼ੂਨ...।'

'... ਚੱਲ ਠੀਕ ਆ, ਹੁਣ ਬਹੁਤਾ ਗਿਆਨ ਨਾ ਘੋਟ... ਸੌਣ ਦੇ ਘੜੀ...।'

ਗਿਆਨੋ ਨੇ ਕਈ ਖੱਤਰਾਣੀਆਂ, ਸੌਢਣਾਂ ਤੇ ਭਟਿਆਣੀਆਂ ਨਾਲ ਗੱਲ ਕੀਤੀ। ਪਰ ਕਿਸੇ ਲੜ ਨਾ ਫੜਾਇਆ। ਮਨਿਆਰੀ ਵਾਲੀ ਸ਼ੀਲਾ ਨੇ ਤਾਂ ਉਹਦੇ ਨਾਲ ਆਢਾ ਹੀ ਲਾ ਲਿਆ। ਕਹਿੰਦੀ, 'ਮੁੰਡਾ ਗਰੀਬ ਹੋਵੇ ਗੱਲ ਵੱਖਰੀ ਆ ਗਿਆਨੋ... ਕੋਈ ਅੱਗੇ ਪਿੱਛੇ ਤਾਂ ਹੋਣਾ ਚਾਹੀਦੈ... ਰਹਿੰਦਾ ਤਾਂ ਉਹ ਚੂਹੜਿਆਂ ਦੇ ਚੁੱਲੇ 'ਤੇ ਆ ਤੇ ਤੂੰ ਕੁੜੀ ਭਾਲਦੀ ਆਂ ਸੋਭਾ ਸਿਓਂ ਖੱਤਰੀ ਦੀ... ਹੈਅ... ਕੋਈ ਚੂਹੜੀ ਚੱਪੜੀ ਮਿਲਜੇ ਤਾਂ ਭਲੀ ਜਾਣ...।'

'ਦੇਖ ਬੀਰਾ... ਮੈਂ ਤੇਰੀ ਖਾਤਰ ਖੱਤਰੀਆਂ ਦੇ ਕਈ ਘਰੀਂ ਗੱਲ ਚਲਾਈ ਆ... ਹੁਣ ਤੇਰਾ ਕੋਈ ਹੁੰਦਾ ਤਾਂ ਉਹ ਫਿਕਰ ਕਰਦਾ... ਭਾਈ ਹੱਕ ਤਾਂ ਹੈਨੀ... ਦੇਖ ਲਾ, ਜੇ ਕਹੇਂ ਤਾਂ ਕਿਸੇ ਨੀਵੀਂ ਜਾਤ ਦੇ ਘਰੋਂ ਕੁੜੀ ਟੋਲ ਲਵਾਂ... ਹੋਊ ਸ਼ੋਹਣੀ ਐਨੀ ਮੇਰੀ ਗਰੰਟੀ ਆ ਮੱਖ...।' ਜਕਾ ਤਕੀ 'ਚ ਗਿਆਨੋ ਨੇ ਸਾਰੀ ਗੱਲ ਇੰਦਰ ਨੂੰ ਦੱਸ ਦਿੱਤੀ।

'ਬੀਬੀ... ਜਿਵੇਂ ਤੁਹਾਨੂੰ ਚੰਗਾ ਲੱਗਦੈ... ਮੈਨੂੰ ਕੋਈ ਫਰਕ ਨਹੀਂ...ਮੈਨੂੰ ਤਾਂ ਬੱਸ ਜੀਣ ਜੋਗਾ ਆਸਰਾ ਚਾਹੀਦੈ...।'

ਗਿਆਨੋ ਨੇ ਰਾਮਦਾਸੀਆਂ ਦੀ ਇਕ ਕੁੜੀ ਭਾਲ ਲਈ। 'ਲੈ ਭਾਈ ਦਿਨ ਸ਼ਿੱਧੇ ਹੋਣ ਤਾਂ ਰੱਬ ਆਪੇ ਨੱਕੇ ਮੋੜਦੈ... ਤੇਰਾ ਰਿਸ਼ਤਾ ਪੱਕਾ ਕਰਤਾ... ਗੋਲੀ ਅਰਗੀ ਆ ਕੁੜੀ... ਸ਼ੁੱਖ ਨਾਲ... ਦਾਜ 'ਚ ਬਣਿਆ ਬਣਾਇਆ ਘਰ ਮਿਲੂਜੂ ... ਘਰ ਜਵਾਈ ਬਣਨ ਲਈ ਤਿਆਰ ਹੋ ਜਾ ਮੇਰਾ ਪੁੱਤ...।' ਗਿਆਨੋ ਨੇ ਚਾਅ ਨਾਲ ਇੰਦਰ ਨੂੰ ਕਿਹਾ।

ਕੁੜੀ ਦੀ ਮਾਂ ਮਨਜੀਤ ਕੌਰ ਵਕਤਾਂ ਦੀ ਮਾਰੀ ਸੀ। ਉਸਦਾ ਘਰ ਵਾਲਾ ਮਜ਼ਦੂਰੀ ਕਰਦਾ ਫੈਕਟਰੀ ਦੀ ਮਸ਼ੀਨ 'ਚ ਵਲੇਟਿਆ ਗਿਆ ਸੀ। ਉਹ ਰੋਟੀ ਤੋਂ ਵੀ ਮੁਥਾਜ ਹੋ ਗਈ। ਰਿਸ਼ਤੇਦਾਰਾਂ ਨੇ ਅੱਖਾਂ ਮੋੜ ਲਈਆਂ। ਸਾਰਾ ਦਿਨ ਕੱਪੜੇ ਸਿਓਣ ਵਾਲੀ ਮਸ਼ੀਨ ਗੇੜ-ਗੇੜ ਕੇ ਘਰ ਚਲਾਉਂਦੀ ਨੇ ਆਪਣੀਆਂ ਸਾਰੀਆਂ ਸਿਆਣਪਾਂ ਜਵਾਨ ਹੋ ਰਹੀ ਧੀ ਕਰਤਾਰੋ ਦੇ ਢਿੱਡ ਪਾ ਦਿੱਤੀਆਂ। ਗਰੀਬ ਦੀ ਧੀ ਦਾ ਹੁਸਨ ਹੀ ਉਸ ਦਾ ਸਭ ਤੋਂ ਵੱਡਾ ਦੁਸ਼ਮਣ ਹੁੰਦੈ। ਮਾੜੇ ਵੇਲਿਆਂ ਤੋਂ ਡਰਦੀ ਮਨਜੀਤ ਨੇ ਗਿਆਨੋ ਦੇ ਬੋਲ ਭੁੰਜੇ ਨਾ ਡਿੱਗਣ ਦਿੱਤੇ ਤੇ ਆਪਣੀ ਧੀ ਦਾ ਹੱਥ ਇੰਦਰ ਦੇ ਹੱਥ ਦੇ ਦਿੱਤਾ।

ਇੰਦਰ ਸਹੁਰੀਂ ਰਹਿਣ ਲੱਗ ਪਿਆ। ਘਰ ਕਰਿਆਨੇ ਦੀ ਦੁਕਾਨ ਕਰ ਲਈ। ਨਵੀਂ ਕਬੀਲਦਾਰੀ ਤੇ ਆਪਣਿਆਂ ਦੇ ਮੋਹ ਨੇ ਉਸ ਦੇ ਸੁੱਤੇ ਚਾਅ ਜਗਾ ਦਿੱਤੇ। ਸੁਭਾ ਸਾਜਰੇ ਡੱਗੀ ਲੈ ਕੇ ਪਿੰਡਾਂ 'ਚ ਜਾਂਦਾ, ਆ ਕੇ ਦੁਕਾਨ 'ਤੇ ਬੈਠਦਾ। ਤਾਰੋ ਘਰੇ ਕੱਪੜੇ ਸਿਊਂਦੀ। ਜ਼ਿੰਦਗੀ ਸਾਂਵੀ ਤੋਰ ਤੁਰ ਪਈ।

'ਤਾਰੋ... ਅੱਧੀ ਉਮਰ ਖਾਲੀ ਜਿਹੀ ਨਿਕਲਗੀ, ਹੁਣ ਤੂੰ ਮਿਲ ਗਈ ਤਾਂ ਰੱਜ ਆ ਗਿਆ... ਆਪਾਂ ਹੁਣ ਬਾਕੀ ਉਮਰ 'ਕੱਠਿਆਂ ਕੱਟਣੀ ਆ...'ਕੱਠੇ ਈ ਮਰਾਂਗੇ...।' ਉਹ ਅਕਸਰ ਕਹਿੰਦਾ।

ਪਲੇਠੀ ਧੀ ਦੀਆਂ ਉਨ੍ਹਾਂ ਰੱਜ ਕੇ ਖ਼ੁਸ਼ੀਆਂ ਮਨਾਈਆਂ। ਸਾਰੇ ਪਿੰਡ 'ਚ ਗੁੜ ਫੇਰਿਆ। ਲੋਹੜੀ ਬਾਲ੍ਹੀ। ਗੁੱਡੀਆਂ ਪਟੋਲਿਆਂ ਨਾਲ ਘਰ ਭਰ 'ਤਾ। ਤਾਰੋ ਆਖਦੀ 'ਰਾਣੀ ਦਾ ਬਹੁਤਾ ਮੋਹ ਨਾ ਕਰਿਆ ਕਰ... ਐਹ ਤਾਂ ਬਗਾਨਾ ਧੰਨ ਏ।'

ਇੰਦਰ ਅੱਗੋਂ ਹੱਸ ਕੇ ਜਵਾਬ ਦਿੰਦਾ 'ਨਹੀ ਰਾਣੀ ਤਾਂ ਮੇਰਾ ਸ਼ੇਰ ਪੁੱਤ ਆ... ਮੈ ਐਹਨੂੰ ਪੜ੍ਹਾ ਲਿਖਾ ਕੇ ਅਫਸਰ ਬਣਾਊਂ... ਜਿਧਰ ਦੀ ਲੰਘਿਆ ਕਰੂ ਲੋਕ ਕਹਿਣਗੇ ਇੰਦਰ ਸਿਓਂ ਖੱਤਰੀ ਦੀ ਧੀ ਰਣਜੀਤ ਕੌਰ ਜਾਂਦੀ ਆ... ਰਹਿੰਦੀ ਦੁਨੀਆ ਤੱਕ ਮੇਰਾ ਨਾਂ ਚੱਲੂ...।'

ਪਰ ਕੁੜੀ ਦੋ ਸਾਲ ਦੀ ਹੋਣ ਤੋਂ ਪਹਿਲਾਂ ਹੀ ਤੁਰ ਗਈ। ਜਿਵੇਂ ਲੰਬੀ ਉਡੀਕ ਬਾਅਦ ਆਈ ਬੱਦਲੀ ਬਿਨਾਂ ਵਰ੍ਹਿਆਂ ਲੰਘ ਗਈ ਹੋਵੇ। ਰਾਣੀ ਵੱਡੇ ਆਪ੍ਰੇਸ਼ਨ ਨਾਲ ਹੋਈ ਸੀ। ਡਾਕਟਰ ਕਹਿੰਦੇ ਹੋਰ ਬੱਚਾ ਕਰਤਾਰੋ ਦੀ ਜਾਨ ਲਈ ਖ਼ਤਰਾ ਹੋਵੇਗਾ।

'... ਜੇ ਕਰਮਾਂ 'ਚ ਹੈਨੀ ਤਾਂ ਰੱਬ ਨਾ ਦਿੰਦਾ ਪਰ ਦੇ ਕੇ ਖੋਹਣ ਦਾ ਤੈਨੂੰ ਕੀ ਹੱਕ ਆ... ।' ਇੰਦਰ ਰੱਬ ਨਾਲ ਮਿਹਣੋ ਮਿਹਣੀ ਹੁੰਦਾ।

ਉਸਨੇ ਡੱਗੀ ਲਿਜਾਣੀ ਛੱਡ ਦਿੱਤੀ। ਹੱਟੀ 'ਤੇ ਵੀ ਘੱਟ ਹੀ ਬਹਿੰਦਾ। ਸਾਰਾ ਦਿਨ ਪਿਆ ਰਹਿੰਦਾ।

'... ਕੀਹਦੇ ਲਈ ਧੱਕੇ ਖਾਵਾਂ... ਐਥੇ ਕਿਹੜੇ ਨਿਆਣੇ ਭੁੱਖੇ ਮਰਦੇ ਆ...।'

ਮਾਸਟਰ ਰਾਮ ਜਸ ਅਕਸਰ ਇੰਦਰ ਨਾਲ ਗੱਲੀ ਲੱਗਿਆ ਕਹਿੰਦਾ ' ਪੁੱਤਰਾ... ਜਿਓਣਾ ਮਰਨਾ ਕੋਈ ਬੰਦੇ ਦੇ ਵੱਸ ਥੋੜਾ... ਸਿਆਣਿਆ ਨੇ ਆਖਿਆ ਭਈ ਰੱਜੇ ਬੰਦੇ ਨੂੰ ਤਾਂ ਮੌਤ ਆਉਣ ਦੇ ਸੌ ਬਹਾਨੇ ਬਣ ਜਾਂਦੇ ਨੇ ... ਭੁੱਖਾ ਤਾਂ ਤੜਪ-ਤੜਪ ਕੇ ਵੀ ਨਹੀਂ ਮਰਦਾ... ਮਾਲਕ ਦੇ ਰੰਗ ਆ ਭਾਈ... ਹੌਂਸਲਾ ਰੱਖੋ।' ਉਸਨੇ ਜ਼ਿੰਦਗੀ ਦੀ ਬਾਜ਼ੀ ਲੜਣ ਤੋਂ ਹੱਥ ਖੜੇ ਕਰ ਦਿੱਤੇ। 'ਸਾਰੀ ਉਮਰ ਐਸੇ ਹੌਂਸਲੇ 'ਚ ਕੱਟੀ, ਬਈ ਕੱਲ ਨੂੰ ਜਵਾਕ ਦੁੱਖ ਸੁੱਖ ਦੇ ਹਾਣੀ ਬਣਨਗੇ... ਪਰ...।'

'ਜੇ ਤੂੰ ਕਹੇ ਤਾਂ ਕਿਸੇ ਦਾ ਜਵਾਕ ਗੋਦ ਲੈ ਲਈਏ... ਕਹਿੰਦੇ ਨੇ ਸ਼ਹਿਰੋਂ ਯਤੀਮ ਖਾਨਿਆਂ 'ਚੋਂ ਮਿਲ ਜਾਂਦੇ ਨੇ...।' ਕਰਤਾਰੋ ਦੁੱਖ ਘੱਟ ਕਰਨ ਦੀ ਵਿਉਂਤ ਘੜਦੀ।

'ਤਾਰੋ...ਮੇਰਾ ਭਾਈਆ ਬੜਾ ਦਾਨਸ਼ਮੰਦ ਬੰਦਾ ਸੀ... ਪਰ੍ਹੇ ਪੰਚਾਇਤ ਕੋਈ ਉਹਦੀ ਗੱਲ ਨੀਂਹ ਸੀ 'ਲੱਦਦਾ... ਉਹ ਕਹਿੰਦਾ ਸੀ ਔਲਾਦ ਹੋਵੇ ਤਾਂ ਆਵਦੀ... ਬਿਗਾਨੇ ਖ਼ੂਨ ਦਾ ਕੋਈ ਭਰੋਸਾ ਨਹੀਂ... ਆਵਦਾ ਵੱਢੂ ਤਾਂ ਛਾਂਵੇ ਸਿੱਟੂ... ਨਾਲੇ ਜੇ ਕਰਮਾਂ 'ਚ ਈ ਹੈਨੀ ਤਾਂ ਐਵੇਂ...।' ਇੰਦਰ ਨੇ ਹੌਕਾ ਖਿੱਚਿਆ।

" ਬੱਸ ਬੱਸ ਬੰਧੂ ਯਹੀਂ ਪਰ ਆ ਕੇ ਬਾਤ ਬਿਗੜ ਗਈ ... ਮੇਰਾ ਕਾਮ ਪੂਰੇ ਹੋਨੇ ਵਾਲਾ ਹੀ ਥਾ ਕਿ ਇੰਦਰ ਨੇ ਅਗਲੀ ਸੁਬਾ ਦੁਕਾਨ ਖੋਲ ਲੀ... ਫਿਰ ਚਲ ਪੜਾ ... ਮਰਤਾ ਮਰਤਾ ਉਠ ਖੜਾ... ਈਸੀ ਲੀਏ ਤੋ ਮੇਰਾ ਕਾਮ ਲਮਕ ਗਿਆ... ਲੋ ਆਗੇ ਸੁਨੋ...।''

'ਇੰਦਰ... ਤੂੰ ਕਰਤਾਰੋ ਨੂੰ ਡਾਕਟਰ ਗੁਲਾਟੀ ਦੇ ਵਖਾ ਖਾਂ ... ਕਹਿੰਦੇ ਬੜਾ ਸਿਆਣਾ... ਖਵਰਾ ਕਿਤੇ ਮੇਹਰ ਪੈ ਜੇ...।' ਕੈਲੇ ਮਿਸਤਰੀ ਨੇ ਇੰਦਰ ਕੋਲ ਗੱਲ ਕੀਤੀ।

ਔਲਾਦ ਦੀ ਦੱਬੀ ਖਾਹਿਸ਼ ਇਕ ਵਾਰ ਫਿਰ ਇੰਦਰ ਦੀ ਹਿੱਕ 'ਚ ਵਲਵਲੇ ਲੈਣ ਲੱਗੀ।

'... ਬੀਬੀ ਤੂੰ ਮਾਂ ਤਾਂ ਬਣ ਸਕਦੀ ਐਂ ... ਪਰ ਕੇਅਰ ਕਾਫੀ ਕਰਨੀ ਪਊ... ਅਸੀਂ ਪੂਰੀ ਕੋਸ਼ਿਸ਼ ਕਰਾਂਗੇ, ਡਰ ਤਾਂ ਕੋਈ ਨੀਂ ਅੱਗੇ ਰੱਬ ਦੀ ਰਜ਼ਾ... ਤੁਸੀਂ ਸਲਾਹ ਕਰ ਲਓ।' ਡਾਕਟਰ ਨੇ ਉਨ੍ਹਾਂ ਨੂੰ ਸਮਝਾਉਂਦਿਆ ਗੱਲ ਮੁਕਾਈ।

'ਡਾਕਟਰ ਸਾਅਬ... ਖਰਚਾ...।' ਇੰਦਰ ਨੇ ਸੰਸਾ ਜ਼ਾਹਿਰ ਕੀਤਾ।

'... ਟੈਸਟ, ਦਵਾਈਆਂ ਤੇ ਆਪ੍ਰੇਸ਼ਨ ਵਗੈਰਾ ਦਾ ਤੁਸੀਂ ਤੀਹ ਚਾਲੀ ਹਜ਼ਾਰ ਦਾ ਖਰਚਾ ਮੰਨ ਕੇ ਚੱਲੋ...।'

' ਤੀਹ ਚਾਲੀ ਹਜ਼ਾਰ...।' ਤਾਰੋ ਨੂੰ ਚੱਕਰ ਆਇਆ। ਜਿਵੇਂ ਕਿਸੇ ਨੇ ਝੂਟਾ ਦੇ ਕੇ ਸਿਖਰ ਚੜ੍ਹੀ ਪੀਂਘ ਦਾ ਰੱਸਾ ਤੋੜ ਦਿੱਤਾ ਹੋਵੇ।

'... ਸਲਾਹ ਕਰਕੇ ਦੱਸ ਦਿਆਂਗੇ ਜੀ...।' ਇੰਦਰ ਨੇ ਡਾਕਟਰ ਦੇ ਮੇਜ਼ ਤੋਂ ਕੰਬਦੀਆਂ ਲੱਤਾਂ ਨਾਲ ਉਠਦਿਆਂ ਕਿਹਾ।

ਇੰਦਰ ਲਈ ਨਵੀਂ ਜੰਗ ਸ਼ੁਰੂ ਹੋ ਗਈ। ਉਸਨੇ ਜੋੜ ਲਾਇਆ ਘਰ ਤੇ ਗਹਿਣੇ ਗੱਟੇ ਵੇਚ ਕੇ ਵੀ ਇੰਨੇ ਪੈਸੇ ਇਕੱਠੇ ਨਹੀਂ ਸੀ ਹੁੰਦੇ। ਉੱਤੋਂ ਤਾਰੋ ਦੀ ਜਾਨ ਦਾ ਖਤਰਾ ਵੱਖਰਾ। ਉਹ ਕਿਸੇ ਹਾਲਤ 'ਚ ਵੀ ਤਾਰੋ ਨੂੰ ਗੁਆਉਣਾ ਨਹੀਂ ਸੀ ਚਾਹੁੰਦਾ। ਉਸਨੂੰ ਕਿਧਰੇ ਵੀ ਚੈਨ ਨਾ ਆਉਂਦਾ। ਰਾਤ ਨੂੰ ਸੁਪਨੇ ਆਉਂਦੇ। ਉਹ ਦੇਖਦਾ ਉਸਦੇ ਆਲੇ ਦੁਆਲੇ ਨਿਆਣਿਆਂ ਦੀ ਭੀੜ ਲੱਗੀ ਪਈ ਆ। ਉਹ ਇਕ ਬੱਚੇ ਨੂੰ ਫੜਣ ਲਈ ਉਠਦਾ ਤਾਂ ਸਾਰੇ ਭੱਜ ਜਾਂਦੇ ਤੇ ਇਕ ਵੱਡੇ ਸਾਰੇ ਬੋਹੜ ਦੇ ਪਿਛੇ ਜਾ ਕੇ ਗਾਇਬ ਹੋ ਜਾਂਦੇ। ਉਹ ਭਾਲਦਾ ਭਾਲਦਾ ਹੰਭ ਜਾਂਦਾ ਤੇ ਅਖੀਰ ਉੱਚੀ ਉੱਚੀ ਅਵਾਜ਼ਾਂ ਮਾਰਨ ਲੱਗਦਾ।

ਹਾਲ ਤਾਂ ਕਰਤਾਰੋ ਦਾ ਵੀ ਮਾੜਾ ਸੀ ਪਰ ਬੈਚੇਨੀ ਇੰਦਰ ਨੂੰ ਜ਼ਿਆਦਾ ਸੀ। ਬੱਚੇ ਦੀ ਚਾਹ ਨੇ ਉਸ ਨੂੰ ਪਾਗਲ ਕਰ ਦਿੱਤਾ। ਦੂਸਰੇ ਪਾਸੇ ਪੈਸਿਆਂ ਦਾ ਪਹਾੜ ਪਾਰ ਕਰਨਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਸੀ।

'ਜੇ ਕੋਈ ਮੈਨੂੰ ਮੁੱਲ ਖਰੀਦ ਲਵੇ ਤਾਂ ਚਾਲੀ ਹਜ਼ਾਰ ਤੋਂ ਇਕ ਕੌਡੀ ਵੱਧ ਨਾ ਮੰਗਾਂ... ਤੇ ਸਾਰੇ ਪੈਸੇ ਡਾਕਟਰ ਨੂੰ ਫੜਾ ਉਸਤੋਂ ਫਟਾ ਫਟ ਜਵਾਕ ਲੈ ਲਵਾਂ... ਬੱਸ ਫੇਰ ਮੁੜ ਕੇ ਪਿੱਛੇ ਨਾ ਵੇਖਾਂ... ਦਿਨ ਰਾਤ ਮੋਢਿਆਂ 'ਤੇ ਚੱਕੀ ਫਿਰਾਂ...।'

'...ਤੇ ਜਿਹੜਾ ਤੈਨੂੰ ਮੁੱਲ ਲਊ ਉਹਦਾ ਕੰਮ ਤੇਰਾ ਪਿਓ ਕਰੂ...।'

'ਕਮਲੀਏ ਪਿਓ ਨੂੰ ਕਿਉਂ ਵਿਚ ਘੜੀਸਦੀ ਐਂ... ਉਹਦਾ ਕਰਮਾਂ ਵਾਲੇ ਦਾ ਵਿਹੜਾ ਤਾਂ ਭਰਿਆ ਰਹਿੰਦਾ ਸੀ ਜੀਆਂ ਨਾਲ... ਇਹ ਤਾਂ ਆਪਣੇ ਹੀ ਕਰਮਾਂ 'ਚ ...।'

" ਦੇਖੋ ਦੇਖੋ ਬੰਧੂ ਇਨ ਲੋਗੋਂ ਕੀ ਕਰਤੂਤ ਦੇਖੋ... ਪਤਾ ਨਹੀਂ ਕਹਾਂ ਸੇ ਲਾਏ ਪੈਸੇ... ਇਲਾਜ ਸ਼ੁਰੂ ਕਰ ਲੀਆ... ਮੇਰੇ ਸੇ ... ਮੇਰੇ ਸੇ ਪੰਗਾ ... ਵਕਤ ਸੇ... ਅਬ ਦੇਖਨਾ ਮੈਂ ਇਨਕੋ ਕੈਸੇ ਕੈਸੇ ਮਜ਼ੇ ਚਖਾਤਾ ਹੂੰ... ਵਕਤ ਸੇ ਆਂਖੇ ਮਿਲਾਤੇ ਹੈਂ ਸੁਸਰੇ... ਦੋ ਕੌਡੀ ਕਾ ਆਦਮੀ... ਔਰ... ਔਰ... ਮੇਰੇ ਸੇ ... ਮੇਰੇ ਸੇ...।''

ਅੱਖਾਂ ਬੰਦ ਕੀਤਿਆਂ ਛੇ ਮਹੀਨੇ ਲੰਘ ਗਏ। ਇਲਾਜ ਠੀਕ ਸੀ। ਬੱਚਾ ਠੀਕ ਸੀ। ਇੰਦਰ ਤੇ ਤਾਰੋ ਇਕ ਵੱਖਰੀ ਦੁਨੀਆ 'ਚ ਗੁਆਚੇ ਰਹਿੰਦੇ। ਇਕ ਪਲ ਉਨ੍ਹਾਂ ਨੂੰ ਚਾਰੇ ਪਾਸੇ ਹਰੇ ਵਾਈ ਦਿਖਦੀ। ਕੂਲੀ ਕੂਲੀ, ਠੰਡੀ ਤੇ ਸੋਹਣੀ। ਪਰ ਦੂਸਰੇ ਹੀ ਪਲ ਝੁਲਦੇ ਹਨੇਰੀ ਝੱਖੜ ਨਾਲ ਉਜੜਿਆ ਬਾਗ ਵਿਖਾਈ ਦਿੰਦਾ। ਇੰਦਰ ਰਾਤ ਨੂੰ ਕਈ ਵਾਰ ਉੱਠ ਕੇ ਤਾਰੋ ਦਾ ਮੂੰਹ ਵੇਖਦਾ।

'ਰੱਬਾ, ਇਕ ਵਾਰ ਜੱਗ 'ਚ ਸੀਰ ਪਾ ਦੇਹ, ਫੇਰ ਭਾਵੇਂ ਮੇਰੀ ਜਾਨ ਲੈ ਲੀ...।' ਕਰਤਾਰੋ ਦੇਵੀ ਦੇਵਤਿਆਂ ਅੱਗੇ ਅਰਜ਼ੋਈਆਂ ਕਰਦੀ।

'... ਜੇ ਤਾਰੋ ਨੂੰ ਕੁਝ ਹੋ ਗਿਆ ਤਾਂ ਮੈਂ ਚਾਰ ਦਿਹਾੜੇ ਵੀ ਨਹੀਂ ਕੱਢਣੇ... ਮੈਂ ਮਰਜੂੰ...' ਇੰਦਰ ਰੱਬ ਅੱਗੇ ਹਾੜੇ ਕੱਢਦਾ।

ਪੂਰੇ ਦਿਨਾਂ ਤੋਂ ਕੁਝ ਦਿਨ ਪਹਿਲਾਂ ਡਾਕਟਰ ਨੇ ਕਰਤਾਰੋ ਨੂੰ ਹਸਪਤਾਲ ਸੱਦ ਲਿਆ। ਆਪ੍ਰੇਸ਼ਨ ਦੇ ਪ੍ਰਬੰਧ

ਮੁਕੰਮਲ ਕਰ ਲਏ। ਇੰਦਰ ਕਰਤਾਰੋ ਕੋਲੋਂ ਇਕ ਘੜੀ ਵੀ ਪਾਸੇ ਨਹੀਂ ਹੋਇਆ। ਸਾਰਾ ਦਿਨ ਬੈਠਾ ਵਾਹਿਗੁਰੂ ਵਾਹਿਗੁਰੂ ਕਰਦਾ ਰਹਿੰਦਾ। ਇੰਦਰ ਹਸਪਤਾਲ ਦੇ ਸਾਰੇ ਸਟਾਫ ਨੂੰ ਜੀ ਜੀ ਕਰਦਾ। ਉਸਨੂੰ ਉਹ ਉਸਦੀਆਂ ਆਸਾਂ ਪੂਰੀਆਂ ਕਰਨ ਵਾਲੇ ਫਰਿਸ਼ਤੇ ਜਾਪਦੇ।

ਰਾਤ ਢਲਦਿਆਂ ਹੀ ਕਰਤਾਰੋ ਨੂੰ ਪੀੜਾਂ ਸ਼ੁਰੂ ਹੋ ਗਈਆਂ। ਇੰਦਰ ਸਾਹ ਰੋਕੀ ਬੈਠਾ ਸੀ। ਜਦੋਂ ਗੁਰਦੁਆਰੇ ਬਾਬਾ ਬੋਲਿਆ ਤਾਂ ਇੰਦਰ ਦੇ ਕੰਨੀਂ ਬਾਲ ਦੇ ਰੋਣ ਦੀ ਆਵਾਜ਼ ਪਈ। 'ਤਾਰੋ!...' ਉਸਨੂੰ ਹੌਲ ਪਿਆ। ਕੁਝ ਸਮੇਂ ਬਾਅਦ ਡਾਕਟਰ ਗੁਲਾਟੀ ਅਤੇ ਹੋਰ ਡਾਕਟਰ ਲੇਬਰ ਰੂਮ 'ਚੋਂ ਬਾਹਰ ਆਏ।

'... ਇੰਦਰ ਸਿੰਘ ਤੂੰ ਬਾਪ ਬਣ ਗਿਐਂ ... ਪਰ... ਤੁਸੀਂ ਇਕ ਮਿੰਟ ਮੇਰੇ ਨਾਲ ਆਓ।' ਡਾਕਟਰ ਗੁਲਾਟੀ ਉਸ ਨੂੰ ਨਾਲ ਲੈ ਤੁਰਿਆ।

' ਡਾਕਟਰ ਸਾਅਬ ਕੀ ਗੱਲ ਆ... ਤਾਰੋ ਤਾਂ ਠੀਕ ਆ... ਡਾਕਟਰ ਸਾਅਬ ਮੁੰਡੇ ਕੁੜੀ ਦੀ ਤੁਸੀਂ ਚਿੰਤਾ ਨਾ ਕਰੋ... ਮੈਨੂੰ ਤਾਂ ਕੁੜੀਆਂ ਮੁੰਡਿਆਂ ਨਾਲੋਂ ਵੀ ਪਿਆਰੀਆਂ ਨੇ... ਨਰਸ ਭੈਣ ਜੀ ਨੂੰ ਪੁੱਛਲੋ, ਮੈਂ ਤਾਂ ਪਹਿਲਾਂ ਈ ਕਿਹਾ ਸੀ ਬਈ ਮੁੰਡਾ ਹੋਵੇ ਜਾਂ ਕੁੜੀ ਮੈਂ ਲੋਹੜੀ ਬਾਲੂੰ...ਹੈ ਨਾ ਬੀਬੀ ਜੀ...ਮੈਂ ਤਾਂ ਪਹਿਲਾਂ ਵੀ ਕੁੜੀ ਦੀ ਬਹੁਤ ਖੁਸ਼ੀ ਕੀਤੀ ਸੀ ਜੀ...।' ਇੰਦਰ ਡਾਕਟਰ ਅੱਗੇ ਹੱਥ ਜੋੜਦਾ ਉਸਦੇ ਪੈਰੀਂ ਹੱਥ ਲਾਉਂਦਾ ਕਮਲਿਆਂ ਵਾਂਗ ਬੋਲੀ ਜਾ ਰਿਹਾ ਸੀ।

'ਤੁਸੀਂ ਪਲੀਜ਼ ਇਕ ਮਿੰਟ ਅੰਦਰ ਆਓ... ਜ਼ਰੂਰੀ ਗੱਲ ਆ...।' ਬੂਹੇ ਲਾਗੇ ਖੜੇ ਇੰਦਰ ਨੇ ਡਾਕਟਰ ਦੀ ਬਾਂਹ ਫੜ ਲਈ।

'... ਡਾ... ਡਾਕ... ਡਾਕਟਰ ਸਾਅਬ... ਵੇਖਿਓ ਕਿਤੇ... ਮੈਂ ਦੁਨੀਆਂ ਨੂੰ ਅੱਗ ਲਾ ਦੂੰ ਜੇ ਤਾਰੋ ਨੂੰ ਕੁਝ... ਤੁਸੀਂ ਜੋ ਮਰਜ਼ੀ ਕਰੋ... ਵੱਡੇ ਤੋਂ ਵੱਡਾ ਡਾਕਟਰ ਬਲਾ ਲਓ ... ਜੋ ਕਹੋਂਗੇ ਮੈਂ ਕਰੂੰਗਾ... ਪਰ ਡਾਟ ... ਸਾ...ਅ...ਬ...।' ਇੰਦਰ ਉੱਚੀ ਉੱਚੀ ਰੋਣ ਲੱਗ ਪਿਆ।

'... ਇੰਦਰ ਸਿੰਘ... ਇੰਦਰ ਸਿੰਘ... ਪਲੀਜ਼ ਟਰਾਈ ਟੂ ਅੰਡਰ ਸਟੈਂਡ... ਅੱਛਾ ਐਦਾਂ ਕਰ ਤੂੰ ਤਾਰੋ ਤੇ ਬੱਚੇ ਨੂੰ ਮਿਲ ਆ... ਫਿਰ ਮੇਰੇ ਕੋਲ ਆਈ... ਘਬਰਾਓ ਨਾ... ਸਿਸਟਰ... ਐਨਾ ਨੂੰ ਪੇਸ਼ੈਂਟ ਕੋਲ ਲੈ ਜਾਓ...।'

ਕਰਤਾਰੋ ਦਾ ਚਿਹਰਾ ਪੀਲਾ, ਅੱਖਾਂ ਅੱਧ ਖੁੱਲੀਆਂ ਅਤੇ ਬੁੱਲਾਂ 'ਤੇ ਸਕੂਨ ਭਰੀ ਮੁਸਕਰਾਹਟ ਸੀ। ਇੰਦਰ ਨੇ ਕੱਪੜੇ 'ਚ ਲਪੇਟੇ ਪਏ ਭੋਰਾ ਭਰ ਬਾਲ ਨੂੰ ਬੋਚ ਕੇ ਆਪਣੇ ਦੋਹਾਂ ਹੱਥਾਂ 'ਚ ਚੁੱਕ ਲਿਆ। ਉਹ ਰੂੰ ਦੇ ਗੋਹੜੇ ਵਰਗਾ ਸੀ। ਇੰਦਰ ਦਾ ਚਿਹਰਾ ਲਾਲ ਹੋ ਗਿਆ।

ਉਸ ਨੇ ਬੱਚੇ ਨੂੰ ਛਾਤੀ ਨਾਲ ਲਾਇਆ। ਉਸਦਾ ਚਿਹਰਾ ਸ਼ਾਂਤ ਹੋ ਗਿਆ। ਫਿਰ ਉਹ ਕਰਤਾਰੋ ਵੱਲ ਵੇਖ ਕੇ ਹੱਸ ਪਿਆ। ਬੱਚੇ ਤੋਂ ਵਾਰ ਕੇ ਸੌ ਦਾ ਨੋਟ ਨਰਸ ਨੂੰ ਦਿੱਤਾ। ਨਰਸ ਨੇ ਚੁੱਪ ਕਰਕੇ ਨੋਟ ਫੜ ਲਿਆ ਤੇ ਮੂੰਹ ਪਰ੍ਹਾਂ ਨੂੰ ਕਰਕੇ ਖੜ੍ਹ ਗਈ। ਇੰਦਰ ਚਾਹੁੰਦਾ ਸੀ ਉਹ ਪੈਸੇ ਚਲਾ ਕੇ ਮਾਰੇ ਤੇ ਕਹੇ 'ਮੈਂ ਨਹੀਂ ਹਜ਼ਾਰ ਤੋਂ ਘੱਟ ਲੈਣਾ। ਐਡਾ ਸੋਹਣਾ ਜਵਾਕ ਦਿੱਤਾ ਅਸੀਂ ਤੁਹਾਨੂੰ , ਤੇ ਰੁਪਈਆ ਸੌ...।' ਪਰ ਨਾ ਨਰਸ ਨੇ ਪੈਸੇ ਚਲਾ ਕੇ ਮਾਰੇ ਤੇ ਨਾ ਕਰਤਾਰੋ ਦੀ ਮੁਸਕਰਾਹਟ ਹਾਸੇ 'ਚ ਬਦਲੀ।

ਖੁਸ਼ੀ ਤੇ ਪ੍ਰੇਸ਼ਾਨੀ ਜਿਹੀ 'ਚ ਲਿਪਟਿਆ ਇੰਦਰ ਬੋਲਿਆ ' ਚੰਗਾ, ਤਾਰੋ ਮੈਂ ਡਾਕਟਰ ਸਾਅਬ ਨੂੰ ਮਿਲ ਆਵਾਂ... ਕਹਿੰਦੇ ਸੀ ਮੇਰੇ ਕੋਲ ਆਈਂ... (ਹੱਸ ਕੇ) ਮੈਨੂੰ ਪਤਾ ਪੈਸਿਆਂ ਨੂੰ ਕਹੂਗਾ... ਆ ਵੇਖ ਮੈਂ ਸਾਰਾ ਬੰਦੋਬਸਤ ਕੀਤਾ ਹੋਇਆ... ਹੁਣੇ ਪੈਸੇ ਦੇ ਕੇ ਫਟਾ ਫਟ ਛੁੱਟੀ ਲੈ ਆਪਾਂ ਘਰੇ ਚੱਲਾਂਗੇ... ਕੈਲੇ ਹੋਰੀਂ ਉਡੀਕਦੇ ਨੇ ... ਤੂੰ ਫਿਕਰ ਨਾ ਕਰੀਂ... ਅੱਛਾ ਐਂ ਤਾਂ ਦੱਸ ਮੁੰਡਾ ਕੇ ਕੁੜੀ।'

'...' ।

'ਤਾਰੋ ... ਤਾਰੋ ਤੂੰ ਬੋਲਦੀ ਕਿਉਂ ਨੀਂਅ... ਤਾਰੋ...।'

' ਭਾਈ ਸਾਅਬ ਪੇਸ਼ੈਂਟ ਨੂੰ ਇੰਜੈਕਸ਼ਨ ਲੱਗੇ ਹੋਏ ਨੇ। ਉਹ ਅਜੇ ਪੂਰੀ ਸੁਰਤ 'ਚ ਨਹੀਂ... ਤੁਸੀਂ ਡਾਕਟਰ ਸਾਅਬ ਕੋਲ ਜਾ ਆਓ।' ਨਰਸ ਨੇ ਕਿਹਾ।

'ਭੈਣ ਜੀ ਮੁੰਡਾ ਕਿ ਕੁੜੀ?'

'ਪਲੀਜ਼ ਡਾਕਟਰ ਸਾਅਬ ਕੋਲ ਜਾਓ, ਓਹੀ ਦੱਸਣਗੇ' ਨਰਸ ਨੇ ਪਰਾਂ ਨੂੰ ਮੂੰਹ ਫੇਰ ਲਿਆ।

'ਹੂੰ... ਕਿਵੇਂ ਭੂਸਰੀ ਖੜੀ ਆ... ਝੜੱਮ ਜੀਅ... ਇਹਨਾਂ ਨੂੰ ਕਿਸੇ ਦੀ ਖੁਸ਼ੀ ਨਾਲ ਕੋਈ ਮਤਲਬ ਈ ਨਹੀਂ... ਬੱਸ ਨੋਟ ਚਾਹੀਦੇ ਨੇ... ਡਾਕਟਰ ਸ਼ਾਬ ਦੱਸ਼ਣਗੇ...'।

'ਆਓ ਇੰਦਰ ਸਿੰਘ ਬੈਠੋ।' ਡਾਕਟਰ ਗੁਲਾਟੀ ਬੋਲਿਆ। 'ਡਾਕਟਰ ਸਾਅਬ ਤੁਹਾਡਾ ਲੱਖ ਲੱਖ ਸ਼ੁਕਰ ਆ ਜੀ... ਮੈਂ ਸਾਰੀ ਉਮਰ ਤੁਹਾਡਾ ਦੇਣ ਨੀਂਅ ਦੇ ਸਕਦਾ ਜੀ... ਤੁਸੀਂ ਜਦੋਂ ਮਰਜ਼ੀ ਮੈਨੂੰ ਵਾਜ ਮਾਰ ਲਈਓ। ਜਾਨ ਵੀ ਹਾਜ਼ਰ ਆ ਜੀ। ਡਾਕਟਰ ਸਾਅਬ ਬੱਸ ਜੀਅ ਦੀ ਘਾਟ ਸੀ ਪੂਰੀ ਹੋ ਗੀ... ਪ੍ਰਮਾਤਮਾ ਲੰਬੀ ਉਮਰ ਬਖਸ਼ੇ... ਹਾਂ ਡਾਕਟਰ ਸਾਅਬ ਪੈਸੇ ਦੱਸ ਦਿਓ... ਤੇ ਛੇਤੀ ਛੁੱਟੀ ਦੇ ਦਿਓ... ਤਿੰਨ ਦਿਨ ਹੋ ਗਏ ਦੁਕਾਨ ਬੰਦ ਪਈ ਨੂੰ... ਕਿੰਨੇ ਪੈਸੇ ਜੀ...।'

'ਇੰਦਰ ਸਿੰਘ ... ਗੱਲ ਇਹ ਵੇ ... ਪੈਸਿਆਂ ਦੀ ਕੋਈ ਗੱਲ ਨੀਂਅ ਤੂੰ ਤਾਂ ਘਰ ਦਾ ਬੰਦਾਂ... ਵੀਰੇ ਗੱਲ ਇਹ ਵਾ ਪਈ .... ਆਪ੍ਰੇਸ਼ਨ ਬਹੁਤ ਵੱਡਾ ਸੀ। ਡਲਿਵਰੀ ਸਹੀ ਹੋ ਗਈ। ਕਰਤਾਰ ਕੌਰ ਨੂੰ ਕੁਝ ਦਿਨ ਅਜੇ ਹਸਪਤਾਲ 'ਚ ਹੋਰ ਰੱਖਣਾ ਪਊ... ਤੂੰ ਪੈਸਿਆਂ ਦਾ ਕੋਈ ਫਿਕਰ ਨਾ ਕਰ... ਤੇਰੇ ਕੋਲੋਂ ਅਸੀਂ ਹੋਰ ਕੋਈ ਪੈਸਾ ਨਹੀਂ ਲੈਣਾ... ਬੱਸ ਤੂੰ ਮਾਂ ਤੇ ਬੱਚੇ ਦੀ ਚੰਗੀ ਤਰਾਂ ਦੇਖਭਾਲ ਕਰੀਂ... ਠੀਕ ਆਂ... ਤੇ...।'

'ਚੰਗਾ ਡਾਕਟਰ ਸਾਅਬ ਮੈਂ ਆਪਣੇ ਬੇਲੀਆਂ ਨੂੰ ਸੁਨ-ੇਹਾ ਦੇ ਆਵਾਂ... ਉਹ ਤਾਂ ਕਿੱਦਣ ਦੇ ਪਾਰਟੀ ਮੰਗਦੇ ਫਿਰਦੇ ਆ... ਘਰੇ ਦੋ ਬੋਤਲਾਂ ਵੀ ਰੱਖ ਰੱਖੀਆਂ ਨੇ ਜੀ...।'

'ਇੰਦਰ ਸਿੰਘ ਗੱਲ ਇਹ ਹੈ ਕਿ ਬੱਚਾ...ਬੱਚਾ।'

'...ਜੀ...?'

'ਬੱਚਾ ... ਖੁਸਰਾ ਹੈ'

'... ਹੈਂਅ... !'

ਚੀਰ ਫਾੜ ਦੀ ਮਾਰ ਤੇ ਅਗੋਂ ਬੱਚਾ ਖੁਸਰਾ, ਕਰਤਾਰੋ ਨੇ ਹਫਤਾ ਵੀ ਨਾ ਕੱਟਿਆ। ਕਰਤਾਰੋ ਦਾ ਤੁਰ ਜਾਣਾ ਇੰਦਰ ਲਈ ਅਸਿਹ ਸੀ। ਉਸਨੂੰ ਲੱਗਦਾ ਜਿਵੇਂ ਇਕ ਵਾਰ ਫਿਰ 'ਰੌਲਾ' ਪੈ ਗਿਆ ਹੋਵੇ ਤੇ ਉਸਦੇ ਹੱਥੋਂ ਮਾਂ ਦੀ ਫੜੀ ਉਂਗਲੀ ਛੁੱਟ ਗਈ ਹੋਵੇ।

" ਅੱਬ ਬੋਲੋ ਇੰਦਰ ਸਿੰਘ ਜੀ... ਮੇਰੇ ਸੇ ... ਵਕਤ ਸੇ ਪੰਗਾ ਲੇਤੇ ਥੇ ਲੈ ਲੀਆ ਸਵਾਦ... ਬੀਵੀ ਗਈ... ਹਾਥ ਆਇਆ ਖੁਸਰਾ... ਅਭ ਢੋਤੇ ਰਹਿਨਾ ਦੋ ਸੇਰ ਮਾਸ ... ਨਾ ਆਗੇ ਕੁਸ਼ ਨਾ ਪੀਛੇ ...ਅਰੇ ਕਿਆ ਸੋਚਨੇ ਲਗੇ ਬੰਧੂ ... ਅਰੇ ਭਾਈ ਐਸਾ ਨਾ ਕਰੂੰ ਤੋਂ ਲੋਗ ਵਕਤ ਕੋ ਬੂਲ ਹੀ ਜਾਏਂ... ਫਿਰ ਯੇ ਆਦਮੀ ਮੇਰੇ ਸੇ ਕੈਸੇ ਡਰੇਗਾ... ਹੈਂ...।''

-----

ਇੰਦਰ ਸਿੰਘ ਨੇ ਸਾਰਿਆਂ ਨੂੰ ਦੱਸ ਦਿੱਤਾ ਕਿ 'ਮੁੰਡਾ' ਹੋਇਆ। ਨੈਣ ਨੇ ਇੰਦਰ ਦੇ ਬੂਹੇ ਸ਼ਰੀਂਹ ਬੰਨ੍ਹ ਦਿੱਤਾ। ਸਾਰੇ ਪਿੰਡ ਵਿਚ ਗੁੜ ਵੰਡਿਆ। ਸਵਾ ਮਹੀਨੇ ਤੋਂ ਘਰ ਖੁਸਰੇ ਵੀ ਨੱਚ ਗਏ। ਬੱਚਾ ਹਸਪਤਾਲ ਹੀ ਰਿਹਾ। ਡਾਕਟਰ ਨੇ ਦੋ ਮਹੀਨੇ ਤੱਕ ਕਿਸੇ ਨੂੰ ਬੱਚੇ ਦੇ ਨੇੜੇ ਆਉਣ ਤੋਂ ਰੋਕੀ ਰੱਖਿਆ। ਫਿਰ ਅਚਾਨਕ ਇੰਦਰ ਨੇ ਪਿੰਡ ਛੱਡ ਦਿੱਤਾ। ਕਦੇ ਕਿਤੇ ਚਾਰ ਦਿਨ ਲਾਉਂਦਾ, ਕਦੇ ਕਿਤੇ। ਬੱਚਾ ਗੋਦੀ ਚੁੱਕ ਕੇ ਤੁਰਿਆ ਫਿਰਦਾ ਤੇ ਉਸਨੂੰ ਸ਼ਿੰਦਾ ਪੁੱਤ ਕਹਿ ਕੇ ਬਲਾਉਂਦਾ। ਸੱਤ ਸਾਲ ਬਾਅਦ ਇੰਦਰ ਪਿੰਡ ਮੁੜਿਆ ਤਾਂ ਸ਼ਿੰਦਾ ਬਹੁਤ ਸੋਹਣਾ 'ਮੁੰਡਾ' ਲੱਗਦਾ ਸੀ।

'ਵੇਖ ਪੁੱਤ ਕਿਸੇ ਮੂਹਰੇ ਕੱਛੀ ਨਹੀਂ ਲਾਹੁਣੀ... ਕਿਸੇ ਸਾਹਮਣੇ ਪਸ਼ਾਬ ਨਹੀਂ ਕਰਨਾ... ਨਾ ਕਿਸੇ ਨਾਲ ਕੋਈ ਐਹੋ ਜਹੀ ਗੱਲ ਕਰਨੀ... ਨਹੀਂ ਤਾਂ ਭੂਤ ਖਾ ਜੂ...।'

'ਮੈਨੂੰ ਪਤੈ ਪਾਪਾ ਜੀ...।'

ਛੋਟੇ ਜਿਹੇ ਸ਼ਿੰਦੇ ਨੂੰ ਇੰਦਰ ਨੇ ਬਹੁਤ ਕੁਝ ਪੜ੍ਹਾ ਦਿੱਤਾ। ਉਸਨੇ ਮੁੜ ਤੋਂ ਦੁਕਾਨ ਖੋਲ੍ਹ ਲਈ। ਡੱਗੀ ਵੀ ਲਾਉਣ ਲੱਗਾ। ਕਹਿੰਦਾ ਕਬੀਲਦਾਰੀ ਚਲਾਉਣ ਲਈ ਜਿੰਨਾ ਕੰਮ ਕਰ ਲੋ ਥੋੜਾ। ਅੱਜ ਤਾਂ 'ਮੁੰਡਾ' ਛੋਟਾ ਭਲਕ ਨੂੰ ਵੱਡਾ ਹੋਊ ਤਾਂ ਖਰਚ ਵੀ ਤਾਂ ਵੱਧਣਾ। ਸ਼ਿੰਦੇ ਨੂੰ ਸਕੂਲ ਪਾ ਦਿੱਤਾ। ਮਾਸਟਰ ਨੇ ਸਕੂਲ ਦੇ ਰਜਿਸਟਰ ਵਿਚ ਸ਼ਮਸ਼ੇਰ ਸਿੰਘ ਪੁੱਤਰ ਸਰਦਾਰ ਇੰਦਰ ਸਿੰਘ ਕੌਮ ਖੱਤਰੀ ਨਾਮ ਦਰਜ ਕਰ ਲਿਆ। ਸੱਤਵੇਂ ਸਾਲ 'ਚ ਸਕੂਲੇ ਦਾਖਲ ਹੋਇਆ ਸ਼ਿੰਦਾ ਹਾਣੀਆਂ ਨਾਲੋਂ ਦੁੱਗਣਾ ਸੀ। ਇਕ ਦਿਨ ਛੀਂਬਿਆਂ ਦੀ ਕੁੜੀ ਲਾਲੀ ਨੇ ਉਸਨੂੰ ਬੋਕ ਕਹਿਤਾ। ਉਸਨੇ ਕੁੜੀ ਨੂੰ ਗੁੱਤੋਂ ਫੜ ਘੁੰਮਾ ਕੇ ਪਰੇ ਚਲਾ ਮਾਰਿਆ। ਕੁੜੀ ਦਾ ਸਿਰ ਪਾਟ ਗਿਆ। ਘਰ ਉਲਾਂਭਾ ਆਇਆ ਤਾਂ ਇੰਦਰ ਨੇ ਸ਼ਾਮ ਨੂੰ ਮੀਟ ਰਿੰਨਿਆ।

'ਸਾਲੇ... ਆਵਦੀ 'ਲਾਦ ਨੂੰ ਨੀਂਅ ਸਮਝਾਉਂਦੇ ਬਈ ਮੁੰਡਿਆਂ ਨਾਲ ਕਿਵੇਂ ਗੱਲ ਕਰੀਦੀ ਆ... ਪਤਾ ਲੱਗ ਗਿਆ ਨਾ ਬਗਾਨੇ ਪੁੱਤ ਨੂੰ ਬੋਕ ਕਹਿਣ ਦਾ... ਆ ਗਏ 'ਲਾਂਭਾ ਦੇਣ... ਪੁੱਤ ਤੂੰ ਡਰ ਨਾ ਕਿਸੇ ਤੋਂ... ਮੈਂ ਹੈਗਾਂ...।'

ਪੰਜਵੀਂ ਤੱਕ ਤਾਂ ਸ਼ਿੰਦਾ ਬਿਨਾਂ ਪੜ੍ਹੇ ਪਾਸ ਹੋਈ ਗਿਆ। ਪਰ ਛੇਵੀਂ 'ਚ ਪੈਰ ਅੜ ਗਏ।

'ਇੰਦਰ ਸਿਆਂ ਮੁੰਡੇ ਨੂੰ ਸਮਝਾ... ਖੱਤਰੀ ਦਾ ਪੁੱਤ ਆ... ਚਾਰ ਅੱਖਰ ਪੜੂ ਤਾਂ ਕਿਤੇ ਕਮਾਉਣ ਜੋਗਾ ਹੋਊ... ਆਪਣੇ ਕਿਹੜਾ ਹਲ ਚੱਲਦੇ ਆ...।' ਮਾਸਟਰ ਨੇ ਇੰਦਰ ਨੂੰ ਸਕੂਲੇ ਸੱਦ ਕੇ ਕਿਹਾ।

'ਕੋਈ ਨਾ ਮਾਸਟਰ ਜੀ... ਬਥੇਰਾ ਕਮਾਇਆ ਪਿਆ ਮੇਰਾ... ਭਾਵੇਂ ਦੋ ਪੀੜੀਆਂ ਤੱਕ ਬੈਠ ਕੇ ਖਾਈ ਜਾਵੇ ਸ਼ਿੰਦਾ... ਆਹ ਸ਼ਿਵ ਦਾ ਮੁੰਡਾ, ਚੌਦਾਂ ਜਮਾਤਾਂ ਪੜਿਆ... ਐਹਨੂੰ ਤਾਂ ਕਿਤੇ ਨੌਕਰੀ ਮਿਲੀ ਨੀਂਅ ... ਹੁਣ ਚੂੜੀਆਂ ਵੇਚਦਾ ਫਿਰਦਾ ਵਿਚਾਰਾ.. ਤੁਸੀਂ ਚਿੰਤਾ ਨਾ ਕਰੋ... ਜਿੰਨਾ ਪੜ੍ਹਦਾ ਪੜਾ ਦਿਓ... ਨਾਲੇ ਪੜ ਕੇ ਤੁਸੀਂ ਕਿਹੜਾ ਜੱਜ ਲੱਗਗੇ... ਮਾਸਟਰੀ ਨਾਲੋਂ ਚਾਰ ਗੁਣੀ ਕਮਾਈ ਤਾਂ ਮੈਂ ਹੱਟੀ 'ਚੋਂ ਕਰ ਲੈਨਾ...।'

ਸ਼ਿੰਦੇ ਦੀ ਯਾਰੀ ਵੱਡੇ ਘਰਾਂ ਦੇ ਮੁੰਡਿਆਂ ਨਾਲ ਹੋ ਗਈ। ਕਦੇ ਕਿਸੇ ਦੀ ਜੀਪ 'ਤੇ ਸ਼ਹਿਰ ਜਾਂਦਾ। ਕਦੇ ਕਿਸੇ ਦੇ ਮੋਟਰ ਸਾਇਕਲ 'ਤੇ। ਪਟਿਆਂ ਦੇ ਨਿੱਤ ਨਵੇ ਡਿਜ਼ਾਇਨ ਬਣਾਉਂਦਾ। ਮੀਟ, ਦਾਰੂ ਹੁਣ ਇੰਦਰ ਦੇ ਘਰ ਲੂਣ ਤੇਲ ਹੋ ਗਿਆ ਸੀ। ਹੌਲੀ-ਹੌਲੀ ਸ਼ਿੰਦੇ ਦੇ ਨਾਂ ਨਾਲ ਵੈਲੀ ਜੁੜ ਗਿਆ। ਨਵੇਂ ਤੋਂ ਨਵੇਂ ਮੁੰਡੇ ਉਸ ਨਾਲ ਤੁਰੇ ਫਿਰਦੇ। ਉਸਦੇ ਸੱਜੇ ਡੋਲੇ 'ਤੇ ਵੱਜੇ ਗੰਡਾਸੇ ਦਾ ਟੱਕ, ਉਪਰਲੀ ਦੰਦਬੀੜ ਦਾ ਟੁੱਟਿਆ ਸੂਆ ਅਤੇ ਫੁਲ ਤੋਂ ਵੱਡਿਆ ਸੱਜਾ ਅੰਗੂਠਾ ਉਸਦੀ 'ਕਾਬਲੀਅਤ' ਦੇ ਸਰਟੀਫਿਕੇਟ ਬਣ ਗਏ। ਜੇ ਕੋਈ ਇੰਦਰ ਕੋਲ ਸ਼ਿੰਦੇ ਨੂੰ ਸੰਭਾਲਣ ਦੀ ਸਲਾਹ ਦਿੰਦਾ ਅੱਗੋਂ ਉਹ ਇਕ ਦੀਆਂ ਸੌ ਸੁਣਾਉਂਦਾ।

ਉਸ ਦਿਨ ਸੱਥ 'ਚ ਬੈਠਿਆਂ ਜੱਗਾ ਤਖਾਣ ਇੰਦਰ ਨੂੰ ਕਹਿਣ ਲੱਗਿਆ, 'ਇੰਦਰ ਸਿਹਾਂ ਸ਼ਿੰਦੇ ਨੂੰ ਕਾਬੂ 'ਚ ਰੱਖ, ਵਿਗੜਦਾ ਜਾਂਦੈ... ਮੁੰਡੇ ਤਾਂ ਮੇਰੇ ਵੀ ਚਾਰ ਨੇ, ਪਰ ਮਜਾਲ ਆ ਕਦੇ ਚੂੰ ਕਰ ਜਾਣ... ਮੁੰਡਾ ਤੇ ਰੰਬਾ ਜਿੰਨਾ ਚੰਡੀਏ ਓਨਾ ਈ ਸੂਤ ਰਹਿੰਦੇ ਨੇ...।'

'ਚਾਚਾ... ਮੁੰਡੇ ਖੁੰਡੇ ਐਹੋ ਜਿਹਾ ਕੁਸ਼ ਕਰਦੇ ਈ ਨੇ ... ਉਹ ਖੁਸਰੇ ਹੋਣਗੇ ਜਿਹੜੇ ਅੰਦਰ ਵੜੇ ਰਹਿੰਦੇ ਨੇ... ਨਾਲੇ ਤੈਨੂੰ ਦੁੱਧ ਧੋਤੇ ਨੂੰ ਮੈਂ ਜਾਣਦਾਂ... ਭੁੱਲ ਗਿਆਂ ਜਦੋਂ ਪਰਾਰ ਲੋਕਾਂ ਨੇ ਨਰਮੇ 'ਚੋਂ ਫੜਿਆ ਸੀ, ਖੇਹ ਖਾਂਦੇ ਨੂੰ...।' ਇੰਦਰ ਨੇ ਮੋੜ ਦਿੱਤਾ।

ਲਗਾਤਾਰ ਤਿੰਨ ਦਿਨਾਂ ਬਾਅਦ ਸ਼ਿੰਦਾ ਘਰ ਮੁੜਿਆ ਤਾਂ ਇੰਦਰ ਨੇ ਪੁੱਛਿਆ, 'ਸ਼ਿੰਦਿਆ ਕਿਥੇ ਗਿਆ ਸੀ... ਦੱਸ ਜਾਂਦਾ ਯਾਰ... ਮੈਨੂੰ ਫਿਕਰ ਲੱਗਿਆ ਰਿਹਾ... ਤਿੰਨ ਦਿਨ ਹੋਗੇ... ਸੁੱਖ ਸੀ...?'

'ਕੀ ਦੱਸਾਂ ਪਾਪਾ ਜੀ ... ਕਸੂਤਾ ਫਸ ਗਿਆ ਸੀ। ਮੇਰਾ ਬੇਲੀ ਇਕਬਾਲ ਤੇ ਪਟਵਾਰੀਆਂ ਦਾ ਗੁਰਦੀਪ ਹੋਟਲ 'ਚ ਕੁੜੀ ਲੈ ਗਏ। ਨਾਲ ਮੈਂ ਵੀ ਸੀ। ਕਿਸੇ ਨੇ ਪੁਲਸ ਕੋਲ ਚੁਗਲੀ ਕਰ 'ਤੀ। ਸਾਨੂੰ ਪੁਲਸ ਫੜ ਕੇ ਲੈ ਗੀ... ਅਵਾਰਾ ਗਰਦੀ ਦਾ ਕੇਸ ਪਾ 'ਤਾ... ਪਾਪਾ ਜੀ ਮੈਂ ਤਾਂ ਨਿਕਲ ਸਕਦਾ ਸੀ। ਮੇਰੇ 'ਤੇ ਤਾਂ ਕੋਈ ਕੇਸ ਨਹੀਂ ਸੀ ਬਣਨਾ... ਪਰ ਇਸ ਵਾਸਤੇ ਮੈਨੂੰ ਡਾਕਟਰੀ ਕਰਾਉਣੀ ਪੈਣੀ ਸੀ... ਪਰ ਫੇਰ ਤੁਹਾਡਾ ਜਿਓਣਾ ਦੁੱਬਰ ਹੋ ਜਾਣਾ ਸੀ... ਪਾਪਾ ਜੀ ਮੈਂ ਤੁਹਾਨੂੰ ਦੁਖੀ ਨਹੀਂ ਸੀ ਦੇਖ ਸਕਦਾ... ਐਸ ਲਈ ਮੈਂ ਆਪਣੇ 'ਤੇ ਅਵਾਰਾ ਗਰਦੀ ਦਾ ਕੇਸ ਪਵਾ ਲਿਆ... ਅੱਜ ਜ਼ਮਾਨਤ ਹੋਈ ਆ... ਪਾਪਾ ਜੀ ਮੈਂ ਠੀਕ ਕੀਤਾ ਨਾ...।'

'... ਸ਼ਿੰਦਿਆ... ਤੂੰ ਮੈਨੂੰ ਜਿਉਂਦਿਆਂ 'ਚ ਰੱਖ ਲਿਆ... ਪੁੱਤ ਇਹ ਬਦਨਾਮੀ ਸਾਡੇ ਲਈ ਕਾਲਖ ਦਾ ਟਿੱਕਾ ਨਹੀਂ ਜਿਓਣ ਦਾ ਆਸਰਾ... ਹੁਣ ਤਾਂ ਆਪਾਂ ਇਉਂ ਹੀ ਆਪਣੇ ਦਿਹਾੜੇ ਪੂਰੇ ਕਰਨੇ ਨੇ... ਮੈਂ ਤੈਨੂੰ ਉਹ ਕੁਸ਼ ਤਾਂ ਨਹੀਂ ਦੇ ਸਕਦਾ ਜੋ ਤੈਨੂੰ ਮਰਦ ਬਣਾ ਦੇਵੇ ... ਪਰ ਦੁਨੀਆ ਤੈਨੂੰ ਮਰਦਾਂ ਵਾਗੂੰ ਈ ਪੂਜੂ। ਇਕ ਗੱਲ ਮੇਰੀ ਹੋਰ ਸੁਣ, ਦੁਨੀਆਂ ਨੂੰ ਜੋ ਵਿਖਾਓ ਇਹ ਓਸੇ ਨੂੰ ਸੱਚ ਮੰਨ ਲੈਂਦੀ ਆ... ਜਿਸ ਦਿਨ ਇਹਨਾਂ ਨੂੰ ਪਤਾ ਲੱਗ ਗਿਆ ਤੂੰ ਖੁਸਰੈਂ, ਤਾਂ ਇਹ ਜਿਹੜੇ ਤੇਥੋਂ ਡਰਦੇ ਲੁਕਦੇ ਫਿਰਦੇ ਨੇ ਨਾਂ, ਤਾੜੀਆਂ ਮਾਰ ਮਾਰ ਕੇ ਮਾਰ ਦੇਣਗੇ... ਸ਼ਿੰਦਿਆਂ ਮੈਂ ਬਹੁਤ ਔਖੀ ਲੜਾਈ ਲੜੀ ਆ ਹੁਣ ਬਾਜ਼ੀ ਤੇਰੇ ਹੱਥ ਆ...।'

" ਹੈਂਅ ਹੈਂਅ ਅਰੇ ਬੰਧੂ ਬੂਢਾ ਤੋਂ ਬੂਢਾ ਯੇ ਮੁੰਡਾ ਬੀ ਬੜਾ ਚਾਲੂ ਨਿਕਲਾ... ਹਰ ਚਾਲ ਕੋ ਮਾਤ ਕਰ ਦੇਤੇ ਹੈਂਅ... ਬੀਸ ਸਾਲ ਹੋਨੇ ਕੋ ਆ ਗਏ ... ਮੈਂ ਅਭੀ ਤੱਕ ਦੁਨੀਆ ਕੋ ਯੇ ਨਹੀਂ ਬਤਾ ਸਕਾ ਕਿ ਯੇ ਜੋ ਬੜਾ ਬਦਮਾਸ਼ ਬਨਾ ਫਿਰਤਾ ਹੈ ਯੇ ਖੁਸਰਾ ਹੈ ... ਬਤਾਊਂ ਕੇਸੇ ਸੁਸਰੇ ਮੌਕਾ ਹੀ ਨਹੀਂ ਦੇਤੇ... ਪਰ ਮੈਂ ਬੀ ਵਕਤ ਹੂੰਅ ... ਦੇਖਤਾ ਹੂੰ ਕਹਾਂ ਤੱਕ ਬਾਗਤੇ ਹੈਂ...।''

ਸਿਆਲਾਂ ਦੀ ਰਾਤ ਸੀ। 'ਕੀ ਗੱਲ ਪੁੱਤ... ਚੁੱਪ ਜਿਹਾ ਕਿਉਂ ਬੈਠਾਂ... ਰੋਟੀ ਵੀ ਨੀਂ ਖਾਧੀ।' ਉਸ ਰਾਤ ਸ਼ਿੰਦਾ ਬਹੁਤ ਉਦਾਸ ਸੀ। 'ਪਾਪਾ ਜੀ... ਮੈਂ ਇਹ ਬਣਾਉਟੀ ਜ਼ਿੰਦਗੀ ਜੀਂਦਾ ਜੀਂਦਾ ਅੱਕ ਗਿਆਂ...।'

'ਪੁੱਤ ਜੀਣ ਦੀ ਮਜ਼ਬੂਰੀ ਆ... ਕੋਈ ਹੱਲ ਵੀ ਤਾਂ ਨਹੀਂ।' 'ਨਿੱਤ ਨਿੱਤ ਦੇ ਜੱਭ ਨਾਲੋਂ ਇਕੋ ਵਾਰੀ ਕੌੜਾ ਘੁੱਟ ਭਰ ਲੈਂਦੇ... ਕਿੰਨਾ ਕੁ ਚਿਰ ਝੂਠ ਦੇ ਪੱਜ ਜੀਵਾਂਗੇ... ਥਾਣੇਦਾਰਾਂ ਦੀ ਜੋਤੀ ਮੈਨੂੰ ਪਿਆਰ ਕਰਦੀ ਆ... ਵਿਆਹ ਕਰਨ ਲਈ ਕਹਿੰਦੀ ਆ... ਦੱਸ ਮੈਂ ਉਹਨੂੰ ਕੀ ਜਵਾਬ ਦੇਵਾਂ... ਮੈਨੂੰ ਜੰਮਦੇ ਨੂੰ ਮਾਰ ਦਿੰਦਾ ਜਾਂ ਡੇਰੇ ਛੱਡ ਦਿੰਦਾ...।'

ਪਿਓ ਪੁੱਤ ਰਾਤ ਭਰ ਰੋਂਦੇ ਰਹੇ।

" ਹਾ ਹਾ ਹਾ ਹਾ... ਬੰਧੂ ਕਿਆ ਦੇਖ ਰਹੇ ਹੋ... ਅਬ ਆਇਆ ਨਾ ਊਂਟ ਪਹਾੜ ਕੇ ਨੀਚੇ... ਅਬ ਦੇਖਨਾ ਕੈਸੇ ਗਿੜ ਗਿੜਾ ਕੇ ਮੌਤ ਮਾਂਗਤਾ ਹੈ ਜੇ ਇੰਦਰ ਸੀਂਘ ਖੱਤਰੀ... ਅਰੇ ਬੰਧੂ ਵਕਤ ਹੂੰ ਮੈਂ ਵਕਤ... ਵਕਤ ਕੀ ਮਾਰ ਸੇ ਕੌਨ ਬਚ ਸਕਾ ਹੈ... ਹੈ ਨਾ...।

-----

ਲੋਕ ਮੁੜ ਸ਼ਿੰਦੇ ਦੀ ਮੌਤ ਬਾਰੇ ਗੱਲਾਂ ਕਰਨ ਲੱਗੇ। ਸ਼ਿੰਦੇ ਦੇ ਕੱਪੜਿਆਂ ਤੇ ਦੰਦਾਂ 'ਤੋਂ ਹੀ ਉਹਦੀ ਸ਼ਨਾਖਤ ਹੋਈ। ਜਦੋਂ ਇੰਦਰ ਨੂੰ ਲਾਸ਼ ਵਿਖਾਈ ਤਾਂ ਉਹ ਵਾਰ ਵਾਰ ਲੱਤਾਂ ਵਾਲੇ ਪਾਸਿਓਂ ਚਾਦਰ ਲਾਹ ਕੇ ਵੇਖਣ ਦੀ ਕੋਸ਼ਿਸ਼ ਕਰਦਾ। ਪਰ ਉਸਨੂੰ ਪਾਸਿਆਂ ਤੋਂ ਫੜੀ ਖੜੇ ਲੋਕ ਕਮਰਿਓਂ ਬਾਹਰ ਲੈ ਆਏ।

ਡਾਕਟਰ ਪੋਸਟ ਮਾਰਟਮ ਤੋਂ ਵਿਹਲਾ ਹੋ ਕੇ ਆਪਣੇ ਦਫਤਰ ਵੱਲ ਤੁਰ ਪਿਆ। ਜਦੋਂ ਉਹ ਟਾਹਲੀ ਕੋਲ ਖੜੇ ਇੰਦਰ ਕੋਲੋਂ ਲੰਘਣ ਲੱਗਿਆ ਤਾਂ ਇੰਦਰ ਹੱਥ ਜੋੜ ਕੇ ਬੋਲਿਆ, '... ਡਾਕਟਰ ਸਾਅਬ ਮੈਂ ਉਹਦਾ ਪਿਓ ਆਂ... ਸੱਚੀਂ ਦੱਸਿਓ ... ਸ਼ਿੰਦੇ ਦਾ ਸਰੀਰ ਪੂਰਾ ਸੀ ... ਧੜ ਤੇ ਮਾਸ ਸੀਗਾ...।'

' ਨਹੀਂ ਬਾਈ ਜੀ...' ਡਾਕਟਰ ਹੌਲੀ ਜਿਹੇ ਬੋਲਿਆ, ' ਕੁਝ ਮਾਸ ਤਾਂ ਮੱਛੀਆਂ ਨੇ ਖਾ ਲਿਆ ਕੁਝ ਗਲ ਸੜ ਗਿਆ... ਸਰੀਰ ਉਪਰ ਮਾਸ ਤਾਂ ਹੈ ਈ ਨਹੀਂ ਸੀ... ਬੱਸ ਹੱਡੀਆਂ ਈ ਸਨ ਉਹ ਵੀ ਪੂਰੀਆਂ ਨਹੀਂ... ਜਾਨਵਰ ਖਾ ਗਏ ਹੋਣਗੇ... ਜੋ ਰੱਬ ਨੂੰ ਮੰਨਜ਼ੂਰ ... ਹੌਂਸਲਾ ਰੱਖੋ... ਮਹੀਨੇ ਕੁ ਤੱਕ ਪੋਸਟ ਮਾਰਟਮ ਦੀ ਰਿਪੋਰਟ ਆ ਜਾਊਗੀ... ਫਿਰ ਮੌਤ ਦੇ ਕਾਰਨ ਦਾ ਵੀ ਪਤਾ ਲੱਗ ਜੂ...' ਡਾਕਟਰ ਉਸਦੇ ਦੋਵੇਂ ਹੱਥ ਘੁੱਟ ਕੇ ਹਮਦਰਦੀ ਦਿੰਦਾ ਚਲਾ ਗਿਆ।

" ਅਭ ਗਿਆ... ਬੰਧੂ ਮੇਰੇ ਬਰਸੋਂ ਕੀ ਜੱਦੋ ਜਹਿਦ ਅਬ ਪੂਰੀ ਹੋ ਗਈ... ਬੜਾ ਸਖਤ ਹੱਡੀ ਕਾ ਨਿਕਲਾ ਸੁਸਰਾ ... ਪਰ ਅਭ ਗਿਆ... ਅਭ ਨਹੀਂ ਬਚਤਾ... ਅਰੇ ਬੰਧੂ ਜੀਏਗਾ ਕਿਸਕੇ ਸਹਾਰੇ... ਸਭੀ ਸਹਾਰੇ ਤੋ ਮੈਨੇ ਤੋੜ ਦੀਏ.... ਹਾ ਹਾ ਹਾ... ਵਕਤ ਹੂੰ ਨਾ ... ਕਾਮ ਹੈ ਜੇ ਮੇਰਾ ਬੰਧੂ...।''

'ਸਰੀਰ ਉਪਰ ਮਾਸ ਤਾਂ ਹੈ ਈ ਨਹੀਂ ਸੀ...ਸਰੀਰ ਉਪਰ ਮਾਸ ਤਾਂ ਹੈ ਈ ਨਹੀਂ ਸੀ... ਸਰੀਰ ਉਪਰ ਮਾਸ ਤਾਂ ਹੈ ਈ ਨਹੀਂ ਸੀ... ।' ਇੰਦਰ ਦੇ ਆਲੇ ਦੁਆਲੇ ਇਹ ਸ਼ਬਦ ਗੂੰਜਣ ਲੱਗੇ। ਉਸਨੇ ਇਕ ਲੰਬਾ ਸਾਹ ਖਿੱਚਿਆ। ਠੰਡੀ ਹਵਾ ਨਾਲ ਅੰਦਰ ਭਰ ਗਿਆ। ਅੱਖਾਂ ਅੱਗੋਂ ਧੁੰਦ ਛਿੱਦੀ ਹੋ ਗਈ।

ਇੰਦਰ ਨੇ ਪਿਛੇ ਮੁੜ ਕੇ ਵੇਖਿਆ। ਸਾਰਾ ਪਿੰਡ ਉਸ ਵੱਲ ਭਾਰੀ ਦੁੱਖ ਤੇ ਡਾਢੀ ਹਮਦਰਦੀ ਨਾਲ ਵੇਖ ਰਿਹਾ ਸੀ, ਉਸਦਾ 'ਗੱਭਰੂ ਪੁੱਤ' ਜੋ ਮਰ ਗਿਆ ਸੀ।

'ਸ਼ਿੰਦਿਆਂ ... ਤੂੰ ਤਾਂ ਮਰਕੇ ਵੀ ਮੈਨੂੰ ਜੀਣ ਜੋਗਾ ਕਰ ਗਿਆ ਉਏ...।' ਇੰਦਰ ਦੇ ਧੁਰ ਅੰਦਰੋਂ ਇਕ ਆਵਾਜ਼ ਨਿਕਲੀ।

ਦੋ ਪਹਿਰਾਂ ਤੋਂ ਬੰਨ੍ਹ ਕੇ ਰੱਖਿਆ ਦੁੱਖ ਦਾ ਦਰਿਆ ਟੁੱਟ ਕੇ ਵਹਿ ਤੁਰਿਆ। ਚੀਕਾਂ, ਹੰਝੂ ਤੇ ਦੁਹੱਥੜ। ਉਹ ਟਾਹਲੀ ਦੇ ਮੁੱਢ ਨਾਲ ਸਿਰ ਮਾਰਨ ਲੱਗਿਆ।

ਦੂਰ ਖੜੇ ਬੰਦੇ ਉਸ ਨੂੰ ਸਾਂਭਣ ਲਈ ਭੱਜ ਤੁਰੇ।

" ਅਰੇ ਅਰੇ... ਯੇ ਕਿਆ ... ਯੇ ਤੋ ਫਿਰ ਚੱਲ ਪੜਾ... ਜੀਨੇ ਕੀ ਬਾਤ ਕਰਤਾ ਹੈ ਤੋ ਮਰੇਗਾ ਕੌਨ... ਬੱਸ ਬੱਸ... ਯਹੀ ਹੈ ਮੇਰੀ ਮੁਸੀਬਤ ਇਸ ਆਦਮੀ ਨੇ ਤੋ ਮੁਝੇ ਹਰਾ ਕੇ ਰੱਖ ਦੀਆ... ਦੇਖੋ ਬੰਧੂ ਮੈਂ ਕੇਸਾ ਵਕਤ ਹੂੰ ਜੋ ਖੁਦ ਵਕਤ ਮੇਂ ਪੜਾ ਹੂੰ...।'' □

PASH DRIVING SCHOOL LTD.
"Learn to drive for LIFE... accident FREE with confidence"




Jas Badesha
780-908-2296

Car Available For Road Test

Lady Instructor
7 Day A Week

Free Pick Up & Drop Off

» Government Approved Insurance Reduction Course.
» Defensive Driving Course.
» Refresher Courses.




» Preparation For Class 7.
» Road Test Preparation.
» Package & Hourly Rates

pashdrivingschool@ymail.com



Shalu Badesha
780-660-3071

ਸੰਸਾਰ ਕਲਾਸਿਕ ਕਹਾਣੀ

ਗ.ਦ. ਮੋਪਾਸਾਂ ਦੀ ਸ਼ਾਹਕਾਰ ਕਹਾਣੀ

# ਚਾਂਦਨੀ ਰਾਤ ਵਿੱਚ

**ਗ.ਦ. ਮੋਪਾਸਾਂ (1850-1893)ਨੂੰ ਵਿਸ਼ਵ ਕਥਾ ਸਾਹਿਤ ਦੇ ਗ੍ਰੇਟ ਮਾਸਟਰ ਵਜੋਂ ਜਾਣਿਆ ਜਾਂਦਾ ਹੈ। ਉਸ ਦੇ ਮਹਾਨ ਸਮਕਾਲੀ ਲੇਖਕ ਫਲਾਵੇਅਰ, ਜ਼ੋਲਾ, ਤਾਲਸਤਾਏ, ਤੁਰਗਨੇਵ ਆਦਿ ਉਸ ਦੀ ਪ੍ਰਤਿਭਾ ਦੇ ਕਾਇਲ ਸਨ। ਜੀਵਨ ਦੀਆਂ ਤ੍ਰਾਸਦੀਆਂ, ਪ੍ਰਪੰਚਾਂ, ਅੰਤਰੀਵ ਸੁੰਦਰਤਾ ਤੇ ਨਾਟਕੀ ਘਟਨਾਵਾਂ ਨੂੰ ਚਿਤਰਨ ਦੇ ਮਾਮਲੇ ਵਿੱਚ ਮੋਪਾਸਾਂ ਇੱਕ ਬੇਜੋੜ ਕਲਾਕਾਰ ਸੀ। ਇਹ ਮਹਾਨ ਫਰਾਂਸੀਸੀ ਕਲਾਕਾਰ ਜਿੱਥੇ ਇੱਕ ਪਾਸੇ 1870 ਤੋਂ 1890 ਵਿਚਕਾਰਲੇ ਫਰਾਂਸੀਸੀ ਜੀਵਨ ਦੇ ਚਿੱਤਰ ਨੂੰ ਵਿਰਾਟ ਕੈਨਵਸ 'ਤੇ ਉਲੀਕਦਾ ਹੈ, ਉਥੇ ਆਡੰਬਰੀ ਪੂੰਜੀਵਾਦ ਦੇ ਖੋਖਲੇਪਨ ਨੂੰ ਵੀ ਬੇਲਿਹਾਜ਼ ਹੋ ਕੇ ਉਜਾਗਰ ਕਰਦਾ ਹੈ। ਫਰਾਂਸੀਸੀ ਲੋਕਾਂ ਦੇ ਜੀਵਨ ਤੇ ਮਾਨਸਿਕਤਾ ਦੀ ਮੋਪਾਸਾਂ ਨੂੰ ਬੜੀ ਗਹਿਰੀ ਤੇ ਪ੍ਰਮਾਣਿਕ ਸਮਝ ਸੀ। ਸ਼ਾਇਦ ਇਹੀ ਕਾਰਨ ਹੈ ਕਿ ਉਸ ਨੇ ਕੰਜੂਸ ਕਿਸਾਨਾਂ, ਸ਼ਰਾਬੀ ਮਲਾਹਾਂ, ਭ੍ਰਿਸ਼ਟ ਇਸਤਰੀਆਂ ਤੇ ਹੋਛੇ ਕਲਰਕਾਂ ਦੇ ਜੀਵਨ ਦੀ ਆਤਮਿਕ ਨਿਰਾਸ਼ਾ, ਕਰੂਪਤਾ, ਨੀਰਸਤਾ ਤੇ ਦੁੱਖਾਂ ਦਾ ਚਿਤਰਣ ਵਾਸਤਵਿਕਤਾ ਤੋਂ ਵੀ ਜ਼ਿਆਦਾ ਵਾਸਤਵਿਕ ਰੂਪ ਵਿੱਚ ਕੀਤਾ ਹੈ। 'ਚਾਂਦਨੀ ਰਾਤ ਵਿੱਚ' ਉਸ ਦੀ ਇਕ ਬਿਹਤਰੀਨ ਮਨੋ-ਵਿਗਿਆਨਿਕ ਕਹਾਣੀ ਹੈ। ਸਾਹਿਤ ਦਾ ਸੱਚ ਸਰਬਵਿਆਪਕ ਸੱਚ ਹੁੰਦਾ ਹੈ। ਸ਼ਾਇਦ ਇਸੇ ਕਰ ਕੇ ਇਸ ਕਹਾਣੀ ਦਾ ਕੇਂਦਰੀ ਪਾਤਰ 'ਪਾਦਰੀ' ਸਹਿਜੇ ਹੀ ਕਿਸੇ ਵੀ ਧਰਮ ਦੇ ਅਤਿਅੰਤ ਨਿਸ਼ਠਾਵਾਨ ਪੁਜਾਰੀ ਨਾਲ ਮੇਲ ਖਾ ਜਾਂਦਾ ਹੈ। ਮੋਪਾਸਾਂ ਨੇ ਪਾਦਰੀ ਦੇ ਅੰਦਰਲੇ ਆਪੇ ਦੀ ਜਿਸ ਬਾਰੀਕੀ ਨਾਲ ਤਸਵੀਰ ਪੇਸ਼ ਕੀਤੀ ਹੈ ਤੇ ਜਿਸ ਖੂਬਸੂਰਤੀ ਨਾਲ ਉਸ ਦੇ ਤਮਾਮ ਅੰਤਰ ਵਿਰੋਧਾਂ ਤੇ ਦਵੰਦਾਂ ਸਹਿਤ ਉਸ ਦੀ ਸ਼ਖ਼ਸੀਅਤ ਨੂੰ ਫਰੋਲਿਆ ਹੈ, ਉਹ ਆਪਣੀ ਮਿਸਾਲ ਆਪ ਹੈ। ਉਮੀਦ ਹੈ 'ਨਵੀਂ ਦੁਨੀਆ' ਦੇ ਪਾਠਕਾਂ ਨੂੰ ਸਾਡੀ ਇਹ ਪੇਸ਼ਕਸ਼ ਪਸੰਦ ਆਵੇਗੀ।**

**(ਸੰਪਾਦਕ)**

'ਈਸ਼ਵਰ ਦਾ ਸਿਪਾਹੀ' ਨਾਂ ਦਿੱਤਾ ਗਿਆ ਸੀ ਪਾਦਰੀ ਮਰੀਅਨ ਨੂੰ ਤੇ ਉਹ ਇਸ ਨਾਂ ਦਾ ਹੱਕਦਾਰ ਵੀ ਸੀ। ਉਹ ਲੰਮਾ, ਦੁਬਲਾ ਪਤਲਾ ਪਾਦਰੀ ਸੀ। ਇਕ ਹੱਦ ਤਕ ਕੱਟੜ ਲੇਕਿਨ ਨਿਆਂਪੂਰਨ ਤੇ ਕੋਮਲ ਭਾਵਨਾਵਾਂ ਦਾ ਸੁਆਮੀ। ਉਸ ਦੇ ਸਾਰੇ ਵਿਸ਼ਵਾਸ ਅਤੇ ਧਾਰਨਾਵਾਂ ਅੱਟਲ ਸਨ।' ਉਸ ਦਾ ਵਿਸ਼ਵਾਸ ਸੀ ਕਿ ਉਹ ਭਗਵਾਨ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਉਹ ਭਗਵਾਨ ਦੀ ਮਨਸ਼ਾ, ਉਸ ਦੀਆਂ ਇੱਛਾਵਾਂ ਅਤੇ ਉਸ ਦੇ ਉਦੇਸ਼ਾਂ ਦੇ ਭੇਤ ਨੂੰ ਵੀ ਸਮਝਦਾ ਹੈ।

ਪਿੰਡ ਦੇ ਆਪਣੇ ਛੋਟੇ ਜਿਹੇ ਆਸ਼ਰਮ ਦੇ ਬਗੀਚੇ ਵਿੱਚ ਲੰਮੀਆ ਲੰਮੀਆਂ ਪੁਲਾਂਘਾਂ ਪੁੱਟਦਿਆਂ ਘੁੰਮਦੇ ਹੋਏ ਕਦੇ ਕਦੇ ਕਿਸੇ ਚੀਜ਼ ਨੂੰ ਦੇਖ ਕੇ ਉਸ ਦੇ ਮਨ ਵਿੱਚ ਇਹ ਪ੍ਰਸ਼ਨ ਉਛਲਦਾ : "ਈਸ਼ਵਰ ਨੇ ਇਸ ਨੂੰ ਕਿਉਂ ਬਣਾਇਆ ਹੈ? ਆਪਣੇ ਵਿਚਾਰਾਂ ਵਿੱਚ ਉਹ ਖੁਦ ਨੂੰ ਪ੍ਰਮਾਤਮਾ ਦੀ ਥਾਂ ਰੱਖਦਾ ਅਤੇ ਜ਼ਿੱਦੀ ਵਿਅਕਤੀ ਦੀ ਤਰ੍ਹਾਂ ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਲੱਭਣ ਲਗਦਾ। ਲਗਭਗ ਹਮੇਸ਼ਾ ਹੀ ਉਹ ਸੰਤੁਸ਼ਟ ਹੋ ਜਾਂਦਾ ਕਿ ਉਸ ਨੇ ਕਾਰਨ ਜਾਣ ਲਿਆ ਹੈ। ਉਹ ਉਨ੍ਹਾਂ ਵਿਚੋਂ ਨਹੀਂ ਸੀ ਜੋ ਸ਼ਰਧਾਪੂਰਨ ਨਿਮਰਤਾ ਨਾਲ ਬੁਲ੍ਹਾਂ 'ਚ ਕਹਿੰਦੇ ਹਨ, "ਹੇ ਭਗਵਾਨ, ਤੇਰੀ ਮਹਿਮਾ ਅਪਰ ਅਪਾਰ ਹੈ।' ਉਹ ਇਹੀ ਕਹਿੰਦਾ, "ਮੈਂ ਭਗਵਾਨ ਦਾ ਸੇਵਕ ਹਾਂ। ਮੈਨੂੰ ਇਹ ਜਾਣਨਾ ਚਾਹੀਦਾ ਹੈ ਕਿ ਜੋ ਉਹ ਕਰਦਾ ਹੈ ਉਸ ਦੇ ਪਿੱਛੇ ਕੀ ਕਾਰਨ ਹੈ ਅਤੇ ਜੇਕਰ ਮੈਨੂੰ ਨਹੀਂ ਪਤਾ ਤਾਂ ਮੈਨੂੰ ਅਨੁਮਾਨ ਲਾਉਣਾ ਚਾਹੀਦਾ ਹੈ।'

ਉਹ ਮੰਨਦਾ ਸੀ ਕਿ ਕੁਦਰਤ ਵਿਚ ਜੋ ਕੁੱਝ ਵੀ ਹੈ, ਉਸ ਦੇ ਪਿੱਛੇ ਕੋਈ ਨਾ ਕੋਈ ਨਿਸ਼ਚਿਤ ਤੇ ਸ਼ਲਾਘਾਯੋਗ ਕਾਰਨ ਹੈ। 'ਕਿਸ ਕਾਰਨ ਕਰਕੇ' ਅਤੇ 'ਕਿਉਂਕਿ' ਦੇ ਵਿੱਚ ਪੂਰਨ ਸੰਤੁਲਨ ਹੈ। ਸੂਰਜ ਦਾ ਉਦੈ ਹੋਣਾ ਤੁਹਾਨੂੰ ਜਗਾਉਣ ਲਈ ਹੈ ਤਾਂ ਫ਼ਸਲਾਂ ਦੇ ਪੱਕਣ ਲਈ, ਬਾਰਸ਼ ਤੇ ਸਿੰਚਾਈ ਲਈ ਅਤੇ ਸ਼ਾਮਾਂ ਸੌਣ ਦੀ ਤਿਆਰੀ ਲਈ ਬਣਾਈਆਂ ਗਈਆਂ ਹਨ ਅਤੇ ਰਾਤਾਂ ਨੂੰ ਸੌਣ ਲਈ ਹਨੇਰਾ ਕੀਤਾ ਗਿਆ ਹੈ। ਚਾਰ ਰੁੱਤਾਂ ਖੇਤੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬਣਾਈਆਂ ਗਈਆਂ ਹਨ। ਉਸ ਦੇ ਮਨ ਵਿੱਚ ਕਦੇ ਇਹ ਸੰਦੇਹ ਪੈਦਾ ਨਹੀਂ ਸੀ ਹੁੰਦਾ ਕਿ ਕੁਦਰਤ ਦਾ ਕੋਈ ਉਦੇਸ਼ ਨਹੀਂ ਹੈ ਬਲਕਿ ਇਸ ਦੇ ਉਲਟ, ਜੋ ਕੁੱਝ ਵੀ ਜੀਵਤ ਹੈ, ਉਸ ਨੇ ਖੁਦ ਨੂੰ ਵਿਭਿੰਨ ਸਮਿਆਂ, ਜਲਵਾਯੂ ਅਤੇ ਭੌਤਿਕ ਸਥਿਤੀਆਂ ਅਨੁਸਾਰ ਢਾਲ ਲਿਆ ਹੈ। ਲੇਕਿਨ ਔਰਤਾਂ ਨਾਲ ਸਖ਼ਤ ਨਫ਼ਰਤ ਸੀ ਪਾਦਰੀ ਨੂੰ। ਉਹ ਅਨਜਾਣੇ ਵਿੱਚ ਹੀ ਉਨ੍ਹਾਂ ਨੂੰ ਨਫ਼ਰਤ ਕਰਦਾ ਸੀ। ਆਪਣੀ ਸਹਿਜ ਪ੍ਰਵਿਰਤੀ ਅਨੁਸਾਰ ਉਹ ਉਨ੍ਹਾਂ ਨੂੰ ਤੁਛ ਸਮਝਦਾ ਸੀ। ਉਹ ਈਸਾ ਦੇ ਇਨ੍ਹਾਂ ਸ਼ਬਦਾਂ ਨੂੰ ਅਕਸਰ ਦੁਹਰਾਉਂਦਾ, "ਔਰਤ, ਤੇਰੇ ਨਾਲ ਮੇਰਾ ਕੀ ਲੈਣਾ-ਦੇਣਾ?'' ਉਹ ਕਹਿੰਦਾ, "ਇਹ ਕਿਹਾ ਜਾ ਸਕਦਾ ਹੈ ਕਿ ਈਸ਼ਵਰ ਖੁਦ ਆਪਣੀ ਇਸ ਰਚਨਾ ਨੂੰ ਦੇਖ ਕੇ ਪਛਤਾਇਆ ਹੋਵੇਗਾ।'' ਔਰਤ ਉਸ ਦੇ ਲਈ ਕਵੀ ਦੇ ਸ਼ਬਦਾਂ ਵਿੱਚ 'ਬਾਰਾਂ ਗੁਣਾਂ ਗੰਦੀ ਸੰਤਾਨ' ਸੀ। ਇਹ ਉਹ ਪ੍ਰਾਣੀ ਸੀ ਜੋ ਸ਼ਕਤੀਹੀਣ, ਪਰ ਖ਼ਤਰਨਾਕ ਅਤੇ ਰਹੱਸਮਈ ਮੁਸੀਬਤਾਂ ਪੈਦਾ ਕਰਨ ਦੇ ਸਮਰੱਥ ਸੀ। ਉਹ ਔਰਤ ਦੇ ਜ਼ਹਿਰੀਲੇ ਰੂਪ ਤੋਂ ਜ਼ਿਆਦਾ ਉਸ ਦੇ ਪ੍ਰੇਮੀ ਹਿਰਦੇ ਨਾਲ ਨਫ਼ਰਤ ਕਰਦਾ ਸੀ। ਉਸ ਨੂੰ ਅਕਸਰ ਲਗਦਾ ਸੀ ਕਿ ਇਸਤਰੀਆਂ ਦੀ ਕੋਮਲਤਾ ਉਸ ਉਪਰ ਹਮਲਾ ਕਰ ਰਹੀ ਹੈ। ਹਾਲਾਂਕਿ ਉਹ ਖੁਦ ਨੂੰ ਅਜਿੱਤ ਸਮਝਦਾ ਸੀ ਪਰ ਉਹ ਉਨ੍ਹਾਂ ਦੇ ਦਿਲਾਂ ਵਿੱਚ ਹਮੇਸ਼ਾ ਚੁਲਬੁਲੀ ਪਿਆਰ ਦੀ ਭੁੱਖ ਨਾਲ ਵਿਆਕੁਲ ਰਹਿੰਦਾ ਸੀ। ਉਸ ਦੇ ਮੁਤਾਬਕ, ਭਗਵਾਨ ਨੇ ਪੁਰਸ਼ ਨੂੰ ਲੁਭਾਉਣ ਲਈ ਅਤੇ ਉਸ ਦੀ ਪ੍ਰੀਖਿਆ ਦੀ ਕਸੌਟੀ 'ਤੇ ਪਰਖਣ ਲਈ ਹੀ ਇਸਤਰੀ ਨੂੰ ਬਣਾਇਆ ਹੈ। ਪੁਰਸ਼ ਨੂੰ ਔਰਤ ਦੇ ਨੇੜੇ ਉਦੋਂ ਤਕ ਨਹੀਂ ਜਾਣਾ ਚਾਹੀਦਾ ਜਦ ਤਕ ਉਹ ਸੁਰੱਖਿਆ ਦੇ ਸਾਰੇ ਉਪਾਅ ਨਾ ਅਪਣਾ ਲਵੇ। ਪੁਰਸ਼ ਦੇ ਲਈ ਬਾਹਾਂ ਫੈਲਾਉਂਦੀ ਤੇ ਹੋਠ ਖੋਲ੍ਹਦੀ ਹੋਈ ਇਸਤਰੀ ਇੱਕ ਫੰਦੇ ਤੋਂ ਸਿਵਾ ਹੋਰ ਕੁੱਝ ਵੀ ਨਹੀਂ ਸੀ।

ਉਹ ਕੇਵਲ ਸਾਧਵੀਆਂ ਨੂੰ ਹੀ ਬਰਦਾਸ਼ਤ ਕਰ ਸਕਦਾ ਸੀ ਕਿਉਂਕਿ ਉਹ ਆਪਣੀ ਸੌਗੰਧ ਨਾਲ ਬੰਨ੍ਹੀਆਂ ਹੋਣ ਕਾਰਨ ਹਾਨੀ ਰਹਿਤ ਸਨ। ਫਿਰ ਵੀ ਉਨ੍ਹਾਂ ਨਾਲ ਰੁੱਖਾ ਵਰਤਾਉ ਕਰਦਾ ਸੀ ਕਿਉਂਕਿ ਉਨ੍ਹਾਂ ਦੇ ਜ਼ੰਜੀਰਾਂ ਨਾਲ ਬੰਨ੍ਹੇ ਹੋਏ ਅਤੇ ਸੰਜਮੀ ਹਿਰਦੇ ਵਿੱਚ ਵੀ ਉਸ ਨੂੰ ਕਿਤੇ ਨਾ ਕਿਤੇ ਸਾਖਿਆਤ ਕੋਮਲਤਾ ਨਜ਼ਰ ਆ ਜਾਂਦੀ ਜੋ ਉਹਦੇ ਤਕ ਵੀ ਹੱਥ ਫੈਲਾਉਂਦੀ ਸੀ, ਜਦਕਿ ਉਹ ਇਕ ਪਾਦਰੀ ਸੀ।

ਉਸ ਦੀ ਇੱਕ ਭਾਣਜੀ ਸੀ ਜੋ ਆਪਣੀ ਮਾਂ ਦੇ ਨਾਲ ਨੇੜੇ ਹੀ ਇੱਕ ਛੋਟੇ ਜਿਹੇ ਮਕਾਨ ਵਿੱਚ ਰਹਿੰਦੀ ਸੀ। ਉਹ ਉਸ ਨੂੰ ਸਾਧਵੀ ਬਣਾਉਣਾ ਚਾਹੁੰਦਾ ਸੀ। ਉਹ ਬਹੁਤ ਹੀ ਪਿਆਰੀ ਅਤੇ ਚੰਚਲ ਸੀ ਅਤੇ ਬੇਹੱਦ ਸ਼ਰਾਰਤੀ ਵੀ। ਜਦ ਪਾਦਰੀ ਧਾਰਮਿਕ ਉਪਦੇਸ਼ ਦਿੰਦਾ ਤਾਂ ਉਹ ਹੱਸਦੀ। ਪਾਦਰੀ ਗੁੱਸੇ ਹੁੰਦਾ ਤਾਂ ਉਹ ਉਸ ਨੂੰ ਕੱਸ ਕੇ ਫੜਦੀ, ਚੁੰਮਦੀ ਤੇ ਲਿਪਟ ਜਾਂਦੀ ਜਦਕਿ ਉਹ ਆਪਣੇ ਆਪ ਨੂੰ ਉਸ ਦੀ ਪਕੜ ਤੋਂ ਛੁਡਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ। ਫਿਰ ਵੀ ਉਸ ਨੂੰ ਇਕ ਸੁਖਦ ਅਹਿਸਾਸ ਹੁੰਦਾ ਅਤੇ ਉਸ ਦੇ ਅੰਦਰ ਇੱਕ ਪਿਤਾ ਭਾਵਨਾ ਜਾਗ ਉੱਠਦੀ ਜੋ ਹਰੇਕ ਪੁਰਸ਼ ਦੇ ਦਿਲ ਵਿੱਚ ਸੁੱਤੀ ਰਹਿੰਦੀ ਹੈ।

ਅਕਸਰ ਉਹ ਖੇਤਾਂ ਦੀਆਂ ਵੱਟਾਂ ਉਪਰ ਉਸਦੇ ਨਾਲ ਘੁੰਮਦਾ ਹੋਇਆ ਈਸ਼ਵਰ ਦੀਆਂ ਗੱਲਾਂ ਕਰਦਾ ਰਹਿੰਦਾ। ਉਹ ਉਨ੍ਹਾਂ ਗੱਲਾਂ ਵੱਲ ਜ਼ਰਾ ਧਿਆਨ ਨਾ ਦਿੰਦੀ ਅਤੇ ਆਕਾਸ਼, ਘਾਹ ਤੇ ਫੁੱਲਾਂ ਨੂੰ ਦੇਖਦੀ ਰਹਿੰਦੀ ਸੀ। ਕਦੇ ਕਦੇ ਭੱਜ ਕੇ ਉਹ ਕੋਈ ਤਿਤਲੀ ਫੜ ਲੈਂਦੀ ਅਤੇ ਖ਼ੁਸ਼ੀ ਨਾਲ ਚੀਖ ਕੇ ਕਹਿੰਦੀ, 'ਦੇਖੋ ਅੰਕਲ ਕਿੰਨੀ ਪਿਆਰੀ ਹੈ ਇਹ! ਮੈਂ ਇਸ ਨੂੰ ਚੁੰਮਣਾ ਚਾਹੁੰਦੀ ਹਾਂ।'' ਤਿਤਲੀਆਂ ਜਾਂ ਫੁੱਲਾਂ ਨੂੰ ਚੁੰਮਣ ਦੀ ਇੱਛਾ ਨਾਲ ਪਾਦਰੀ ਫਿਰਕਮੰਦ ਹੁੰਦਾ, ਚਿੜ੍ਹ ਜਾਂਦਾ ਅਤੇ ਕਦੇ ਕਦੇ ਬੇਹੱਦ ਗੁੱਸੇ ਵੀ ਹੋ ਜਾਂਦਾ। ਇਸ ਵਿੱਚ ਵੀ ਉਸ ਨੂੰ ਅਮਿੱਟ ਕੋਮਲਤਾ ਦਿਖਾਈ ਦਿੰਦੀ ਜੋ ਹਮੇਸ਼ਾ ਇਸਤਰੀਆਂ ਦੇ ਹਿਰਦੇ ਵਿੱਚ ਪੈਦਾ ਹੁੰਦੀ ਰਹਿੰਦੀ ਹੈ।

ਇੱਕ ਦਿਨ ਗਿਰਜਾਘਰ ਦੀ ਦੇਖਭਾਲ ਕਰਨ ਵਾਲੇ ਸੇਵਕ ਦੀ ਪਤਨੀ ਨੇ ਪਾਦਰੀ ਨੂੰ ਹੌਲੀ ਜਿਹੇ ਦੱਸਿਆ ਕਿ ਉਸ ਦੀ ਭਾਣਜੀ ਦਾ ਇਕ ਪ੍ਰੇਮੀ ਹੈ। ਪਾਦਰੀ ਦੇ ਚਿਹਰੇ 'ਤੇ ਦਾੜ੍ਹੀ ਬਣਾਉਣ ਲਈ ਸਾਬਣ ਲੱਗਿਆ ਹੋਇਆ ਸੀ। ਉਹ ਇਹ ਸੁਣ ਕੇ ਗੁੱਸੇ ਵਿੱਚ ਇਕਦਮ ਖੜਾ ਹੋ ਗਿਆ। ਉਤੇਜਿਤ ਹੋਏ ਦੇ ਉਸ ਦੇ ਮੂੰਹੋਂ ਸ਼ਬਦ ਨਹੀਂ ਸਨ ਨਿੱਕਲ ਰਹੇ।

ਜਦ ਉਸ ਦੇ ਸੋਚਣ ਅਤੇ ਬੋਲਣ ਦੀ ਸ਼ਕਤੀ ਵਾਪਸ ਪਰਤੀ ਤਾਂ ਉਹ ਚੀਖਿਆ, "ਇਹ ਸੱਚ ਨਹੀਂ ਹੈ, ਤੂੰ ਝੂਠ ਬੋਲ ਰਹੀ ਏਂ, ਮੇਲਾਨੀ!'' ਸੇਵਕ ਦੀ ਪਤਨੀ ਨੇ ਆਪਣਾ ਹੱਥ ਦਿਲ 'ਤੇ ਰਖਦੇ ਹੋਏ ਕਿਹਾ, "ਜੇਕਰ ਮੈਂ ਝੂਠ ਬੋਲ ਰਹੀ ਹਾਂ ਤਾਂ ਇਸ ਦੀ ਸਜ਼ਾ ਭਗਵਾਨ ਮੈਨੂੰ ਦੇਵੇ। ਮੈਂ ਸੱਚ ਕਹਿੰਦੀ ਹਾਂ, ਹਰ ਸ਼ਾਮ ਜਦ ਤੁਹਾਡੀ ਭੈਣ ਸੌਣ ਚਲੇ ਜਾਂਦੀ ਹੈ ਉਦੋਂ ਉਹ ਆਪਣੇ ਪ੍ਰੇਮੀ ਦੇ ਕੋਲ ਜਾਂਦੀ ਹੈ। ਉਹ ਦੋਵੇਂ ਨਦੀ ਦੇ ਕੋਲ ਮਿਲਦੇ ਹਨ। ਤੁਸੀਂ 10 ਵਜੇ ਤੋਂ ਅੱਧੀ ਰਾਤ ਦੇ ਦਰਮਿਆਨ ਉਥੇ ਜਾ ਕੇ ਦੇਖੋਗੇ ਤਾਂ ਸਚਾਈ ਦਾ ਪਤਾ ਲੱਗ ਜਾਵੇਗਾ।'' ਉਸ ਨੇ ਆਪਣੀ ਠੋਡੀ ਖੁਰਕਣੀ ਬੰਦ ਕਰ ਦਿੱਤੀ ਅਤੇ ਕਮਰੇ ਵਿੱਚ ਤੇਜ਼ੀ ਨਾਲ ਟਹਿਲਣ ਲਗਾ। ਉਹ ਡੂੰਘੀ ਸੋਚ ਦੇ ਸਮੇਂ ਅਜਿਹਾ ਹੀ ਕਰਦਾ ਸੀ। ਜਦ ਉਸ ਨੇ ਫਿਰ ਦਾੜ੍ਹੀ ਬਣਾਉਣੀ ਸ਼ੁਰੂ ਕੀਤੀ ਤਾਂ ਖੁਦ ਨੂੰ ਨੱਕ ਤੋਂ ਲੈ ਕੇ ਕੰਨ ਤੱਕ ਤਿੰਨ ਵਾਰ ਕੱਟ ਲਿਆ। ਦਿਨ ਭਰ ਉਹ ਗੁੱਸੇ ਨਾਲ ਭਰਿਆ ਪੀਤਾ ਚੁੱਪਚਾਪ ਰਿਹਾ। ਪ੍ਰੇਮ ਦੀ ਸ਼ਕਤੀ ਦੇ ਖ਼ਿਲਾਫ਼ ਉਸ ਦੇ ਪਾਦਰੀਆਂ ਵਾਲੇ ਜੋਸ਼ ਦੇ ਨਾਲ ਹੁਣ ਇੱਕ ਪਿਤਾ ਦਾ, ਅਧਿਆਪਕ ਦਾ, ਰੂਹਾਂ ਦੇ ਰੱਖਿਅਕ ਦਾ ਕ੍ਰੋਧ ਵੀ ਜੁੜ ਗਿਆ ਸੀ, ਜਿਸ ਦੀਆਂ ਭਾਵਨਾਵਾਂ ਨਾਲ ਇੱਕ ਬੱਚੀ ਨੇ ਖਿਲਵਾੜ ਕੀਤਾ ਸੀ, ਧੋਖਾ ਕੀਤਾ ਸੀ। ਉਸ ਨੂੰ ਵੀ ਉਹੋ ਜਿਹਾ ਹੀ ਅਣਖ ਵੰਗਾਰਣ ਵਾਲਾ ਦੁੱਖ ਹੋਇਆ ਜੋ ਉਨ੍ਹਾਂ ਮਾਪਿਆਂ ਨੂੰ ਹੁੰਦਾ ਹੈ ਜਿਨ੍ਹਾਂ ਦੀਆਂ ਬੇਟੀਆਂ ਐਲਾਨ ਕਰ ਦਿੰਦੀਆਂ ਹਨ ਕਿ ਉਸ ਨੇ ਉਨ੍ਹਾਂ ਦੀ ਸਲਾਹ ਤੋਂ ਬਿਨਾਂ ਜਾਂ ਉਨ੍ਹਾਂ ਦੀ ਸਲਾਹ ਦੇ ਖ਼ਿਲਾਫ਼ ਆਪਣਾ ਪਤੀ ਚੁਣ ਲਿਆ ਹੈ।

ਰਾਤ ਦੇ ਖਾਣੇ ਤੋਂ ਬਾਅਦ ਉਸ ਨੇ ਕੁੱਝ ਪੜ੍ਹਨ ਦੀ ਕੋਸ਼ਿਸ਼ ਕੀਤੀ ਪਰ ਉਸ ਦਾ ਮਨ ਪੜਨ ਵਿੱਚ ਵੀ ਨਹੀਂ ਲੱਗਾ। ਉਸ ਦਾ ਗੁੱਸਾ ਹੌਲੀ ਹੌਲੀ ਵਧਦਾ ਜਾ ਰਿਹਾ ਸੀ। ਉਸ ਨੇ ਦਸ ਵਜੇ ਆਪਣੀ ਸੋਟੀ ਉਠਾ ਲਈ। ਇਹ ਓਕ ਦੀ ਬਣੀ ਹੋਈ ਇੱਕ ਮਜ਼ਬੂਤ ਲਾਠੀ ਸੀ ਅਤੇ ਰਾਤ ਸਮੇਂ ਜਦੋਂ ਉਸ ਨੇ ਕਿਸੇ ਮਰੀਜ਼ ਨੂੰ ਦੇਖਣ ਜਾਣਾ ਹੁੰਦਾ ਸੀ ਤਾਂ ਉਹ ਇਸ ਨੂੰ ਬਾਹਰ ਲੈ ਕੇ ਨਿਕਲਦਾ ਸੀ। ਉਸ ਨੇ ਮੁਸਕਰਾਉਂਦੇ ਹੋਏ ਆਪਣੀ ਮਜ਼ਬੂਤ ਮੁੱਠੀ 'ਚ ਫੜੇ ਉਸ ਭਾਰੀ ਭਰਕਮ ਡੰਡੇ ਨੂੰ ਦੇਖਿਆ ਅਤੇ ਹਵਾ ਵਿੱਚ ਲਹਿਰਾਇਆ। ਫਿਰ ਗੁੱਸੇ ਨਾਲ ਦੰਦ ਪੀਂਹਦੇ ਹੋਏ ਉਸ ਨੇ ਸੋਟੀ ਨੂੰ ਕੁਰਸੀ 'ਤੇ ਜੜ੍ਹ ਦਿੱਤਾ ਜਿਸ ਨਾਲ ਉਸ ਦੀ ਢੋਅ ਦੋ ਭਾਗਾਂ 'ਚ ਵੰਡੀ ਗਈ।

ਉਸ ਨੇ ਬਾਹਰ ਜਾਣ ਲਈ ਦਰਵਾਜ਼ਾ ਖੋਲ੍ਹਿਆ ਪਰ ਦਹਿਲੀਜ਼ 'ਤੇ ਹੀ ਰੁਕ ਗਿਆ। ਬਾਹਰ ਅਜਿਹੀ ਅਦਭੁੱਤ ਚਾਂਦਨੀ ਬਿਖਰੀ ਹੋਈ ਸੀ ਜਿਹੋ ਜਿਹੀ ਕਦੇ ਕਦਾਈਂ ਹੀ ਦਿਖਾਈ ਦਿੰਦੀ ਹੈ। ਉਹ ਇਕ ਕੋਮਲ ਆਤਮਾ ਦਾ ਸੁਆਮੀ ਸੀ। ਅਜਿਹੀ ਆਤਮਾ ਜਿਹੜੀ ਪੁਰਾਣੇ ਸੰਤ ਕਵੀਆਂ ਦੀ ਹੁੰਦੀ ਹੋਵੇਗੀ ਅਤੇ ਇਸ ਪੀਲੀ ਚਾਂਦਨੀ ਦੇ ਪ੍ਰਭਾਵਸ਼ਾਲੀ ਅਤੇ ਸ਼ਾਂਤ ਸੁਹਜ ਨੇ ਉਸ ਨੂੰ ਅਚਾਨਕ ਨਰਮ ਕਰ ਦਿੱਤਾ। ਉਸ ਦੇ ਛੋਟੇ ਜਿਹੇ ਬਗੀਚੇ ਦੇ ਫਲਦਾਰ ਬਿਰਖ ਕੋਮਲ ਤੇ ਸੀਤਲ ਚਾਂਦਨੀ 'ਚ ਨਿਖਰੇ ਹੋਏ ਸਨ ਅਤੇ ਘਰ ਦੀ ਦੀਵਾਰ 'ਤੇ ਫੈਲੀ ਹੋਈ ਵੇਲ ਦੀ ਸੁਗੰਧ ਨਾਲ ਪੂਰਾ ਬਗੀਚਾ ਮਹਿਕ ਰਿਹਾ ਸੀ।

ਉਹ ਡੂੰਘੇ ਸਾਹ ਲੈਣ ਲੱਗਾ। ਉਹ ਹਵਾ ਨੂੰ ਉਵੇਂ ਹੀ ਪੀ ਰਿਹਾ ਸੀ, ਜਿਵੇਂ ਕੋਈ ਸ਼ਰਾਬੀ ਸ਼ਰਾਬ ਪੀਂਦਾ ਹੈ। ਮੁਗਧ, ਹੈਰਾਨੀ ਭਾਵ ਨਾਲ ਉਹ ਹੌਲੀ ਹੌਲੀ ਚੱਲ ਪਿਆ, ਭਾਣਜੀ ਦਾ ਖ਼ਿਆਲ ਕਿਤੇ ਪਿੱਠ ਭੂਮੀ ਵਿੱਚ ਚਲਾ ਗਿਆ। ਜਿਉਂ ਹੀ ਉਹ ਖੁਲ੍ਹੇ ਮੈਦਾਨ ਵਿੱਚ ਪਹੁੰਚਿਆ, ਉਹ ਇਸ ਮਸਤ ਕਰ ਦੇਣ ਵਾਲੀ ਸ਼ਾਂਤ ਅਤੇ ਮਦਹੋਸ਼ ਰਾਤ ਦੇ ਜਾਦੂ ਤੋਂ ਨਾ ਬਚ ਸਕਿਆ। ਉਹ ਇਕ ਜਗ੍ਹਾ ਰੁਕ ਕੇ ਦੇਖਣ ਲੱਗਾ। ਡੱਡੂਆਂ ਨੇ ਆਪਣੇ ਸ਼ੋਰ ਨਾਲ ਪੂਰੇ ਵਾਤਾਵਰਣ ਨੂੰ ਗੂੰਜਾ ਰੱਖਿਆ ਸੀ ਅਤੇ ਚਾਂਦਨੀ ਦੇ ਜਾਦੂ ਤੋਂ ਪ੍ਰੇਰਿਤ ਬੁਲਬਲਾਂ ਦਾ ਉਹ ਸੰਗੀਤ ਦੂਰ ਤੋਂ ਆ ਰਿਹਾ ਸੀ ਜਿਸ ਨੂੰ ਸੁਣ ਕੇ ਵਿਚਾਰ ਨਹੀਂ ਬਲਕਿ ਸੁਪਨੇ ਹੀ ਜਾਗਦੇ ਹਨ, ਇੱਕ ਅਜਿਹੀ ਮਧੁਰ ਅਤੇ ਜੀਵੰਤ ਸੁਰ ਲਹਿਰ ਜਿਸ ਦੀ ਧੁਨ ਚੁੰਮਣਾਂ ਦੇ ਲਈ ਹੀ ਹੁੰਦੀ ਹੈ।

ਪਾਦਰੀ ਚੱਲ ਪਿਆ, ਲੇਕਿਨ ਪਤਾ ਨਹੀਂ ਕਿਉਂ ਉਸ ਦਾ ਹੌਂਸਲਾ ਜਵਾਬ ਦੇ ਰਿਹਾ ਸੀ। ਪਾਦਰੀ ਨੂੰ ਅਚਾਨਕ ਹੀ ਥਕਾਵਟ ਮਹਿਸੂਸ ਹੋਣ ਲੱਗੀ। ਉਹ ਕਿਤੇ ਬੈਠ ਜਾਣਾ ਚਾਹੁੰਦਾ ਸੀ, ਠਹਿਰ ਕੇ ਈਸ਼ਵਰ ਦੀ ਇਸ ਰਚਨਾ ਦਾ ਅਨੰਦ ਮਾਣਨਾ ਚਾਹੁੰਦਾ ਸੀ। ਹੇਠਾਂ ਵਲ ਖਾਂਦੀ ਨਦੀ ਦੇ ਕਿਨਾਰੇ ਕਿਨਾਰੇ ਪਾਪੂਲਰ ਦੇ ਰੁੱਖਾਂ ਦੀ ਕਤਾਰ ਸੀ। ਤਟ ਉਪਰ ਅਤੇ ਉਸ ਦੇ ਆਸਪਾਸ ਕੋਹਰੇ ਦੀ ਸਫੈਦ ਅਤੇ ਪਾਰਦਰਸ਼ੀ ਚਾਦਰ ਸੀ, ਜਿਸ ਵਿਚੋਂ ਗੁਜਰਦੀਆਂ ਚੰਦ ਦੀਆਂ ਕਿਰਨਾਂ ਚਾਂਦੀ ਵਾਂਗ ਝਿਲਮਿਲਾ ਰਹੀਆਂ ਸਨ। ਪਾਦਰੀ ਫਿਰ ਰੁਕ ਗਿਆ, ਉਸ ਅੰਦਰ ਭਾਵਨਾਵਾਂ ਜ਼ੋਰ ਫੜਨ ਲੱਗੀਆਂ ਸਨ। ਇੱਕ ਸੰਦੇਹ, ਇੱਕ ਅਨਿਸ਼ਚਿਤ ਅਸਹਿਜਤਾ ਉਸ ਉਪਰ ਹਾਵੀ ਹੋ ਗਈ। ਉਸ ਨੂੰ ਅਕਸਰ ਤੰਗ ਕਰਨ ਵਾਲਾ ਪ੍ਰਸ਼ਨ ਫਿਰ ਤੋਂ ਉਸ ਦੇ ਮਨ ਅੰਦਰ ਉਠ ਰਿਹਾ ਸੀ। ਈਸ਼ਵਰ ਨੇ ਅਜਿਹਾ ਕਿਉਂ ਕੀਤਾ? ਜੇਕਰ ਰਾਤ ਸੌਣ ਲਈ, ਅਚੇਤਨਤਾ ਲਈ, ਆਰਾਮ ਕਰਨ ਲਈ, ਹਰ ਚੀਜ਼ ਨੂੰ ਭੁੱਲ ਜਾਣ ਲਈ ਹੈ ਤਾਂ ਇਸ ਨੂੰ ਦਿਨ ਤੋਂ ਜ਼ਿਆਦਾ ਆਕਰਸ਼ਤ ਅਤੇ ਸੂਰਜ ਉਦੇ ਤੇ ਸੂਰਜ ਅਸਤ ਤੋਂ ਜ਼ਿਆਦਾ ਮਨਮੋਹਕ ਕਿਉਂ ਬਣਾਇਆ ਗਿਆ? ਅਤੇ ਇਹ ਸ਼ਾਂਤ, ਮਨਮੋਹਕ ਚੰਦਰਮਾ, ਜੋ ਸੂਰਜ ਤੋਂ ਜ਼ਿਆਦਾ ਕਾਵਿਮਈ ਅਤੇ ਵਿਚਾਰਸ਼ੀਲ ਹੈ, ਕਿਉਂ ਬਣਾਇਆ ਗਿਆ ਹੈ ਇਸ ਨੂੰ? ਸਭ ਤੋਂ ਸੁਰੀਲਾ ਗਾਉਣ ਵਾਲਾ ਪੰਛੀ ਬਾਕੀਆਂ ਦੀ ਤਰ੍ਹਾਂ ਰਾਤ ਨੂੰ ਸੌਂ ਕਿਉਂ ਨਹੀਂ ਜਾਂਦਾ? ਸੰਸਾਰ ਦੇ ਉਪਰ ਇਹ ਅੱਧਾ ਘੁੰਢ ਕਿਉਂ ਹੈ? ਕਿਉਂ ਹੈ ਹਿਰਦੇ ਦੀ ਇਹ ਥਰਥਰਾਹਟ, ਮਨ ਵਿੱਚ ਉਮੜਦੇ ਭਾਵ, ਸਰੀਰ ਦੀ ਇਹ ਸਿਥਲਤਾ? ਇਹ ਮੁਗਧਮਈ ਪ੍ਰਦਰਸ਼ਨ ਇਸ ਲਈ ਕਿਉਂਕਿ ਰਾਤ ਸੌਣ ਲਈ ਬਣੀ ਹੈ? ਆਖ਼ਰ ਕਿਸਦੇ ਲਈ ਇਹ ਅਲੌਕਿਕ ਦ੍ਰਿਸ਼ ਅਤੇ ਕਿਸ ਦੇ ਲਈ ਕਾਵਿਕਤਾ ਦੀ ਇਹ ਧਾਰਾ ਸਵਰਗ ਤੋਂ ਧਰਤੀ ਉਪਰ ਉਤਾਰੀ ਗਈ ਹੈ?

ਪਾਦਰੀ ਇਨ੍ਹਾਂ ਗੱਲਾਂ ਨੂੰ ਬਿਲਕੁਲ ਸਮਝ ਨਹੀਂ ਸੀ ਪਾ ਰਿਹਾ ਪਰ ਉਸੇ ਸਮੇਂ ਹੇਠਾਂ ਚਰਾਂਦ ਦੇ ਦੂਜੇ ਸਿਰੇ ਉਪਰ ਉਸ ਨੂੰ ਹੱਥ 'ਚ ਹੱਥ ਪਾ ਕੇ ਚੱਲਦੇ ਦੋ ਪਰਛਾਵੇਂ ਨਜ਼ਰ ਆਏ ਜੋ ਕੋਹਰੇ ਦੀ ਚਮਕੀਲੀ ਚਾਦਰ ਨਾਲ ਢਕੇ ਦਰਖ਼ਤਾਂ ਦੇ ਚੰਦੋਏ ਦੇ ਹੇਠਾਂ ਚੱਲ ਰਹੇ ਸਨ। ਪੁਰਸ਼ ਲੰਮਾ ਸੀ ਅਤੇ ਉਸ ਦਾ ਹੱਥ ਆਪਣੀ ਸਾਥਣ ਦੇ ਗਲ ਦੁਆਲੇ ਵਲਿਆ ਹੋਇਆ ਸੀ। ਥੋੜ੍ਹੀ ਥੋੜ੍ਹੀ ਦੇਰ ਬਾਅਦ ਉਹ ਉਸਦਾ ਦਾ ਮੱਥਾ ਚੁੰਮ ਲੈਂਦਾ ਸੀ। ਉਹ ਇਸ ਨਿਰਜੀਵ ਦ੍ਰਿਸ਼ ਵਿੱਚ ਰੂਹ ਫੂਕ ਰਹੇ ਸਨ, ਜਿਸ ਨੇ ਉਨ੍ਹਾਂ ਨੂੰ ਘੇਰਿਆ ਹੋਇਆ ਸੀ। ਉਹ ਦੋਵੇਂ ਮਿਲ ਕੇ ਇਕ ਹੀ ਲੱਗ ਰਹੇ ਸਨ ਅਤੇ ਇਸ ਤਰ੍ਹਾਂ ਲਗਦਾ ਸੀ ਕਿ ਇਹ ਸ਼ਾਂਤ ਅਤੇ ਖਾਮੋਸ਼ ਰਾਤ ਉਨ੍ਹਾਂ ਦੇ ਲਈ ਹੀ ਬਣੀ ਹੈ। ਉਹ ਪਾਦਰੀ ਦੇ ਪ੍ਰਸ਼ਨ ਦੇ ਜੀਵੰਤ ਉੱਤਰ ਦੀ ਤਰ੍ਹਾਂ ਉਹਦੇ ਵੱਲ ਆ ਰਹੇ ਸਨ।

ਉਹ ਭਾਵੁਕ ਹੋਇਆ ਉਥੇ ਅਹਿੱਲ ਖੜਾ ਰਿਹਾ, ਉਸ ਦਾ ਦਿਲ ਜ਼ੋਰ ਨਾਲ ਧੜਕ ਰਿਹਾ ਸੀ। ਉਸ ਨੂੰ ਇਹ ਸਭ ਕੁੱਝ ਬਾਈਬਲ ਦੀਆਂ ਕਹਾਣੀਆਂ ਵਾਂਗ ਲੱਗ ਰਿਹਾ ਸੀ, ਬਿਲਕੁਲ ਰਥ ਅਤੇ ਬੋਜ਼ ਦੀ ਪ੍ਰੇਮ ਕਹਾਣੀ ਦੀ ਤਰ੍ਹਾਂ। ਉਸ ਦੇ ਦਿਮਾਗ ਵਿੱਚ ਉਨ੍ਹਾਂ ਗੀਤਾਂ ਤੇ ਕਵਿਤਾਵਾਂ ਦੀਆਂ ਪੰਕਤੀਆਂ ਗੂੰਜ ਰਹੀਆਂ ਸਨ ਜਿਨ੍ਹਾਂ ਦਾ ਇਕ ਇਕ ਸ਼ਬਦ ਪ੍ਰੇਮ ਅਤੇ ਦਿਆਲਤਾ ਨਾਲ ਭਰਪੂਰ ਹੁੰਦਾ ਹੈ ਅਤੇ ਉਸ ਨੇ ਖ਼ੁਦ ਨੂੰ ਕਿਹਾ, 'ਸ਼ਾਇਦ ਈਸ਼ਵਰ ਨੇ ਅਜਿਹੀਆਂ ਰਾਤਾਂ ਇਸ ਲਈ ਬਣਾਈਆਂ ਹਨ ਤਾਂ ਕਿ ਮਨੁੱਖ ਦੇ ਪ੍ਰੇਮ ਨੂੰ ਆਪਣੇ ਆਦਰਸ਼ਾਂ ਦਾ ਲਿਬਾਸ ਦੇ ਸਕੇ।' ਉਹ ਉਨ੍ਹਾਂ ਦੋਵਾਂ ਦੇ ਸਾਹਮਣਿਉਂ ਹਟ ਗਿਆ ਜੋ ਹੱਥ 'ਚ ਹੱਥ ਪਾਈ ਤੁਰੇ ਆ ਰਹੇ ਸਨ। ਉਹ ਵਾਕਿਆ ਹੀ ਉਸ ਦੀ ਭਾਣਜੀ ਸੀ। ਉਸ ਨੇ ਆਪਣੇ ਆਪ ਨੂੰ ਪੁੱਛਿਆ ਕਿ ਕੀ ਉਹ ਈਸ਼ਵਰ ਦੀ ਅਵੱਗਿਆ ਕਰਨ ਨਹੀਂ ਜਾ ਰਿਹਾ ਸੀ? ਈਸ਼ਵਰ ਜੇਕਰ ਪ੍ਰੇਮ ਨੂੰ ਅਜਿਹੀ ਭਾਵਪੂਰਨਤਾ ਵਿੱਚ ਪ੍ਰਗਟਾਉਂਦਾ ਹੈ ਤਾਂ ਕੀ ਇਸ ਦਾ ਅਰਥ ਇਹ ਨਹੀਂ ਕਿ ਉਹ ਇਸ ਦੀ ਇਜਾਜ਼ਤ ਦਿੰਦਾ ਹੈ? ਉਹ ਹੈਰਾਨ ਤੇ ਸ਼ਰਮਸਾਰ ਹੋ ਕੇ ਉਥੋਂ ਅਜਿਹਾ ਭੱਜਿਆ, ਜਿਵੇਂ ਉਸ ਨੇ ਕਿਸੇ ਅਜਿਹੇ ਮੰਦਰ ਵਿੱਚ ਪ੍ਰਵੇਸ਼ ਕਰ ਲਿਆ ਹੋਵੇ, ਜਿਸ ਵਿੱਚ ਉਸ ਨੂੰ



# ਮੈਂ ਨਾਰੀਵਾਦੀ ਹਾਂ

**ਸਿਮੋਨ ਦ ਬੋਵੁਆਰ ਨਾਲ ਇਸਤਰੀ-ਮੁੱਦਿਆਂ 'ਤੇ ਐਲਿਸ ਸ਼ਵੇਜਰਰ ਦੀ ਲੰਮੀ ਗੱਲਬਾਤ**



**ਐਲਿਸ ਨੇ ਮਹਾਨ ਨਾਰੀਵਾਦੀ ਚਿੰਤਕ ਤੇ ਲੇਖਿਕਾ ਸਿਮੋਨ ਦਾ ਬੋਵੁਆਰ ਨਾਲ ਇਹ ਮੁਲਾਕਾਤ ਪੈਰਿਸ ਵਿਖੇ 70ਵਿਆਂ ਵਿਚ ਕੀਤੀ। ਇਹ ਉਹ ਸਮਾਂ ਸੀ ਜਦੋਂ ਯੂਰਪ ਵਿਚ ਵਿਚਾਰਧਾਰਾਵਾਂ ਦਾ ਵਿਸਫੋਟ ਸਾਹਮਣੇ ਆ ਰਿਹਾ ਸੀ। ਨਿਸ਼ਸੰਦੇਹ, ਮਾਰਕਸਵਾਦ ਦੀ ਛਾਪ ਯੂਰਪ ਦੇ ਜਨ-ਅੰਦੋਲਨਾਂ 'ਤੇ ਬੜੀ ਗਹਿਰੀ ਸੀ, ਪਰ ਕੀ ਇਸ ਦੇ ਚੌਖਟੇ ਅੰਦਰ ਇਤਿਹਾਸ ਆਪਣੇ ਸਾਰੇ ਮਸਲੇ ਹੱਲ ਕਰ ਲਵੇਗਾ? ਇਹ ਸਵਾਲ ਚਿੰਤਨ ਦੇ ਹਰ ਹਲਕੇ ਵਿਚ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਗਿਆ। ਨਾਰੀ ਦੀ ਵਿਸ਼ੇਸ਼, ਵਿਲੱਖਣ ਅਤੇ ਦਲਿਤ ਸਥਿਤੀ ਉਪਰ ਨਾਰੀਵਾਦੀ ਅੰਦੋਲਨ ਤਹਿਤ ਗੰਭੀਰ ਚਰਚਾ ਹੋਈ। ਯੂਰਪ ਤੇ ਅਮਰੀਕਾ ਵਿਚ ਨਾਰੀਵਾਦੀ ਅੰਦੋਲਨ ਬੜੀ ਤੇਜ਼ੀ ਨਾਲ ਫੈਲਿਆ। ਅਜੋਕਾ ਨਾਰੀ ਸੰਸਾਰ ਜੇਕਰ ਇਕ ਵੱਖਰਾ ਦ੍ਰਿਸ਼ ਪੇਸ਼ ਕਰਦਾ ਹੈ ਤਾਂ ਇਸ ਵਿਚ ਵੱਡਾ ਯੋਗਦਾਨ ਫਰਾਂਸੀਸੀ ਚਿੰਤਕਾ ਸਿਮੋਨ ਦਾ ਬੋਵੁਆਰ ਦਾ ਹੈ। ਇਸ ਮੁਲਾਕਾਤ ਦੇ ਸਵਾਲ-ਜਵਾਬ ਵਧੇਰੇ ਕਰਕੇ ਸਿਮੋਨ ਦੀ ਪ੍ਰਸਿੱਧ ਪੁਸਤਕ 'ਦ ਸੈਕੇਂਡ ਸੈਕਸ' ਦੇ ਹਵਾਲੇ ਨਾਲ ਹੋਏ ਹਨ।**

*ਸਿਰਫ ਵਰਗ ਸੰਘਰਸ਼ ਦੁਆਰਾ ਹੀ ਨਾਰੀ-ਮੁਕਤੀ ਦੇ ਮਹਾਨ ਟੀਚੇ ਨੂੰ ਹਾਸਲ ਨਹੀਂ ਕੀਤਾ ਜਾ ਸਕਦਾ .... ਭਾਵੇਂ ਸਾਮਵਾਦੀ ਹੋਵੇ, ਮਾਓਵਾਦੀ ਹੋਵੇ ਜਾਂ ਟ੍ਰਾਟਸਕੀਵਾਦੀ, ਔਰਤ ਹਰ ਜਗ੍ਹਾ, ਹਰ ਖੇਮੇ ਵਿਚ ਅਧੀਨਗੀ ਦੀ ਸਥਿਤੀ ਵਿਚ ਹੈ, ਪੌੜੀ ਦੇ ਸਭ ਤੋਂ ਹੇਠਲੇ ਡੰਡੇ 'ਤੇ ਖੜ੍ਹੀ ਹੈ।*

*ਐਲਿਸ ਸ਼ਵੇਜਰਰ : ਔਰਤਾਂ ਦੀ ਦਸ਼ਾ ਬਾਰੇ ਤੁਹਾਡਾ ਵਿਸ਼ਲੇਸ਼ਣ ਅੱਜ ਵੀ ਸਭ ਤੋਂ ਵੱਧ ਬੁਨਿਆਦੀ ਅਤੇ ਮਹੱਤਵਪੂਰਨ ਹੈ। 1949 ਵਿਚ ਤੁਹਾਡੀ ਪੁਸਤਕ 'ਸੈਕੇਂਡ ਸੈਕਸ' ਪ੍ਰਕਾਸ਼ਿਤ ਹੋਈ ਅਤੇ ਉਦੋਂ ਤੋਂ ਲੈ ਕੇ ਅੱਜ ਤਕ ਹੋਰ ਕੋਈ ਲੇਖਕ ਇਸਤਰੀ-ਸਵਾਲਾਂ ਉਪਰ ਉਸ ਤੋਂ ਅੱਗੇ ਨਹੀਂ ਜਾ ਸਕਿਆ। ਤੁਸੀਂ ਨਵੇਂ ਇਸਤਰੀ -ਅੰਦੋਲਨਾਂ ਦੀ ਮੁੱਖ ਪ੍ਰੇਰਨਾ-ਸ੍ਰੋਤ ਰਹੇ ਹੋ ਪਰ ਇਹ ਹੁਣ ਹੁਣੇ ਦੀ ਹੀ ਗੱਲ ਹੈ ਕਿ 'ਦ ਸੈਕੇਂਡ ਸੈਕਸ' ਲਿਖਣ ਦੇ 23 ਸਾਲ ਬਾਅਦ ਤੁਸੀਂ ਇਸਤਰੀ-ਅੰਦੋਲਨਾਂ ਨਾਲ ਜੁੜੇ ਹੋ ਅਤੇ ਇਸਤਰੀਆਂ ਦੇ ਸਮੂਹਿਕ ਸੰਘਰਸ਼ ਵਿਚ ਸ਼ਮੂਲੀਅਤ ਕੀਤੀ ਹੈ। ਪਿਛਲੇ ਨਵੰਬਰ ਵਿਚ ਤੁਸੀਂ ਇੰਟਰਨੈਸ਼ਨਲ ਵਿਮੈਨ ਮਾਰਚ ਵਿਚ ਸ਼ਾਮਲ ਹੋਏ, ਕਿਉਂ?*

ਸਿਮੋਨ ਦ ਬੋਵੁਆਰ : ਕਿਉਂਕਿ ਮੈਂ ਮਹਿਸੂਸ ਕੀਤਾ ਕਿ ਪਿਛਲੇ 20 ਵਰ੍ਹਿਆਂ ਵਿਚ ਫਰਾਂਸ ਵਿਚ ਇਸਤਰੀਆਂ ਦੀ ਸਥਿਤੀ 'ਚ ਕੋਈ ਖਾਸ ਸੁਧਾਰ ਨਹੀਂ ਹੋਇਆ। ਕਾਨੂੰਨੀ ਤੌਰ 'ਤੇ ਜ਼ਰੂਰ ਕੁਝ ਬਦਲਾਅ ਆਏ ਹਨ, ਹਾਲਾਂਕਿ ਇਨ੍ਹਾਂ ਕਾਨੂੰਨਾਂ ਦਾ ਕੋਈ ਖਾਸ ਮਹੱਤਵ ਨਹੀਂ ਹੈ। ਇਸਤਰੀਆਂ ਲਈ ਗਰਭ-ਨਿਰੋਧਕਾਂ ਦੀ ਉਪਲੱਬਧਤਾ ਵੀ ਵਧੀ ਹੈ, ਪਰ ਫਿਰ ਵੀ ਇਹ ਕਾਫੀ ਨਹੀਂ ਹੈ ਕਿਉਂਕਿ ਸਮੁੱਚੇ ਫਰਾਂਸ ਵਿਚ ਸਿਰਫ ਸੱਤ ਫੀਸਦੀ ਔਰਤਾਂ ਹੀ ਇਨ੍ਹਾਂ ਗਰਭ ਨਿਰੋਧਕਾਂ ਨੂੰ ਇਸਤੇਮਾਲ ਕਰਦੀਆਂ ਹਨ। ਇਥੋਂ ਤਕ ਕਿ ਘਰੇਲੂ ਦਾਇਰੇ ਦੇ ਬਾਹਰ ਦੇ ਕਾਰਜ ਖੇਤਰ ਵਿਚ ਵੀ ਇਸਤਰੀਆਂ ਨੇ ਕੋਈ ਸਾਰਥਕ ਪ੍ਰਗਤੀ ਨਹੀਂ ਕੀਤੀ ਹੈ। ਪਹਿਲਾਂ ਦੇ ਮੁਕਾਬਲੇ ਕੁਝ ਵਧੇਰੇ ਔਰਤਾਂ ਹਨ ਜੋ ਬਾਹਰ ਕੰਮ ਕਰ ਰਹੀਆਂ ਹਨ, ਬਾਵਜੂਦ ਇਸ ਦੇ ਇਹ ਗਿਣਤੀ ਬਹੁਤ ਜ਼ਿਆਦਾ ਨਹੀਂ ਹੈ। ਸਾਰੇ ਮਾਮਲਿਆਂ ਵਿਚ ਔਰਤਾਂ ਹੇਠਲੇ ਪੱਧਰ ਦੀਆਂ ਨੌਕਰੀਆਂ ਅਤੇ ਕੰਮ ਕਰਨ ਤਕ ਹੀ ਸੀਮਿਤ ਹਨ। ਉਹ ਜ਼ਿਆਦਾਤਰ ਸੈਕਟਰੀ ਹੁੰਦੀਆਂ ਹਨ, ਮੈਨੇਜਿੰਗ ਡਾਇਰੈਕਟਰ ਨਹੀਂ, ਨਰਸ ਹੁੰਦੀਆਂ ਹਨ, ਡਾਕਟਰ ਨਹੀਂ, ਅਸਲੀਅਤ ਇਹ ਹੈ ਕਿ ਜ਼ਿਆਦਾਤਰ ਰੌਚਕ ਅਤੇ ਆਕਰਸ਼ਕ ਕੈਰੀਅਰ ਔਰਤਾਂ ਲਈ ਪ੍ਰਤੀਬੰਧਤ ਹੈ। ਇਥੋਂ ਤਕ ਕਿ ਵਿਅਕਤੀਗਤ ਕਾਰੋਬਾਰਾਂ ਵਿਚ ਵੀ ਇਸਤਰੀਆਂ ਲਈ ਤਰੱਕੀ ਦੀਆਂ ਸੰਭਾਵਨਾਵਾਂ ਬਹੁਤ ਸੀਮਤ ਹਨ। ਇਨ੍ਹਾਂ ਸਾਰੀਆਂ ਸਥਿਤੀਆਂ ਨੇ ਮੈਨੂੰ ਸੋਚਣ ਲਈ ਮਜਬੂਰ ਕੀਤਾ। ਮੈਨੂੰ ਲੱਗਿਆ ਕਿ ਇਹ ਬਹੁਤ ਜ਼ਰੂਰੀ ਹੈ ਕਿ ਜੋ ਔਰਤਾਂ ਆਪਣੀ ਸਥਿਤੀ ਨੂੰ ਬਦਲਣਾ ਚਾਹੁੰਦੀਆਂ ਹਨ, ਉਹ ਆਪਣਾ ਜੀਵਨ ਖੁਦ ਆਪਣੇ ਹੱਥਾਂ ਵਿਚ ਲੈਣ। 1970 ਵਿਚ ਜਦੋਂ ਐਮ.ਐਲ.ਐਫ. ਦੀ ਨੀਂਹ ਰੱਖੀ ਗਈ ਉਸ ਤੋਂ ਪਹਿਲਾਂ ਵੀ ਫਰਾਂਸ ਵਿਚ ਕੁੱਝ ਮਹਿਲਾ ਸੰਗਠਨ ਮੌਜੂਦ ਸਨ, ਪ੍ਰੰਤੂ ਉਹ ਸਾਰੇ ਜਾਂ ਤਾਂ ਸੁਧਾਰਵਾਦੀ ਕਿਸਮ ਦੇ ਸਨ ਜਾਂ ਫਿਰ ਵਿਧੀ ਤੇ ਕਾਨੂੰਨਾਂ ਦਾ ਢੋਲ ਪਿੱਟਣ ਵਾਲੇ ਕਰਮਕਾਂਡੀ ਕਿਸਮ ਦੇ। ਇਨ੍ਹਾਂ ਸੰਗਠਨਾਂ ਨਾਲ ਜੁੜਨ ਦੀ ਮੇਰੀ ਕਦੇ ਕੋਈ ਇੱਛਾ ਨਹੀਂ ਹੋਈ। ਇਸਦੇ ਉਲਟ ਆਧੁਨਿਕ ਨਾਰੀਵਾਦ ਬਹੁਤ ਰੈਡੀਕਲ ਹੈ। ਜਿਵੇਂ ਕਿ 1968 ਵਿਚ ਇਸ ਦਾ ਆਦਰਸ਼ ਵਾਕ ਸੀ , "ਆਪਣੇ ਜੀਵਨ ਨੂੰ ਅੱਜ ਅਤੇ ਹੁਣੇ ਬਦਲੋ, ਭਵਿੱਖ ਦੀ ਝਾਕ ਵਿਚ ਨਾ ਬੈਠੇ ਰਹੋ, ਹੁਣ ਲੜੋ, ਬਿਨਾਂ ਦੇਰ ਕੀਤਿਆਂ'।

ਜਦੋਂ ਫਰਾਂਸ ਦੇ ਇਸਤਰੀ-ਮੁਕਤੀ ਅੰਦੋਲਨਾਂ ਨਾਲ ਜੁੜੀਆਂ ਮਹਿਲਾਵਾਂ ਮੇਰੇ ਸੰਪਰਕ ਵਿਚ ਆਈਆਂ ਤਾਂ ਮੇਰੀ ਇੱਛਾ ਸੀ ਕਿ ਮੈਂ ਉਨ੍ਹਾਂ ਦੀ ਕਿਸਮਤ ਵਿਚ ਹਿੱਸੇਦਾਰੀ ਕਰਾਂ। ਉਨ੍ਹਾਂ ਨੇ ਮੈਨੂੰ ਇਕ ਗਰਭਪਾਤ ਐਲਾਨ-ਨਾਮੇ ਉਪਰ ਦਸਤਖ਼ਤ ਕਰਨ ਲਈ ਕਿਹਾ। ਇਸ ਐਲਾਨ-ਨਾਮੇ ਦਾ ਉਦੇਸ਼ ਇਸ ਤੱਥ ਨੂੰ ਸਰਵਜਨਕ ਕਰਨਾ ਸੀ ਕਿ ਮੈਂ ਅਤੇ ਉਨ੍ਹਾਂ ਇਸਤਰੀਆਂ ਨੇ ਆਪਣੇ ਜੀਵਨ ਵਿਚ ਗਰਭਪਾਤ ਕਰਵਾਇਆ ਹੈ। ਫਰਾਂਸ ਵਿਚ ਗਰਭਪਾਤ ਪ੍ਰਤੀਬੰਧਤ ਹੈ ਅਤੇ ਇਸ ਸਮੇਂ ਇਹ ਸਮੁੱਚੇ ਫਰਾਂਸ ਵਿਚ ਸਭ ਤੋਂ ਜ਼ਿਆਦਾ ਭਖਦਾ ਮੁੱਦਾ ਬਣ ਗਿਆ ਹੈ। ਇਸ ਐਲਾਨ-ਨਾਮੇ ਦੇ ਸਵਾਲ ਉਪਰ ਮੈਨੂੰ ਲੱਗਿਆ ਇਹ ਉਚਿਤ ਅਤੇ ਵਿਧਾਨਿਕ ਤਰੀਕਾ ਹੋਵੇਗਾ, ਆਪਣੀਆਂ ਸਮੱਸਿਆਵਾਂ ਦੇ ਪ੍ਰਤੀ ਧਿਆਨ ਖਿੱਚਣ ਦਾ।

ਇਸ ਲਈ ਇਹ ਮੇਰੇ ਲਈ ਸੁਭਾਵਿਕ ਹੀ ਸੀ ਕਿ ਮੈਂ ਐਮ.ਐਲ.ਐਫ. ਦੇ ਜੁਝਾਰੂ ਕਾਰਜ ਕਰਤਾਵਾਂ ਦੇ ਨਾਲ ਸੜਕਾਂ 'ਤੇ ਉਤਰਾਂ ਤੇ ਉਨ੍ਹਾਂ ਦੀ ਲਹਿਰ ਵਿਚ ਭਾਗ ਲਵਾਂ। ਉਨ੍ਹਾਂ ਦੇ ਨਾਅਰਿਆਂ ਨੂੰ ਆਪਣੇ ਨਾਅਰਿਆਂ ਦੇ ਰੂਪ ਵਿਚ ਸਵੀਕਾਰ ਕਰਾਂ-ਸੁਤੰਤਰ ਗਰਭਪਾਤ ਅਤੇ ਮੁਫ਼ਤ ਗਰਭਨਿਰੋਧਕ।

*ਐਲਿਸ : ਤੁਸੀਂ ਫਰਾਂਸ ਦੀ ਸਥਿਤੀ ਦਾ ਜ਼ਿਕਰ ਕੀਤਾ, ਹੁਣ ਤਕ ਤੁਸੀਂ ਅਨੇਕ ਸਮਾਜਵਾਦੀ ਦੇਸ਼ਾਂ ਦੀਆਂ ਯਾਤਰਾਵਾਂ ਕਰ ਚੁੱਕੇ ਹੋ। ਕੀ ਉਨ੍ਹਾਂ ਦੇਸ਼ਾਂ ਦੀਆਂ ਔਰਤਾਂ ਦੀ ਸਥਿਤੀ ਵਿਚ ਕੋਈ ਬੁਨਿਆਦੀ ਪਰਿਵਰਤਨ ਆਇਆ ਹੈ?*

ਸਿਮੋਨ : ਉਥੇ ਸਥਿਤੀਆਂ ਕੁੱਝ ਵੱਖਰੀਆਂ ਹਨ। ਰੂਸ ਵਿਚ ਲਗਭਗ ਸਾਰੀਆਂ ਇਸਤਰੀਆਂ ਕੰਮਕਾਜੀ ਹਨ ਅਤੇ ਉਹ ਇਸਤਰੀਆਂ ਜੋ ਕੰਮ ਨਹੀਂ ਕਰਦੀਆਂ (ਕੁਝ ਉਚ ਅਧਿਕਾਰੀਆਂ ਅਤੇ ਮਹੱਤਵਪੂਰਨ ਵਿਅਕਤੀਆਂ ਦੀਆਂ ਪਤਨੀਆਂ) ਬਾਕੀ ਲੋਕ ਉਨ੍ਹਾਂ ਨੂੰ ਅਸਵੀਕ੍ਰਿਤੀ ਦੀ ਦ੍ਰਿਸ਼ਟੀ ਨਾਲ ਦੇਖਦੇ ਹਨ। ਰੂਸੀ ਔਰਤਾਂ ਨੂੰ ਇਸ ਗੱਲ 'ਤੇ ਫਖਰ ਹੈ ਕਿ ਉਹ ਕੰਮਕਾਜੀ ਹਨ। ਸਿਆਸੀ ਅਤੇ ਸਮਾਜਿਕ ਦ੍ਰਿਸ਼ਟੀ ਤੋਂ ਵੀ ਉਥੇ ਦੀਆਂ ਔਰਤਾਂ ਮਹੱਤਵਪੂਰਨ ਜ਼ੁੰਮੇਵਾਰੀਆਂ ਨਿਭਾਉਂਦੀਆਂ ਹਨ ਪਰ ਇਸ ਸਭ ਕੁੱਝ ਦੇ ਬਾਵਜੂਦ ਜੇਕਰ ਤੁਸੀਂ ਕੇਂਦਰੀ ਸੰਮਤੀਆਂ ਅਤੇ ਪੀਪਲਜ਼ ਅਸੈਂਬਲੀ, ਜਿਸ ਦੇ ਕੋਲ ਅਸਲ ਵਿਚ ਕੁਝ ਅਧਿਕਾਰ ਅਤੇ ਸੱਤਾ ਹੈ, ਦਾ ਜਾਇਜ਼ਾ ਲਉ ਤਾਂ ਪਤਾ ਲੱਗੇਗਾ ਕਿ ਪੁਰਸ਼ਾਂ ਦੀ ਤੁਲਨਾ ਵਿਚ ਇਸਤਰੀਆਂ ਦੀ ਸੰਖਿਆ ਬਹੁਤ ਘੱਟ ਹੈ। ਕਾਰੋਬਾਰੀ ਖੇਤਰਾਂ ਦੀ ਸਥਿਤੀ ਵੀ ਤਕਰੀਬਨ ਅਜਿਹੀ ਹੀ ਹੈ। ਸਭ ਤੋਂ ਵੱਧ ਗੈਰ ਦਿਲਚਸਪ ਅਤੇ ਗੈਰ ਮਹੱਤਵਪੂਰਨ ਕੰਮ ਇਸਤਰੀਆਂ ਵਲੋਂ ਕੀਤੇ ਜਾਂਦੇ ਹਨ। ਸੋਵੀਅਤ ਸੰਘ ਵਿਚ ਲਗਭਗ ਸਾਰੀਆਂ ਡਾਕਟਰ ਇਸਤਰੀਆਂ ਹਨ, ਕਿਉਂਕਿ ਉਥੇ ਇਲਾਜ ਮੁਫਤ ਹੈ। ਰਾਜ ਇਸ ਕੰਮ ਲਈ ਢੁਕਵੀਂ ਤਨਖਾਹ ਅਤੇ ਸੁਵਿਧਾਵਾਂ ਨਹੀਂ ਦਿੰਦਾ ਅਤੇ ਡਾਕਟਰੀ ਦਾ ਪੇਸ਼ਾ ਅਸਧਾਰਣ ਰੂਪ ਵਿਚ ਕਠਿਨ ਹੈ।

ਇਲਾਜ ਅਤੇ ਸਿਖਿਆ ਦਾ ਖੇਤਰ ਜ਼ਰੂਰ ਇਸਤਰੀਆਂ ਦੇ ਹਵਾਲੇ ਕਰ ਦਿਤਾ ਗਿਆ ਹੈ ਪਰ ਜੋ ਸਹੀ ਅਰਥਾਂ ਵਿਚ ਮਹੱਤਵਪੂਰਨ ਖੇਤਰ ਹਨ, ਜਿਵੇਂ ਵਿਗਿਆਨ ਜਾਂ ਇੰਜੀਨੀਅਰਿੰਗ ਆਦਿ, ਉਥੇ ਅੱਜ ਵੀ ਇਸਤਰੀਆਂ ਦੀ ਪਹੁੰਚ ਬਹੁਤ ਘੱਟ ਹੈ, ਇਕ ਤਾਂ ਕਾਰੋਬਾਰੀ ਖੇਤਰ ਵਿਚ ਇਸਤਰੀਆਂ ਪੁਰਸ਼ ਦੇ ਬਰਾਬਰ ਨਹੀਂ ਹਨ ਅਤੇ ਦੂਜੇ ਪਾਸੇ ਘਰੇਲੂ ਕਿਰਤ ਦੇ ਖੇਤਰ ਵਿਚ ਘੋਰ ਅਪਮਾਨਜਨਕ ਅਤੇ ਨਿੰਦਾਜਨਕ ਸਥਿਤੀਆਂ ਬਰਕਰਾਰ ਹਨ, ਜਿਵੇਂ ਕਿ ਸਾਰੀ ਦੁਨੀਆ ਵਿਚ ਹਨ ਅਤੇ ਜਿਸ ਦੇ ਖਿਲਾਫ ਅੱਜ ਇਸਤਰੀ ਸੰਗਠਨ ਤੀਬਰ ਸੰਘਰਸ਼ ਕਰ ਰਹੇ ਹਨ। ਘਰੇਲੂ ਕੰਮ ਅਤੇ ਬੱਚੇ ਦੀ ਦੇਖਭਾਲ ਸੋਵੀਅਤ ਸੋਸ਼ਲਿਸਟ ਪ੍ਰਜਾਤੰਤਰ ਸੰਘ ਵਿਚ ਵੀ ਇਸਤਰੀਆਂ ਲਈ ਹੀ ਰਾਖਵੀਂ ਹੈ।

ਇਹ ਸਚਾਈ ਸੋਲਜੇਨਿਤਸਨ ਦੇ ਨਾਵਲ 'ਕੈਂਸਰਵਾਰਡ' ਵਿਚ ਬਹੁਤ ਅਸਰਦਾਇਕ ਰੂਪ ਵਿਚ ਸਾਹਮਣੇ ਆਈ ਹੈ। ਨਾਵਲ ਵਿਚ ਇਕ ਇਸਤਰੀ ਹੈ, ਜੋ ਕਿਸੇ ਹਸਪਤਾਲ ਵਿਚ ਉਚ ਅਹੁਦੇ ਉਪਰ ਤੈਨਾਤ ਹੈ ਅਤੇ ਮੈਡੀਕਲ ਵਿਭਾਗ ਦੇ ਵਿਸ਼ੇਸ਼ ਮੈਂਬਰਾਂ ਵਿਚੋਂ ਹੈ। ਹਸਪਤਾਲ ਦੇ ਮਹੱਤਵਪੂਰਨ ਦੌਰਿਆਂ ਅਤੇ ਦਿਨ ਭਰ ਦੀ ਗਹਿਰੀ ਥਕਾਵਟ ਤੋਂ ਬਾਅਦ ਉਹ ਘਰ ਭੱਜਦੀ ਹੈ, ਪਤੀ ਤੇ ਬੱਚਿਆਂ ਲਈ ਖਾਣਾ ਬਣਾਉਣ, ਕਪੜੇ ਧੋਣ ਅਤੇ ਘਰ ਦੇ ਦੂਜੇ ਕੰਮ ਨਿਪਟਾਉਣ ਲਈ। ਦੂਸਰੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਬੇਹੱਦ ਕਠਿਨ ਅਤੇ ਮਿਹਨਤ ਭਰਪੂਰ ਨੌਕਰੀ ਦੀਆਂ ਜ਼ੁੰਮੇਵਾਰੀਆਂ ਦੇ ਬਾਵਜੂਦ ਉਸ ਨੂੰ ਘਰ ਦੇ ਕੰਮਕਾਜ ਲਈ ਖਪਣਾ ਪੈਂਦਾ ਹੈ, ਜਿਵੇਂ ਕਿ ਦੁਨੀਆ ਦੇ ਹੋਰ ਸਾਰੇ ਦੇਸ਼ਾਂ ਵਿਚ ਹੁੰਦਾ ਹੈ, ਸ਼ਾਇਦ ਉਸ ਤੋਂ ਵੀ ਜ਼ਿਆਦਾ ਕਿਉਂਕਿ ਫਰਾਂਸ ਵਿਚ ਔਰਤਾਂ ਘੱਟੋ ਘੱਟ ਘਰੇਲੂ ਨੌਕਰਾਂ ਦੀ ਮਦਦ ਤਾਂ ਲੈ ਹੀ ਸਕਦੀਆਂ ਹਨ।

ਇਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਰੂਸ ਵਿਚ ਔਰਤ ਦੀ ਸਥਿਤੀ ਕਿਸੇ ਵੀ ਪੂੰਜੀਵਾਦੀ ਦੇਸ਼ ਦੀ ਤੁਲਨਾ ਵਿਚ ਬਿਹਤਰ ਹੈ। ਫਿਰ ਵੀ ਅਜਿਹੇ ਸਿੱਟੇ ਕੱਢਣ ਵਿਚ ਅਜੇ ਢੇਰ ਕਠਿਨਾਈਆਂ ਹਨ, ਸੰਪੂਰਨ ਤੇ ਪੁਰਸ਼ਾਂ ਦੇ ਵਿਚਕਾਰ ਸਬੰਧ ਬਰਾਬਰੀ ਤੇ ਅਧਾਰਿਤ ਨਹੀਂ ਹਨ।

*ਐਲਿਸ : ਇਸ ਦਾ ਕੀ ਕਾਰਨ ਹੈ?*

ਸਿਮੋਨ : ਪਹਿਲਾ ਅਤੇ ਪ੍ਰਮੁੱਖ ਕਾਰਨ ਇਹ ਹੈ ਕਿ ਸਮਾਜਵਾਦੀ ਦੇਸ਼ ਅਸਲ ਵਿਚ ਸਮਾਜਵਾਦੀ ਨਹੀਂ ਹਨ, ਦੂਜੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਮਾਰਕਸਵਾਦ ਦੇ ਪੈਰੋਕਾਰ ਸਮਾਜਵਾਦ ਦੀ ਉਸ ਸੀਮਾਂ ਤਕ ਨਹੀਂ ਪਹੁੰਚ ਸਕੇ, ਜਿਥੇ ਸੰਪੂਰਨ ਪੁਰਸ਼ ਵਰਗ ਦੀ ਚੇਤਨਾ ਦਾ ਰੂਪਾਂਤਰਣ ਸੰਭਵ ਹੁੰਦਾ ਹੈ। ਜੋ ਮਾਰਕਸ ਦਾ ਸੁਪਨਾ ਸੀ। ਮਾਰਕਸਵਾਦੀ ਸਿਧਾਂਤਕਾਰਾਂ ਨੇ ਜੋ ਕੀਤਾ, ਉਹ ਸੀ ਪੂੰਜੀ ਦੀ ਨਿੱਜੀ ਮਾਲਕੀ ਦੀ ਸਮਾਪਤੀ ਅਤੇ ਉਤਪਾਦਨ ਸਬੰਧਾਂ ਵਿਚ ਪਰਿਵਰਤਨ, ਪਰ ਸਮੇਂ ਦੇ ਨਾਲ ਇਹ ਤੱਥ ਸਪਸ਼ਟ ਹੁੰਦਾ ਗਿਆ ਕਿ ਕੇਵਲ ਉਤਪਾਦਨ ਸਬੰਧਾਂ ਦਾ ਬਦਲ ਦੇਣਾ ਹੀ ਕਾਫੀ ਨਹੀਂ ਹੈ ਅਤੇ ਅਜਿਹਾ ਕਰ ਕੇ ਮਨੁੱਖ ਅਤੇ ਸਮਾਜ ਦੇ ਆਂਤਰਿਕ ਰੂਪਾਂਤਰਣ ਦੇ ਟੀਚੇ ਨੂੰ ਹਾਸਲ ਨਹੀਂ ਕੀਤਾ ਜਾ ਸਕਦਾ। ਵੱਖ ਵੱਖ ਆਰਥਕ ਵਿਵਸਥਾਵਾਂ ਵਿਚ ਵੀ ਸਦੀਆਂ ਤੋਂ ਚਲੇ ਆ ਰਹੇ ਮੂਲ, ਸੰਸਕਾਰ ਅਤੇ ਇਸਤਰੀ ਤੇ ਪੁਰਸ਼ ਦੇ ਵਿਚਕਾਰ ਰਵਾਇਤੀ ਭੂਮਿਕਾਵਾਂ ਦੀ ਵੰਡ ਬਾਦਸਤੂਰ ਕਾਇਮ ਰਹੇਗੀ। ਇਸ ਅਸਲੀਅਤ ਨਾਲ ਸਬੰਧਤ ਇਕ ਕਠੋਰ ਸੱਚ ਇਹ ਹੈ ਕਿ ਪੁਰਸ਼ ਪ੍ਰਧਾਨ ਸਮਾਜ ਵਿਚ ਪੁਰਸ਼ ਦੇ ਅੰਦਰ ਆਪਣੀ ਸ੍ਰੇਸ਼ਟਤਾ ਅਤੇ ਉੱਚਤਾ ਦਾ ਬੋਧ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਉਨ੍ਹਾਂ ਦੇ ਮਨੋਜਗਤ ਦੀ ਉਸਾਰੀ ਪੁਰਸ ਪ੍ਰਧਾਨਗੀ ਦੀ ਜ਼ਮੀਨ ਉਪਰ ਹੋਈ ਹੈ ਅਤੇ ਉਹ ਆਸਾਨੀ ਨਾਲ ਇਸ ਵਿਸ਼ੇਸ਼ ਅਧਿਕਾਰ ਦਾ ਤਿਆਗ ਕਰਨ ਲਈ ਤਿਆਰ ਨਹੀਂ। ਮਰਦ ਦੀ ਸਰਦਾਰੀ ਕਾਇਮ ਰਹੇ, ਇਸ ਲਈ ਜ਼ਰੂਰੀ ਹੈ ਕਿ ਇਸਤਰੀਆਂ ਵੀ ਪੁਰਸ਼ਾਂ ਦੇ ਮੁਕਾਬਲੇ ਕਮਜ਼ੋਰ ਤੇ ਹੀਣ ਰਹਿਣ, ਪੁਰਸ਼ਾਂ ਦੇ ਮੁਕਾਬਲੇ ਆਪਣਾ ਦਰਜਾ ਨੀਵਾਂ ਰੱਖਣ ਅਤੇ ਖੁਦ ਨੂੰ ਹੀਣ ਮੰਨਣ ਦੀਆਂ ਆਦੀ ਹੋ ਗਈਆਂ ਹਨ। ਇਹ ਜਕੜਬੰਦੀ ਇੰਨੀ ਗਹਿਰੀ ਹੈ ਕਿ ਬਹੁਤ ਘੱਟ ਹੀ ਔਰਤਾਂ ਲੈਂਗਿਕ ਅਸਮਾਨਤਾ ਦੇ ਖਿਲਾਫ ਆਵਾਜ਼ ਉਠਾ ਪਾਉਂਦੀਆਂ ਹਨ।

*ਐਲਿਸ : 'ਨਾਰੀਵਾਦ' ਨੂੰ ਬਹੁਤ ਗਲਤ ਢੰਗ ਨਾਲ ਸਮਝਿਆ ਅਤੇ ਪਰਿਭਾਸ਼ਿਤ ਕੀਤਾ ਗਿਆ ਹੈ। ਤੁਹਾਡੀ ਨਾਰੀਵਾਦ ਦੀ ਪਰਿਭਾਸ਼ਾ ਕੀ ਹੈ?*

ਸਿਮੋਨ : 'ਦ ਸੈਕੇਂਡ ਸੈਕਸ' ਦੇ ਅੰਤ ਵਿਚ ਮੈਂ ਕਿਹਾ ਹੈ ਕਿ ਮੈਂ ਨਾਰੀਵਾਦੀ ਨਹੀਂ ਹਾਂ ਕਿਉਂਕਿ ਉਸ ਸਮੇਂ ਮੇਰਾ ਇਹ ਵਿਸ਼ਵਾਸ ਸੀ ਕਿ ਔਰਤਾਂ ਦੀਆਂ ਸਮੱਸਿਆਵਾਂ ਸਮਾਜਵਾਦ ਦੀ ਸਥਾਪਨਾ ਅਤੇ ਵਿਕਾਸ ਦੇ ਨਾਲ ਹੀ ਆਪਣੇ ਆਪ ਹੱਲ ਹੋ ਜਾਣਗੀਆਂ। 'ਨਾਰੀਵਾਦੀ' ਹੋਣ ਤੋਂ ਮੇਰਾ ਭਾਵ ਇਹ ਹੈ ਕਿ ਕੁੱਝ ਖਾਸ ਇਸਤਰੀ-ਮੁੱਦਿਆਂ ਉਪਰ ਵਰਗ ਸੰਘਰਸ਼ ਤੋਂ ਹਟ ਕੇ ਸੁਤੰਤਰ ਰੂਪ ਵਿਚ ਸੰਘਰਸ਼ ਕਰਨਾ। ਮੈਂ ਅੱਜ ਵੀ ਆਪਣੇ ਇਸ ਵਿਚਾਰ ਉਪਰ ਕਾਇਮ ਹਾਂ। ਮੇਰੀ ਪਰਿਭਾਸ਼ਾ ਦੇ ਅਨੁਸਾਰ ਇਸਤਰੀਆਂ ਅਤੇ ਉਹ ਪੁਰਸ਼ ਵੀ, ਨਾਰੀਵਾਦੀ ਹਨ ਜੋ ਪਿਤਾ-ਪ੍ਰਧਾਨ ਵਿਵਸਥਾ ਵਿਚ ਔਰਤਾਂ ਦੀ ਸਥਿਤੀ ਵਿਚ ਪਰਿਵਰਤਨ ਲਈ ਸੰਘਰਸ਼ ਕਰ ਰਹੇ ਹਨ। ਇਹ ਸੰਘਰਸ਼ ਜਿੰਨਾ ਵਰਗ ਸੰਘਰਸ਼ ਨਾਲ ਜੁੜਿਆ ਹੋਇਆ ਹੈ ਉਨਾ ਹੀ ਉਸ ਦੇ ਨਾਲ ਨਾਲ ਸੁਤੰਤਰ ਰੂਪ ਵਿਚ ਵੀ ਆਪਣੀ ਹੋਂਦ ਰੱਖਦਾ ਹੈ। ਇਹ ਸੱਚ ਹੈ ਕਿ ਪੂਰੇ ਸਮਾਜ ਦੀ ਮੁਕਤੀ ਤੋਂ ਬਗੈਰ ਇਸਤਰੀਆਂ ਦੀ ਪੂਰਨ ਮੁਕਤੀ ਸੰਭਵ ਨਹੀਂ ਹੈ, ਪਰ ਫਿਰ ਵੀ ਨਾਰੀਵਾਦ ਦੇ ਇਸ ਟੀਚੇ ਲਈ ਅੱਜ ਤੇ ਹੁਣੇ ਹੀ ਸੰਘਰਸ਼ ਕਰਨਾ ਚਾਹੀਦਾ ਹੈ, ਇਸ ਤੋਂ ਪਹਿਲਾਂ ਸਮਾਜਵਾਦ ਦਾ ਸਾਡਾ ਸੁਪਨਾ ਪੂਰਾ ਹੋਵੇ, ਇਸ ਦੇ ਨਾਲ ਹੀ ਮੈਨੂੰ ਇਹ ਵੀ ਲਗਦਾ ਹੈ ਕਿ ਸਮਾਜਵਾਦੀ ਦੇਸ਼ਾਂ ਵਿਚ ਵੀ ਇਸਤਰੀਆਂ ਅਤੇ ਪੁਰਸ਼ਾਂ ਦੇ ਵਿਚਕਾਰ ਅਸਲ ਬਰਾਬਰੀ ਹਾਸਲ ਨਹੀਂ ਕੀਤੀ ਜਾ ਸਕੀ। ਇਸ ਲਈ ਹੁਣ ਇਹ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਇਸਤਰੀਆਂ ਆਪਣਾ ਭਵਿੱਖ ਖੁਦ ਆਪਣੇ ਹੱਥਾਂ ਵਿਚ ਲੈਣ ਅਤੇ ਇਹੀ ਕਾਰਨ ਹੈ ਕਿ ਮੈਂ ਹੁਣ ਵਿਮੈਨ ਲਿਬਰੇਸ਼ਨ ਫਰੰਟ ਨਾਲ ਜੁੜੀ ਹਾਂ। ਇਹ ਤੱਥ ਨਾਲ ਜੁੜਿਆ ਇਕ ਪਹਿਲੂ ਹੋਰ ਵੀ ਹੈ ਅਤੇ ਮੇਰਾ ਵਿਸ਼ਵਾਸ ਹੈ ਕਿ ਇਕ ਬਹੁਤ ਵੱਡਾ ਕਾਰਨ ਹੈ, ਜਿਸ ਵਜ੍ਹਾ ਕਰ ਕੇ ਔਰਤਾਂ ਭਾਰੀ ਸੰਖਿਆ ਵਿਚ ਸੁਤੰਤਰ ਇਸਤਰੀ ਅੰਦੋਲਨ ਦੀ ਉਸਾਰੀ ਲਈ ਅੱਗੇ ਆ ਰਹੀਆਂ ਹਨ ਅਤੇ ਉਹ ਇਹ ਹੈ ਕਿ ਫਰਾਂਸ ਵਿਚ ਖੱਬੇ ਹਲਕਿਆਂ ਅਤੇ ਕ੍ਰਾਂਤੀਕਾਰੀ ਸਮੂਹਾਂ ਤੇ ਸੰਗਠਨਾਂ ਦੇ ਅੰਦਰ ਵੀ ਲੈਂਗਿਕ ਨਾਬਰਾਬਰੀ ਅਤੇ ਅਸਮਾਨਤਾ ਮੌਜੂਦ ਹੈ। ਸਾਹਮਣੇ ਜੋ ਦ੍ਰਿਸ਼ ਦਿਖਾਈ ਦਿੰਦਾ ਹੈ। ਉਸ ਦੇ ਪਿੱਛੇ ਅਸਲੀਅਤ ਇਹ ਹੈ ਕਿ ਔਰਤਾਂ ਹਮੇਸ਼ਾ ਸਭ ਤੋਂ ਹੇਠਲੇ ਪੱਧਰ 'ਤੇ, ਭਿਅੰਕਰ, ਥਕਾਊ ਅਤੇ ਨੀਰਸ ਕੰਮ ਕਰਦੀਆਂ ਹਨ, ਜਦਕਿ ਪੁਰਸ਼ ਵਕਤਾ ਹੁੰਦੇ ਹਨ, ਉਹ ਗੰਭਰ ਲੇਖ ਲਿਖਦੇ ਹਨ, ਸਭ ਤੋਂ ਵਧੀਆ ਤੇ ਦਿਲਚਸਪ ਕੰਮ ਕਰਦੇ ਹਨ ਅਥਵਾ ਸਭ ਮਹੱਤਵਪੂਰਨ ਜ਼ੁੰਮੇਵਾਰੀਆਂ ਨਿਭਾਉਂਦੇ ਹਨ। ਕਹਿਣ ਤੋਂ ਭਾਵ ਹੈ ਕਿ ਇਨ੍ਹਾਂ ਮਾਰਕਸਵਾਦੀ ਸ੍ਰੇਸ਼ਟ ਸੰਗਠਨਾਂ ਵਿਚ ਸਿਧਾਂਤਕ ਰੂਪ ਵਿਚ ਜਿਨ੍ਹਾਂ ਦਾ ਟੀਚਾ ਇਸਤਰੀ ਸਮੇਤ ਹਰੇਕ ਮਾਨਵ ਦੀ ਮੁਕਤੀ ਹੈ - ਵੀ ਔਰਤਾਂ ਦੀ ਅਧੀਨਗੀ ਹੀ ਹੈ। ਸਚਾਈ ਇਥੋਂ ਤਕ ਹੀ ਸੀਮਿਤ ਨਹੀਂ ਹੈ, ਖੱਬੇ ਪੱਖੀਆਂ ਵਿਚ ਵੀ ਕੁੱਝ ਗਿਣੇ ਚੁਣੇ ਲੋਕਾਂ ਨੂੰ ਛੱਡ ਕੇ, ਇਸਤਰੀ ਮੁਕਤੀ ਦੇ ਵਿਚਾਰ ਪ੍ਰਤੀ ਜ਼ਿਆਦਾਤਰ ਪੁਰਸ਼ਾਂ ਦਾ ਰਵੱਈਆ ਕਾਫੀ ਵਿਰੋਧੀ, ਹਮਲਾਵਰ ਅਤੇ ਸ਼ੱਤਰੂਤਾਪੂਰਨ ਹੈ। ਜਦ ਪਹਿਲੀ ਵਾਰ ਵੈਂਸਾਨ ਵਿਚ ਨਾਰੀਵਾਦੀ ਸਭਾ ਹੋਈ ਤਾਂ ਕੁੱਝ ਖੱਬੇਪੱਖੀ ਆਪਣੇ ਕਮਰਿਆਂ ਵਿਚ ਚਿਲਾਏ - 'ਸੱਤਾ ਲਿੰਗ ਉਪਰ ਰੱਖੀ ਹੋਈ ਹੈ' ਮੇਰੇ ਖਿਆਲ ਵਿਚ ਹੁਣ ਪੁਰਸ਼ਾਂ ਵਿਚ ਥੋੜੀ ਤਬਦੀਲੀ ਆਈ ਹੈ, ਪਰ ਉਹ ਵੀ ਇਸ ਕਾਰਨ ਕਿ ਹੁਣ ਇਸਤਰੀਆਂ ਨੇ ਸੁਤੰਤਰ ਰੂਪ ਵਿਚ ਸ਼ਸਤਰ ਅਤੇ ਜੁਝਾਰੂ ਸੰਘਰਸ਼ ਦੀ ਸ਼ੁਰੂਆਤ ਕਰ ਦਿਤੀ ਹੈ।

*ਐਲਿਸ : ਆਧੁਨਿਕ ਨਾਰੀਵਾਦ ਦੇ ਬਾਰੇ ਵਿਚ ਤੁਹਾਡੇ ਕੀ ਵਿਚਾਰ ਹਨ, ਨਵੀਂ ਪੀੜ੍ਹੀ ਦੀਆਂ ਉਨ੍ਹਾਂ ਨੌਜਵਾਨ ਔਰਤਾਂ ਦੇ ਬਾਰੇ ਵਿਚ ਜੋ ਕਾਫੀ ਜੁਝਾਰੂ, ਸੰਘਰਸ਼ਸ਼ੀਲ ਪਰਿਵਰਤਨਮੁਖੀ ਹਨ?*

ਸਿਮੋਨ : ਇਸਤਰੀ-ਅੰਦੋਲਨ ਦੇ ਅੰਦਰ ਕਈ ਤਰ੍ਹਾਂ ਦੇ ਵਿਚਾਰ ਅਤੇ ਪ੍ਰਵਿਰਤੀਆਂ ਹਨ, ਅਨੇਕ ਧਾਰਾਵਾਂ ਹਨ, ਘੱਟੋ ਘੱਟ ਅਮਰੀਕਾ ਵਿਚ ਤਾਂ ਜ਼ਰੂਰ ਹਨ, ਜਿਥੇ ਇਸਤਰੀ ਅੰਦੋਲਨ ਸਭ ਤੋਂ ਅੱਗੇ ਵਧਿਆ ਹੋਇਆ ਹੈ। ਨਾਰੀਵਾਦ ਦੇ ਅੰਦਰ ਇਕ ਧਾਰਾ ਫਰੀਡੇਨ ਦੀ ਹੈ, ਜੋ ਐਸ.ਸੀ.ਯੂ.ਐਮ. (ਸੁਸਾਇਟੀ ਫਾਰ ਕਟਿੰਗ ਅਪ ਮੈਨ) ਨਾਲ ਜੁੜੀ ਹੋਈ ਹੈ ਅਤੇ ਪੁਰਸ਼ਾਂ ਨੂੰ ਪੂਰੀ ਤਰ੍ਹਾਂ ਨਾਲ ਨੇਸਤਨਾਬੂਤ ਕਰ ਦੇਣ ਵਿਚ ਯਕੀਨ ਰਖਦੀ ਹੈ। ਇਨ੍ਹਾਂ ਵਿਚ ਵੀ ਨਾਰੀਵਾਦ ਨਾਲ ਜੁੜੇ ਕਈ ਵਿਚਾਰ ਅਤੇ ਸ਼ਾਖਾਵਾਂ ਹਨ। ਇਥੋਂ ਤਕ ਕਿ ਫਰਾਂਸ ਵਿਚ ਵੀ ਨਾਰੀ ਮੁਕਤੀ ਅੰਦੋਲਨ ਦੇ ਅੰਦਰ ਕਈ ਧਾਰਾਵਾਂ ਹਨ। ਮੇਰਾ ਸਬੰਧ ਨਾਰੀਵਾਦ ਦੀ ਉਸ ਧਾਰਾ ਪ੍ਰਤੀ ਹੈ, ਜੋ ਇਸਤਰੀ ਮੁਕਤੀ ਨੂੰ ਵਰਗ ਸੰਘਰਸ਼ ਅਤੇ ਸੰਪੂਰਨ ਸਮਾਜ ਦੀ ਮੁਕਤੀ ਦੇ ਨਾਲ ਜੋੜ ਕੇ ਦੇਖੇ ਅਤੇ ਉਸ ਦਿਸ਼ਾ ਵਿਚ ਯਤਨ ਕਰੇ। ਮੇਰੇ ਖਿਆਲ ਵਿਚ ਭਾਵੇਂ ਔਰਤਾਂ ਦੀ ਲੜਾਈ ਪੁਰਸ਼ਾਂ ਦੇ ਨਾਲ ਮਿਲ ਕੇ ਹੀ ਲੜੀ ਜਾਣੀ ਚਾਹੀਦੀ ਹੈ। ਸਿੱਟਾ ਇਹ ਹੈ ਕਿ ਮੈਂ ਪੁਰਸ਼ਾਂ ਨੂੰ ਪੂਰੀ ਤਰ੍ਹਾਂ ਨਾਲ ਖਾਰਜ ਕਰ ਦਿਤੇ ਜਾਣ ਦੇ ਪੱਖ ਵਿਚ ਨਹੀਂ ਹਾਂ।

*ਐਲਿਸ : ਅੱਜ ਸੰਘਰਸ਼ ਦੇ ਇਸ ਦੌਰ ਵਿਚ ਜ਼ਿਆਦਾਤਰ ਇਸਤਰੀ ਅੰਦੋਲਨ ਦੀਆਂ ਮੀਟਿੰਗਾਂ ਵਿਚ ਪੁਰਸ਼ਾਂ ਦਾ ਪ੍ਰਵੇਸ਼ ਵਰਜਿਤ ਹੈ, ਇਸ ਬਾਰੇ ਤੁਸੀਂ ਕੀ ਸੋਚਦੇ ਹੋ?*

ਸਿਮੋਨ : ਜਿਵੇਂ ਕਿ ਤੁਸੀਂ ਕਿਹਾ, ਇਹ ਸੱਚ ਹੈ। ਅੱਜ ਇਸਤਰੀ ਅੰਦੋਲਨ ਜਿਸ ਸਥਿਤੀ ਵਿਚ ਹੈ, ਇਹ ਉਸ ਦੀ ਜ਼ਰੂਰਤ ਹੈ। ਮੈਨੂੰ ਲਗਦਾ ਹੈ ਕਿ ਅਨੇਕ ਕਾਰਨਾਂ ਕਰ ਕੇ ਅੱਜ ਇਹ ਠੀਕ ਹੈ ਕਿ ਪੁਰਸ਼ਾਂ ਨੂੰ ਔਰਤਾਂ ਦੀਆਂ ਬੈਠਕਾਂ ਵਿਚ ਸ਼ਾਮਲ ਨਾ ਕੀਤਾ ਜਾਵੇ, ਪਹਿਲਾ ਕਾਰਨ ਇਹ ਹੈ ਕਿ ਜੇਕਰ ਪੁਰਸ਼ ਇਨ੍ਹਾਂ ਸਮੂਹਾਂ ਵਿਚ ਸ਼ਾਮਲ ਹੋਣਗੇ ਤਾਂ ਉਹ ਆਦੇਸ਼ ਦੇਣ ਅਤੇ ਸਾਰੇ ਮਹੱਤਵਪੂਰਨ ਕੰਮਾਂ ਦੀ ਜ਼ੁੰਮੇਵਾਰੀ ਆਪਣੇ ਉਪਰ ਲੈਣ ਦੀ ਮਰਦਾਵੀਂ ਪ੍ਰਵਿਰਤੀ ਦਾ ਤਿਆਗ ਨਹੀਂ ਕਰ ਪਾਉਣਗੇ, ਦੂਜੀ ਗੱਲ ਇਹ ਹੈ ਕਿ ਬਹੁਤ ਸਾਰੀਆਂ ਔਰਤਾਂ ਦੇ ਆਪਣੇ ਕੁਝ ਅਨੁਭਵ, ਖਾਸ ਤਕਲੀਫਾਂ ਹੁੰਦੀਆਂ ਹਨ, ਜਿਹੜੀਆਂ ਉਹ ਕੁਝ ਸ਼ਰਮ ਸੰਕੋਚ ਅਤੇ ਹੀਣਤਾ ਬੋਧ ਦੇ ਕਾਰਨ ਪੁਰਸ਼ਾਂ ਦੇ ਸਾਹਮਣੇ ਖੁਲ੍ਹ ਕੇ ਨਹੀਂ ਪ੍ਰਗਟਾ ਪਾਉਣਗੀਆਂ, ਉਨ੍ਹਾਂ ਵਿਚੋਂ ਅਨੇਕਾਂ ਇਸਤਰੀਆਂ ਤਾਂ ਪੁਰਸ਼ਾਂ ਦੇ ਸਾਹਮਣੇ ਬੋਲਣ ਤਕ ਦਾ ਹੌਸਲਾ ਨਹੀਂ ਕਰ ਸਕਦੀਆਂ। ਅੱਜ ਇਸਤਰੀਆਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਪੁਰਸ਼ਾਂ ਦੁਆਰਾ ਸਮਝੀ ਆਂਕੀ ਨਾ ਜਾਵੇ ਤੇ ਨਾ ਹੀ ਉਨ੍ਹਾਂ ਦੇ ਜੀਵਨ ਦਾ ਸਾਂਝੀਦਾਰ ਪੁਰਸ਼ ਉਨ੍ਹਾਂ ਦਾ ਨਿਆਂ ਕਰਤਾ ਹੋਵੇ, ਜ਼ਰੂਰੀ ਹੈ ਕਿ ਇਸਤਰੀਆਂ ਉਨ੍ਹਾਂ ਤੋਂ ਵੀ ਪੂਰੀ ਤਰ੍ਹਾਂ ਮੁਕਤ ਹੋਣ।

*ਐਲਿਸ : ਅਤੇ ਆਪਣੇ ਖਾਸ ਤਰ੍ਹਾਂ ਦੇ ਜਾਤੀਗਤ ਦਮਨ ਅਤੇ ਤਸ਼ੱਦਦ ਨੂੰ ਸਮਝ ਸਕਣ?*

ਸਿਮੋਨ : ਬਿਲਕੁਲ, ਵਰਤਮਾਨ ਸਮੇਂ ਵਿਚ ਨਾ ਤਾਂ ਪੁਰਸ਼ ਪ੍ਰਭੂਤਵਵਾਦੀ ਮਾਨਸਿਕਤਾ ਅਤੇ ਨਾ ਹੀ ਅਨੁਕੂਲਿਤ ਇਸਤਰੀ ਦਿਮਾਗ ਇਸਤਰੀ ਦੀਆਂ ਸਾਂਝੀਆਂ ਬੈਠਕਾਂ ਵਿਚ ਸੱਚੇ, ਇਮਾਨਦਾਰ ਅਤੇ ਪੱਖਪਾਤ ਰਹਿਤ ਬਹਿਸ ਦੀ ਆਗਿਆ ਦਿੰਦੇ ਹਨ।

*ਐਲਿਸ : ਇਸ ਸਮੇਂ ਇਸਤਰੀਆਂ ਦੀਆਂ ਬੈਠਕਾਂ ਵਿਚੋਂ ਪੁਰਸ਼ਾਂ ਦਾ ਕਢਿਆ ਜਾਣਾ ਤੁਹਾਡੇ ਲਈ ਇਕ ਵਿਹਾਰਿਕ ਮੁੱਦਾ ਹੈ ਕਿਉਂਕਿ ਪਹਿਲਾਂ ਤੋਂ ਹੀ ਦੱਬੀਆਂ ਕੁਚਲੀਆਂ ਇਸਤਰੀਆਂ ਲਈ ਪੁਰਸ਼ਾਂ ਦੀ ਮੌਜੂਦਗੀ ਅੜਿੱਕਾ ਹੋਵੇਗੀ, ਜਾਂ ਫਿਰ ਇਹ ਇਕ ਰਾਜਨੀਤਿਕ ਮੁੱਦਾ ਵੀ ਹੈ। ਜਦ ਕਿ ਪੁਰਸ਼ ਇਸ ਸਮੁੱਚੀ ਦਮਨਕਾਰੀ ਵਿਵਸਥਾ ਦੇ ਪ੍ਰਤੀਨਿਧ ਹਨ, ਫਿਰ ਵੀ ਇਕ ਵਿਅਕਤੀ ਦੇ ਰੂਪ ਵਿਚ ਵੀ ਇਸਤਰੀਆਂ ਨੂੰ ਦੁਖੀ ਕਰਦੇ ਹਨ। ਤਾਂ ਕੀ ਅੱਜ ਉਨ੍ਹਾਂ ਨੂੰ ਇਸਤਰੀਆਂ ਦੇ ਸੰਘਰਸ਼ ਦੀ ਮੁਢਲੀ ਅਵਸਥਾ ਵਿਚ ਆਪਣੇ ਪਹਿਲੇ ਦੁਸ਼ਮਣ ਦੇ ਰੂਪ ਵਿਚ ਨਹੀਂ ਦੇਖਿਆ ਜਾਣਾ ਚਾਹੀਦਾ।*

ਸਿਮੋਨ : ਹਾਂ, ਇਹ ਤਾਂ ਠੀਕ ਹੈ ਪਰ ਇਹ ਮਾਮਲਾ ਕਾਫੀ ਉਲਝਿਆ ਹੋਇਆ ਹੈ। ਮਾਰਕਸ ਨੇ ਪੂੰਜੀਪਤੀਆਂ ਦੇ ਸਬੰਧ ਵਿਚ ਜੋ ਕਿਹਾ ਸੀ, ਉਹ ਗੱਲ ਇਥੇ ਵੀ ਲਾਗੂ ਹੁੰਦੀ ਹੈ। ਪੁਰਸ਼ ਵੀ ਇਸ ਦਮਨਕਾਰੀ ਵਿਵਸਥਾ ਦੇ ਸ਼ਿਕਾਰ ਹਨ, ਬੇਸ਼ੱਕ ਇਹ ਬੜਾ ਅਮੂਰਤ ਜਿਹਾ ਵਿਚਾਰ ਹੈ, ਜਿਵੇਂ ਕਿ ਕਿਸੇ ਸਮੇਂ ਮੇਰੀ ਧਾਰਨਾ ਸੀ ਕਿ ਇਕ ਵਿਅਕਤੀ ਨੂੰ ਸਿਰਫ ਵਿਵਸਥਾ ਦੇ ਵਿਰੁਧ ਸੰਘਰਸ਼ ਕਰਨਾ ਚਾਹੀਦਾ ਹੈ, ਦਰਅਸਲ ਪੁਰਸ਼ਾਂ ਵਿਰੁਧ ਸੰਘਰਸ਼ ਵੀ ਉਨਾਂ ਹੀ ਜ਼ਰੂਰੀ ਹੈ, ਜਿੰਨਾ ਕਿ ਸਮੁੱਚੇ ਸ਼ੋਸ਼ਣ ਤੰਤਰ ਦੇ ਖਿਲਾਫ, ਭਾਵੇਂ ਕਿਸੇ ਇਕ ਪੁਰਸ਼ ਨੇ ਇਸ ਵਿਵਸਥਾ ਦਾ ਨਿਰਮਾਣ ਨਹੀਂ ਕੀਤਾ ਹੈ ਫਿਰ ਵੀ ਉਸ ਨੂੰ ਉਸ ਦਾ ਲਾਭ ਮਿਲਦਾ ਹੈ ਅਤੇ ਉਹ ਸ਼ੋਸ਼ਣ ਅਤੇ ਤਸੱਦਦ ਦੇ ਇਸ ਤੰਤਰ ਵਿਚ ਸਹਿਭਾਗੀ ਹੈ। ਉਸ ਦੀ ਭੂਮਿਕਾ ਇਕ ਅਪਰਾਧੀ ਦੀ ਹੈ। ਜੋ ਪੁਰਸ਼ ਅੱਜ ਮੌਜੂਦ ਹਨ, ਪਿਤਾ ਪ੍ਰਧਾਨ ਸਮਾਜ ਦੇ ਸਿਰਜਕ ਇਹ ਨਹੀਂ ਹਨ, ਫਿਰ ਵੀ ਅੱਜ ਉਹ ਪਿੱਤਰੀ ਸੱਤਾ ਤੋਂ ਪ੍ਰਾਪਤ ਵਿਸ਼ੇਸ਼ ਅਧਿਕਾਰਾਂ ਦਾ ਲਾਭ ਉਠਾ ਰਹੇ ਹਨ ਬਾਵਜੂਦ ਇਸ ਦੇ ਕਿ ਉਹ ਹੀ ਇਸ ਪੀੜਾਦਾਇਕ ਵਿਵਸਥਾ ਦੇ ਵਿਰੋਧੀ ਵੀ ਹਨ। ਸਾਨੂੰ ਵਿਵਸਥਾ ਪਰਿਵਰਤਨ ਲਈ ਤਾਂ ਲੜਨਾ ਹੀ ਪੈਣਾ ਹੈ, ਪਰ ਨਾਲ ਹੀ ਸਾਡਾ ਸਬੰਧ ਪੁਰਸ਼ਾਂ ਨਾਲ ਵੀ ਹੈ, ਭਾਵੇਂ ਬਹੁਤ ਸ਼ੱਤਰੂਤਾਪੂਰਣ ਢੰਗ ਨਾਲ ਅਤੇ ਘ੍ਰਿਣਾ ਤੇ ਦੁਰਭਾਵਨਾ ਦੇ ਨਾਲ ਨਹੀਂ, ਪਰ ਉਨ੍ਹਾਂ 'ਤੇ ਪੂਰਾ ਸੰਦੇਹ ਕਰਦੇ ਹੋਏ ਅਤੇ ਬਹੁਤ ਸੁਚੇਤ ਰੂਪ ਵਿਚ, ਤਾਂ ਕਿ ਉਹ ਸਾਡੀਆਂ ਗਤੀਵਿਧੀਆਂ, ਲੜਾਈ ਦੀਆਂ ਸੰਭਾਵਨਾਵਾਂ ਅਤੇ ਸਾਡੀਆਂ ਅੰਦਰਲੀਆਂ ਸ਼ਕਤੀਆਂ ਵਿਚ ਦਖਲ ਨਾ ਦੇ ਸਕੇ। ਉਸ ਦਾ ਨੁਕਸਾਨ ਨਾ ਕਰ ਸਕੇ। ਇਸਤਰੀਆਂ ਨੂੰ ਵਿਵਸਥਾ ਅਤੇ ਪੁਰਸ਼ ਦੋਵਾਂ ਉਪਰ ਹੀ ਹਮਲੇ ਕਰਨੇ ਚਾਹੀਦੇ ਹਨ। ਜੇਕਰ ਕੋਈ ਪੁਰਸ਼ ਨਾਰੀਵਾਦੀ ਹੈ ਤਾਂ ਵੀ ਉਸ ਤੋਂ ਇਕ ਸੀਮਾ ਤਕ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ ਅਤੇ ਪਿੱਤਰੀ ਸੱਤਾਵਾਦ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਔਰਤਾਂ ਇਹ ਨਹੀਂ ਚਾਹੁੰਦੀਆਂ ਕਿ ਸੱਤਾ ਉਨ੍ਹਾਂ ਨੂੰ ਪ੍ਰਦਾਨ ਕੀਤੀ ਜਾਵੇ ਬਲਕਿ ਉਹ ਲੜ ਕੇ ਆਜ਼ਾਦੀ ਹਾਸਲ ਕਰਨਾ ਚਾਹੁੰਦੀਆਂ ਹਨ, ਜਿੱਤਣਾ ਚਾਹੁੰਦੀਆਂ ਹਨ, ਆਜ਼ਾਦੀ ਮਿਲ ਜਾਣਾ ਅਤੇ ਉਸ ਨੂੰ ਹਾਸਲ ਕਰਨਾ ਦੋਵੇਂ ਵੱਖ ਵੱਖ ਗੱਲਾਂ ਹਨ।

*ਐਲਿਸ : ਕੀ ਤੁਸੀਂ ਪੁਰਸ਼ਾਂ ਪ੍ਰਤੀ ਅਜਿਹਾ ਸ਼ੰਕਾ, ਅਜਿਹੀ ਘ੍ਰਿਣਾ ਮਹਿਸੂਸ ਕੀਤੀ ਹੈ?*

ਸਿਮੋਨ : ਨਹੀਂ, ਆਪਣੇ ਵਿਅਕਤੀਗਤ ਜੀਵਨ ਵਿਚ ਤਾਂ ਮੇਰਾ ਵਾਹ ਹਮੇਸ਼ਾ ਚੰਗੇ ਪੁਰਸ਼ਾਂ ਨਾਲ ਹੀ ਪਿਆ ਹੈ। ਮੈਂ ਐਮ.ਐਲ.ਐਫ. ਨਾਲ ਜੁੜੀਆਂ ਹੋਈਆਂ ਕਈ ਇਸਤਰੀਆ ਨੂੰ ਜਾਣਦੀ ਹਾਂ ਜੋ ਪੁਰਸ਼ਾਂ ਨਾਲ ਘ੍ਰਿਣਾ ਨਹੀਂ ਕਰਦੀਆਂ, ਪ੍ਰੰਤੂ ਪੁਰਸ਼ਾਂ ਦੇ ਪ੍ਰਤੀ ਉਨ੍ਹਾਂ ਦਾ ਆਚਰਣ ਕਾਫੀ ਹੁਸ਼ਿਆਰੀ ਭਰਿਆ ਅਤੇ ਚੌਕੰਨਾ ਹੁੰਦਾ ਹੈ। ਉਹ ਇਸ ਚੀਜ਼ ਪ੍ਰਤੀ ਕਾਫੀ ਦ੍ਰਿੜ ਅਤੇ ਸੁਨਿਸ਼ਚਿਤ ਹਨ ਕਿ ਕੋਈ ਪੁਰਸ਼ ਉਨ੍ਹਾਂ ਉਪਰ ਹਾਵੀ ਨਹੀਂ ਹੋ ਸਕਦਾ ਅਤੇ ਨਾ ਹੀ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਨਿਗਲ ਸਕਦਾ ਹੈ।

*ਐਲਿਸ : ਕੀ ਤੁਹਾਨੂੰ ਨਹੀਂ ਲਗਦਾ ਕਿ ਰਾਜਨੀਤਿਕ ਦ੍ਰਿਸ਼ਟੀ ਤੋਂ ਇਹ ਬਿਹਤਰ ਹੋਵੇਗਾ ਕਿ ਕੁਝ ਇਸਤਰੀਆਂ ਇਸ ਤੋਂ ਵੀ ਅੱਗੇ ਨਿਕਲ ਜਾਣ, ਪੁਰਸ਼ਾਂ ਪ੍ਰਤੀ ਉਨ੍ਹਾਂ ਦਾ ਰੁਖ ਹੋਰ ਵੀ ਹਮਲਾਵਰ ਹੋਵੇ?*

ਸਿਮੋਨ : ਸ਼ਾਇਦ, ਸ਼ਾਇਦ ਇਹ ਬੁਰਾ ਨਹੀਂ ਹੈ ਕਿ ਕੁਝ ਇਸਤਰੀਆਂ ਅਜਿਹੀਆਂ ਹੋਣ ਜੋ ਪੂਰੀ ਤਰ੍ਹਾਂ ਅਤੇ ਕਾਫੀ ਤੀਬਰਤਾ ਤੇ ਗਹਿਰਾਈ ਨਾਲ ਪਰਿਵਰਤਨਕਾਰੀ ਹੋਣ ਅਤੇ ਪੁਰਸ਼ਾਂ ਨੂੰ ਪੂਰੀ ਤਰ੍ਹਾਂ ਅਸਵੀਕਾਰ ਕਰ ਦੇਣ। ਬਹੁਤ ਸੰਭਵ ਹੈ, ਅਜਿਹੀਆਂ ਤੇਜ਼ ਤਰਾਰ ਇਸਤਰੀਆਂ ਉਨ੍ਹਾਂ ਉਪਰ ਆਪਣਾ ਪ੍ਰਭਾਵ ਪਾਉਣ ਅਤੇ ਉਨ੍ਹਾਂ ਨੂੰ ਆਪਣੇ ਪੱਖ ਵਿਚ ਕਰ ਲੈਣ 'ਚ ਸਫਲ ਹੋ ਜਾਣ, ਜੋ ਕਿਸੇ ਨਿੱਜੀ



ਪ੍ਰੇਰਨਾ ਦੀ ਅਣਹੋਂਦ ਵਿਚ ਪਿੱਤਰੀ ਸੱਤਾ ਨਾਲ ਸਮਝੌਤਾ ਕਰ ਲੈਂਦੀਆਂ ਹਨ। ਇਹ ਬਿਲਕੁਲ ਸੰਭਵ ਹੈ ਕਿ ਰੈਡੀਕਲ ਨਾਰੀਵਾਦ ਦਾ ਅਜਿਹਾ ਪ੍ਰਭਾਵ ਦਿਖਾਈ ਦੇਵੇ।

*ਐਲਿਸ: ਜ਼ਿਆਦਾਤਰ ਨਾਰੀ-ਅੰਦੋਲਨ ਵਿਚ ਕੁੱਝ ਸਮਲੈਂਗਿਕ ਤੱਤ ਵੀ ਮੌਜੂਦ ਹਨ, ਲੇਕਿਨ ਜਿਵੇਂ ਕਿ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਜ਼ਿਆਦਾਤਰ ਸਮਲੈਂਗਿਕ ਸਬੰਧ ਅਚਾਨਕ ਜਾਂ ਸਬੱਬ ਨਾਲ ਹੋ ਜਾਂਦੇ ਹਨ, ਇਨ੍ਹਾਂ ਦੀ ਸੰਖਿਆ ਵੀ ਜ਼ਿਆਦਾ ਨਹੀਂ ਹੈ, ਪਰ ਫਿਰ ਵੀ ਘੱਟ ਗਿਣਤੀ ਵਿਚ ਹੋਣ ਦੇ ਬਾਵਜੂਦ, ਸਮਲੈਂਗਿਕਤਾ ਮੁਕਤੀ ਦੇ ਸੂਤਰੀਕਰਨ ਦਾ ਪ੍ਰਮੁੱਖ ਸਰੋਤ ਅਤੇ ਆਧਾਰ ਬਣੀ ਹੈ। ਕੀ ਤੁਹਾਨੂੰ ਲਗਦਾ ਹੈ ਕਿ ਇਸਤਰੀ-ਸਮਲੈਂਗਿਕਤਾ ਪੁਰਸ਼ਾਂ ਦੇ ਨਾਕਾਰ ਦਾ ਉਗਰ ਅਤੇ ਪ੍ਰਭਾਵੀ ਤਰੀਕਾ ਹੋ ਸਕਦਾ ਹੈ ਅਤੇ ਮੌਜੂਦਾ ਪਰਿਸਥਿਤੀਆਂ ਵਿਚ ਇਸ ਨੂੰ ਇਕ ਪ੍ਰਭਾਵੀ ਹਥਿਆਰ ਦੇ ਰੂਪ ਵਿਚ ਇਸਤੇਮਾਲ ਕੀਤਾ ਜਾ ਸਕਦਾ ਹੈ।*

ਸਿਮੋਨ : ਮੈਂ ਇਸ ਵਿਸ਼ੇ ਉਪਰ ਬਹੁਤ ਜ਼ਿਆਦਾ ਨਹੀਂ ਸੋਚਿਆ, ਚੰਗਾ ਹੈ ਕਿ ਕੁਝ ਔਰਤਾਂ ਅਜਿਹੀਆਂ ਹਨ, ਜੋ ਬਹੁਤ ਉਗਰ ਅਤੇ ਜੁਝਾਰੂ ਹਨ। ਸਮਲੈਂਗਿਕ ਇਸਤਰੀਆਂ ਬਹੁਤ ਵੱਡੀ ਭੂਮਿਕਾ ਅਦਾ ਕਰ ਸਕਦੀਆਂ ਹਨ ਪਰ ਜਦ ਇਹ ਇਸਤਰੀਆਂ ਆਪਣੀ ਸਮਲੈਂਗਿਕਤਾ ਉਪਰ ਬਹੁਤ ਜ਼ਿਆਦਾ ਜ਼ੋਰ ਦੇਣਾ ਸ਼ੁਰੂ ਕਰ ਦਿੰਦੀਆਂ ਹਨ ਤਾਂ ਅੰਤਰ ਲਿੰਗੀ ਇਸਤਰੀਆਂ ਦੇ ਅੰਦੋਲਨ ਲਈ ਅਲਗ-ਥਲਗ ਪੈਣ ਦਾ ਖਤਰਾ ਪੈਦਾ ਹੋ ਜਾਂਦਾ ਹੈ। ਪ੍ਰੰਪਰਿਕ ਰੂਪ ਨਾਲ ਆਰੋਪਿਤ ਵਿਪਰੀਤ ਲਿੰਗੀ ਯੌਨ ਵਿਹਾਰ ਘਟੀਆ ਅਤੇ ਖਿਝਾਉਣ ਵਾਲਾ ਹੈ।

*ਐਲਿਸ : ਵਿਪਰੀਤ ਲਿੰਗੀ ਸਹਿਵਾਸ ਦੇ ਬੰਧੇਜ ਤੋਂ ਮੁਕਤੀ ਪਾਉਣ ਲਈ ਇਸਤਰੀਆਂ ਨੇ ਸਵੈ ਇੱਛਾ ਨਾਲ ਸਮਲੈਂਗਿਕਤਾ ਨੂੰ ਸਵੀਕਾਰ ਕੀਤਾ ਹੈ, ਕਿਉਂਕਿ ਪਿੱਤਰਾਤਮਿਕ ਮੁੱਲ ਵਿਵਸਥਾ ਵਿਚ ਪੁਰਸ਼ਾਂ ਦੇ ਨਾਲ ਯੌਨ ਸਬੰਧ ਨਿਸ਼ਚਿਤ ਤੌਰ 'ਤੇ ਦਮਨਕਾਰੀ ਹੋਵੇਗਾ।*

ਸਿਮੋਨ : ਕੀ ਇਹ ਜ਼ਰੂਰੀ ਹੈ ਕਿ ਇਸਤਰੀ ਪੁਰਸ਼ ਦੇ ਵਿਚਕਾਰ ਯੌਨ ਸਬੰਧ ਹਮੇਸ਼ਾ ਦਮਨਕਾਰੀ ਹੀ ਹੋਵੇ? ਅਜਿਹੇ ਦੇਹਿਕ ਸਬੰਧਾਂ ਨੂੰ ਅਸਵੀਕਾਰ ਕਰਨ ਦੀ ਬਜਾਏ ਉਸ ਸਬੰਧ ਵਿਚ ਮੌਜੂਦ ਦਮਨਕਾਰੀ ਤੱਤਾਂ ਦੇ ਵਿਨਾਸ਼ ਦੀ ਗੱਲ ਕਿਉਂ ਨਾ ਕੀਤੀ ਜਾਵੇ। ਮੈਨੂੰ ਹੈਰਾਨੀ ਹੁੰਦੀ ਹੈ, ਜਦ ਲੋਕ ਕਹਿੰਦੇ ਹਨ ਕਿ ਸੰਭੋਗ ਹਮੇਸ਼ਾ ਬਲਾਤਕਾਰ ਹੀ ਹੁੰਦਾ ਹੈ। ਮੈਂ ਅਜਿਹਾ ਨਹੀਂ ਮੰਨਦੀ, ਜਦ ਕੋਈ ਇਹ ਕਹਿੰਦਾ ਹੈ ਕਿ ਸੰਭੋਗ ਬਲਾਤਕਾਰ ਹੈ ਤਾਂ ਇਹ ਪੁਰਸ਼ਾਂ ਦੁਆਰਾ ਫੈਲਾਏ ਗਏ ਮਿੱਥਕ ਨੂੰ ਹੀ ਸਵੀਕਾਰ ਕਰ ਰਿਹਾ ਹੁੰਦਾ ਹੈ, ਜਿਸ ਦਾ ਅਰਥ ਹੈ ਕਿ ਪੁਰਸ਼ ਦਾ ਯੋਨੰਗ ਵਾਸਤਵ ਵਿਚ ਕੋਈ ਤਲਵਾਰ ਜਾਂ ਸ਼ਾਸਤਰ ਹੈ। ਦਰਅਸਲ ਸਵਾਲ ਇਸਤਰੀ ਤੇ ਪੁਰਸ਼ ਦੇ ਵਿਚਕਾਰ ਇਕ ਨਵੇਂ ਢੰਗ ਦੇ ਪੀੜਾ ਮੁਕਤ ਯੌਨ ਸਬੰਧਾਂ ਦੇ ਸਿਰਜਣ ਦਾ ਹੈ।

*ਐਲਿਸ : 'ਦ ਸੈਕੇਂਡ ਸੈਕਸ' ਵਿਚ ਇਕ ਥਾਂ ਤੁਸੀਂ ਲਿਖਿਆ ਹੈ ਕਿ ਵਿਅਕਤੀਗਤ ਰੂਪ ਵਿਚ ਤੁਹਾਨੂੰ ਔਰਤਾਂ ਨਾਲ ਜੁੜੀਆਂ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨਾ ਪਿਆ। ਤੁਹਾਡੇ ਜੀਵਨ ਦੀਆਂ ਸਥਿਤੀਆਂ ਕਾਫੀ ਨਿਰਪੱਖ ਅਤੇ ਨਿਆਂਪੂਰਨ ਸਨ। ਕੀ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਨਿੱਜੀ ਤੌਰ 'ਤੇ ਕੋਈ ਇਸਤਰੀ, ਇਸਤਰੀ ਤਸ਼ੱਦਦ ਦੀ ਗੁਲਾਮੀ ਤੋਂ ਮੁਕਤੀ ਪਾ ਸਕਦੀ ਹੈ? ਕੰਮਕਾਜ ਦੇ ਖੇਤਰ ਵਿਚ ਅਤੇ ਪੁਰਸ਼ਾਂ ਦੇ ਨਾਲ ਆਪਣੇ ਸਬੰਧਾਂ ਵਿਚ ਵੀ?*

ਸਿਮੋਨ : ਪੂਰੀ ਤਰ੍ਹਾਂ ਨਾਲ ਇਸਤਰੀ ਦੀ ਗੁਲਾਮੀ ਤੋਂ ਮੁਕਤੀ? ਕਦੇ ਨਹੀਂ ਮੇਰੇ ਕੋਲ ਇਸਤਰੀ ਦਾ ਸਰੀਰ ਹੈ, ਪਰ ਫਿਰ ਵੀ ਮੈਂ ਕਾਫੀ ਖੁਸ਼ਕਿਸਮਤ ਰਹੀ ਹਾਂ। ਮੈਂ ਅਜਿਹੀਆਂ ਕਈ ਚੀਜ਼ਾਂ ਤੋਂ ਮੁਕਤ ਰਹੀ, ਜੋ ਔਰਤ ਨੂੰ ਗੁਲਾਮ ਬਣਾਉਂਦੀਆਂ ਹਨ, ਜਿਵੇਂ ਕਿ ਪਤਨੀ ਅਤੇ ਮਾਤਾ-ਤਵ ਦੀਆਂ ਪਰੰਪਰਿਕ ਭੂਮਿਕਾਵਾਂ, ਕੰਮਕਾਜ ਦੇ ਖੇਤਰ ਵਿਚ ਵੀ ਇਸਤਰੀ ਹੋਣਾ ਮੇਰੇ ਲਈ ਰੁਕਾਵਟ ਸਿੱਧ ਨਹੀਂ ਹੋਇਆ। ਮੇਰੇ ਸਮੇਂ ਵਿਚ ਅੱਜ ਦੀ ਤੁਲਨਾ ਵਿਚ ਬਹੁਤ ਘੱਟ ਇਸਤਰੀਆਂ ਉਚ ਅਧਿਐਨ ਦੇ ਖੇਤਰ ਵਿਚ ਪ੍ਰਵੇਸ਼ ਕਰ ਪਾਉਂਦੀਆਂ ਸਨ ਅਤੇ ਜਿਥੋਂ ਤਕ ਦਰਸ਼ਨ ਸ਼ਾਸਤਰ ਵਰਗੇ ਵਿਸ਼ੇ ਵਿਚ ਉਚ ਡਿਗਰੀ ਹਾਸਲ ਕਰਨ ਦਾ ਸਵਾਲ ਹੈ ਤਾਂ ਮੈਂ ਹੋਰ ਇਸਤਰੀਆਂ ਦੀ ਤੁਲਨਾ ਵਿਚ ਸੁਵਿਧਾਜਨਕ ਸਥਿਤੀ ਵਿਚ ਹੀ ਸੀ, ਮੈਂ ਪੁਰਸ਼ਾਂ ਨੂੰ ਇਸ ਗੱਲ ਲਈ ਮਜਬੂਰ ਕੀਤਾ ਕਿ ਉਹ ਮੇਰੀ ਸਮਰੱਥਾ ਨੂੰ ਸਵੀਕਾਰ ਕਰਨ, ਮਿੱਤਰਤਾਪੂਰਨ ਢੰਗ ਨਾਲ ਉਸ ਇਸਤਰੀ ਨੂੰ ਮਾਨਤਾ ਦੇਣ, ਇਹ ਇਕ ਅਪਵਾਦ ਸੀ। ਅੱਜ ਭਾਰੀ ਸੰਖਿਆ ਵਿਚ ਔਰਤਾਂ ਉਚ ਸਿੱਖਿਆ ਦੇ ਖੇਤਰ ਵਿਚ ਆ ਰਹੀਆਂ ਹਨ ਅਤੇ ਪੁਰਸ਼ ਆਪਣੀਆਂ ਨੌਕਰੀਆਂ ਨੂੰ ਲੈ ਕੇ ਆਤੰਕਿਤ ਹਨ। ਮੇਰੇ ਵਾਂਗ ਅੱਜ ਅਨੇਕਾਂ ਔਰਤਾਂ ਨੇ ਮਾਂ ਅਤੇ ਪਤਨੀ ਦੀ ਤਸੀਹਾ ਪੂਰਨ ਜ਼ਿੰਦਗੀ ਤੋਂ ਮੁਕਤੀ ਪਾਈ ਹੈ ਅਤੇ ਇਹ ਸਿੱਧ ਕਰ ਦਿਤਾ ਹੈ ਕਿ ਔਰਤਾਂ ਲਈ ਖੁਸ਼ਹਾਲ ਜ਼ਿੰਦਗੀ ਦੀ ਇਕ ਮਾਤਰ ਸ਼ਰਤ ਮਾਂ ਅਤੇ ਪਤਨੀ ਹੋਣਾ ਹੀ ਨਹੀਂ ਹੈ। ਮਤਲਬ ਇਹ ਕਿ ਅੱਜ ਕੁਝ ਔਰਤਾਂ ਅਜਿਹੀਆਂ ਹਨ ਜੋ ਇਸਤਰੀ ਨੂੰ ਪੀੜਤ ਕਰਨ ਵਾਲੀਆਂ ਅਤੇ ਗੁਲਾਮ ਬਣਾਉਣ ਵਾਲੀਆਂ ਸਥਿਤੀਆਂ ਤੋਂ ਮੁਕਤ ਹੋ ਕੇ ਜੀਅ ਰਹੀਆਂ ਹਨ। ਬੇਸ਼ੱਕ ਇਹ ਇਸਤਰੀਆਂ ਵਿਸ਼ਿਸ਼ਟ ਸੁਵਿਧਾ ਸੰਪੰਨ ਪਰਿਵਾਰਾਂ ਵਿਚ ਪੈਦਾ ਹੋਈਆਂ ਅਤੇ ਬੌਧਿਕ ਦ੍ਰਿਸ਼ਟੀ ਤੋਂ ਵੀ ਸਮਰੱਥ ਰਹੀਆਂ ਹਨ।

*ਐਲਿਸ : ਇਕ ਵਾਰ ਤੁਸੀਂ ਕਿਹਾ ਸੀ, ''ਮੇਰੇ ਜੀਵਨ ਦੀ ਸਭ ਤੋਂ ਵੱਡੀ ਸਫਲਤਾ ਸਾਰਤਰ ਦੇ ਨਾਲ ਮੇਰੇ ਸਬੰਧ ਹਨ...।''*

ਸਿਮੋਨ : ਬੇਸ਼ੱਕ।

*ਐਲਿਸ : ਹੁਣ ਤਕ ਦੇ ਜੀਵਨ ਵਿਚ ਤੁਹਾਡੀ ਆਜ਼ਾਦੀ ਤੁਹਾਨੂੰ ਬਹੁਤ ਪਿਆਰੀ ਰਹੀ। ਤੁਹਾਨੂੰ ਸੁਤੰਤਰਤਾ ਚਾਹੀਦੀ ਸੀ ਅਤੇ ਇਸ ਗੱਲ ਦਾ ਡਰ ਵੀ ਤੁਹਾਨੂੰ ਹਮੇਸ਼ਾ ਸਤਾਉਂਦਾ ਸੀ ਕਿ ਕਿਤੇ ਤੁਹਾਨੂੰ ਦਬ ਨਾ ਜਾਣਾ ਪਵੇ। ਇਹ ਸੱਚ ਹੁੰਦੇ ਹੋਏ ਵੀ ਕਿ ਇਸਤਰੀ ਅਤੇ ਪੁਰਸ਼ ਦੇ ਵਿਚਕਾਰ ਅਸਲ ਬਰਾਬਰੀ ਅਤੇ ਸਮਤਾ ਉਪਰ ਟਿਕੇ ਸਬੰਧ ਦਾ ਨਿਰਮਾਣ ਬਹੁਤ ਮੁਸ਼ਕਲ ਹੈ, ਕੀ ਤੁਹਾਨੂੰ ਲਗਦਾ ਹੈ ਕਿ ਵਿਅਕਤੀਗਤ ਰੂਪ ਵਿਚ ਤੁਸੀਂ ਇਸ ਮੋਰਚੇ 'ਤੇ ਸਫਲ ਹੋ ਗਏ ਹੋ?*

ਸਿਮੋਨ : ਬਿਲਕੁਲ, ਬਲਕਿ ਅਜਿਹੀ ਸਮੱਸਿਆ ਤਾਂ ਸਾਡੇ ਵਿਚਕਾਰ ਕਦੇ ਆਈ ਹੀ ਨਹੀਂ, ਕਿਉਂਕਿ ਸਾਰਤਰ ਵਿਚ ਸ਼ਾਸਕ ਜਾਂ ਜ਼ਾਬਰ ਵਰਗਾ ਕੁੱਝ ਹੈ ਹੀ ਨਹੀਂ ਸੀ। ਜੇਕਰ ਮੈਂ ਸਾਰਤਰ ਤੋਂ ਇਲਾਵਾ ਵੀ ਕਿਸੇ ਪੁਰਸ਼ ਨਾਲ ਪ੍ਰੇਮ ਕਰਦੀ ਸੀ, ਤਾਂ ਇਸ ਲਈ ਮੈਨੂੰ ਕਦੇ ਖੁਦ ਨੂੰ ਦਬਾਉਣਾ ਜਾਂ ਕੁਚਲਣਾ ਨਹੀਂ ਸੀ ਪੈਂਦਾ। ਕੁਝ ਇਸਤਰੀਆਂ ਅਜਿਹੀਆਂ ਹਨ, ਜਿਨ੍ਹਾਂ ਕੋਲ ਆਪਣਾ ਸੁਤੰਤਰ ਕਿੱਤਾ ਹੈ ਅਤੇ ਇਸ ਕਰ ਕੇ ਉਹ ਪੁਰਸ਼ ਦੀ ਸਰਦਾਰੀ ਤੋਂ ਮੁਕਤ ਹਨ। ਕੁਝ ਔਰਤਾਂ ਦੇ ਪੁਰਸ਼ਾਂ ਨਾਲ ਸਬੰਧ ਕਾਫੀ ਸੰਤੁਲਿਤ ਹਨ।

*ਐਲਿਸ : ਤੁਸੀਂ ਔਰਤਾਂ ਨੂੰ ਹੇਠਲੇ ਵਰਗ ਦਾ ਕਿਹਾ ਹੈ.... ?*

ਸਿਮੋਨ : ਮੈਂ ਵਰਗ ਨਹੀਂ ਕਿਹਾ, ਬਲਕਿ 'ਦਾ ਸੈਕੇਂਡ ਸੈਕਸ' ਵਿਚ ਮੈਂ ਕਿਹਾ ਸੀ ਕਿ ਇਸਤਰੀ ਅਧੀਨ ਜਾਤੀ ਹੈ। ਜਾਤੀ ਦਾ ਅਰਥ ਹੈ ਕੋਈ ਉਸ ਜਾਤੀ ਵਿਚ ਪੈਦਾ ਹੋਇਆ ਹੈ ਅਤੇ ਉਸ ਤੋਂ ਬਾਹਰ ਨਹੀਂ ਜਾ ਸਕਦਾ। ਜਦਕਿ ਸਿਧਾਂਤ ਅਨੁਸਾਰ ਇਕ ਵਿਅਕਤੀ ਇਕ ਵਰਗ ਤੋਂ ਦੂਜੇ ਵਰਗ ਵਿਚ ਜਾ ਸਕਦਾ ਹੈ। ਪਰ ਜੇਕਰ ਤੁਸੀਂ ਔਰਤ ਹੋ ਤਾਂ ਕਦੇ ਪੁਰਸ਼ ਨਹੀਂ ਬਣ ਸਕਦੇ। ਔਰਤ ਸ਼ੁੱਧ ਰੂਪ ਵਿਚ ਇਕ ਜਾਤੀ ਹੈ, ਵਰਗ ਨਹੀਂ, ਆਰਥਕ ਅਤੇ ਸਮਾਜਕ ਦ੍ਰਿਸ਼ਟੀ ਤੋਂ ਔਰਤਾਂ ਦੇ ਨਾਲ ਹੋਣ ਵਾਲਾ ਵਿਹਾਰ ਉਨ੍ਹਾਂ ਨੂੰ ਇਕ ਗੁਲਾਮ ਜਾਤੀ ਦੇ ਰੂਪ ਵਿਚ ਹੀ ਨਿਰਮਿਤ ਕਰਦਾ ਹੈ।

*ਐਲਿਸ : ਕੁਝ ਇਸਤਰੀ-ਅੰਦੋਲਨ ਇਸਤਰੀਆਂ ਨੂੰ ਮੌਜੂਦ ਵਰਗਾਂ ਤੋਂ ਅਲੱਗ ਥਲੱਗ ਇਕ ਵਰਗ ਦੇ ਰੂਪ ਵਿਚ ਹੀ ਪਰਿਭਾਸ਼ਤ ਕਰਦੇ ਹਨ। ਇਹ ਸਿਧਾਂਤ ਇਸ ਤੱਥ*



Lovely
Sweets & Restaurant
Fine Indian Cusine & Dine in
Cell: 403.690.2102 ❋ Ph: 403.590.5159
1106, 4818 Westwinds Drive, NE Calgary, AB. T3J 3Z5


*ਉਪਰ ਅਧਾਰਤ ਹੈ ਕਿ ਘਰੇਲੂ ਕਿਰਤ, ਜਿਸ ਦਾ ਕੋਈ ਨੇਮਬੱਧ ਮੁੱਲ ਨਹੀਂ ਹੈ, ਕੇਵਲ ਇਸਤਰੀਆਂ ਵਲੋਂ ਬਦਲੇ ਵਿਚ ਕਿਸੇ ਚੀਜ਼ ਦੀ ਆਸ ਤੋਂ ਬਿਨਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਇਹ ਧਾਰਨਾ ਹੈ ਕਿ ਪਿੱਤਰੀ ਸ਼ੋਸ਼ਣ ਹੀ ਪ੍ਰਮੁੱਖ ਹੈ ਅਤੇ ਬਾਕੀ ਸਭ ਗੌਣ। ਕੀ ਤੁਸੀਂ ਇਸ ਵਿਸ਼ਲੇਸ਼ਣ ਨਾਲ ਸਹਿਮਤ ਹੋ?*

ਸਿਮੋਨ : ਇਸਤਰੀ-ਸ਼ੋਸ਼ਣ ਦੀ ਇਸ ਸਮਝਦਾਰੀ ਨੂੰ ਮੈਂ ਕਈ ਬਿੰਦੂਆਂ 'ਤੇ ਅਧੂਰਾ ਦੇਖਦੀ ਹਾਂ। ਮੈਂ ਚਾਹੁੰਦੀ ਹਾਂ ਕਿ ਕੋਈ ਇਸ ਵਿਸ਼ੇ 'ਤੇ ਗੰਭੀਰਤਾ ਨਾਲ ਕੰਮ ਕਰੇ। ਉਦਾਹਰਣ ਵਜੋਂ ਵੀਮੇਂਸ ਸਟੇਸ ਵਿਚ ਜੂਲੀਅਟ ਮਿਸ਼ੇਲ ਇਹ ਦੱਸਦੀ ਹੈ ਕਿ ਪਿਤਰੀ ਸੱਤਾ ਸਵਾਲ ਕਿਸ ਤਰ੍ਹਾਂ ਕੀਤਾ ਜਾਵੇ, ਪਰ ਉਹ ਆਪਣੀ ਕਿਤਾਬ ਵਿਚ ਉਸ ਦੇ ਹੱਲ ਦਾ ਰਸਤਾ ਨਹੀਂ ਸੁਝਾਉਂਦੀ। ਜਦੋਂ ਮੈਂ ਐਮ.ਐਲ.ਏ. ਦੀਆਂ ਲੜਾਕੂ ਨਾਰੀਆਂ ਦੇ ਸੰਪਰਕ ਵਿਚ ਆਈ ਤਾਂ ਮੈਨੂੰ ਯਾਦ ਹੈ ਕਿ ਉਨ੍ਹਾਂ ਨੂੰ ਮੇਰਾ ਪਹਿਲਾ ਸਵਾਲ ਇਹੀ ਸੀ - ਇਸਤਰੀ ਸ਼ੋਸ਼ਣ ਦੇ ਪਿੱਤਰੀ ਅਤੇ ਪੂੰਜੀਵਾਦੀ ਸਰੂਪਾਂ ਵਿਚ ਕੀ ਅੰਤਰ ਸਬੰਧ ਹੈ? ਅੱਜ ਇਸ ਪ੍ਰਸ਼ਨ ਦਾ ਕੋਈ ਠੋਸ ਉਤਰ ਮੇਰੇ ਕੋਲ ਨਹੀਂ ਹੈ। ਆਉਂਦੇ ਕੁਝ ਸਾਲਾਂ ਵਿਚ ਮੈਂ ਇਸ ਸਮੱਸਿਆ ਉਪਰ ਕੋਈ ਗੰਭੀਰ ਕੰਮ ਕਰਨਾ ਚਾਹਾਂਗੀ। ਮੇਰੀ ਤੀਬਰ ਇੱਛਾ ਹੈ ਕਿ ਇਸ ਵਿਸ਼ੇ ਉਪਰ ਕੋਈ ਠੋਸ ਚਿੰਤਨ ਹੋਵੇ। ਪਰ ਸ਼ੋਸ਼ਣ ਦੀ ਇਹ ਧਾਰਨਾ ਕਿ ਪਿੱਤਰੀ ਜਬਰ ਅਤੇ ਪੂੰਜੀਵਾਦੀ ਜਬਰ, ਦੋਵੇਂ ਇਕੋ ਜਿਹੇ ਹੀ ਹਨ, ਮੇਰੀ ਸਮਝ ਅਨੁਸਾਰ ਠੀਕ ਨਹੀਂ ਹੈ, ਭਾਵੇਂ ਘਰੇਲੂ ਕਿਰਤ ਵਾਫਰ ਮੁੱਲ ਪੈਦਾ ਨਹੀਂ ਕਰਦੀ ਪਰ ਫਿਰ ਵੀ ਇਹ ਸਥਿਤੀ ਉਸ ਮਜ਼ਦੂਰ ਦੀ ਸਥਿਤੀ ਤੋਂ ਭਿੰਨ ਹੈ, ਜਿਸ ਦੀ ਕਿਰਤ ਤੋਂ ਉਤਪੰਨ ਵਾਫਰ ਮੁੱਲ ਹੜੱਪ ਲਿਆ ਜਾਂਦਾ ਹੈ। ਮੈਂ ਇਸ ਚੀਜ਼ ਦੀ ਗਹਿਰੀ ਪੜਤਾਲ ਕਰਨਾ ਚਾਹੁੰਦੀ ਹਾਂ ਕਿ ਇਨ੍ਹਾਂ ਦੋਵਾਂ ਦੇ ਵਿਚਕਾਰ ਠੀਕ ਠੀਕ ਕੀ ਸਬੰਧ ਹੈ। ਭਵਿੱਖ ਵਿਚ ਇਸਤਰੀ ਅੰਦੋਲਨ ਦੀ ਸੰਪੂਰਨ ਰਣਨੀਤੀ ਇਸੇ ਉਪਰ ਨਿਰਭਰ ਕਰੇਗੀ।

ਇਹ ਠੀਕ ਹੈ ਕਿ ਬਿਨਾ ਤਨਖ਼ਾਹ ਘਰੇਲੂ ਕਿਰਤ ਉਪਰ ਕਾਫੀ ਜ਼ੋਰ ਦਿਤਾ ਜਾਵੇ। ਪਰ ਬਹੁਤ ਸਾਰੀਆਂ ਇਸਤਰੀਆਂ ਅਜਿਹੀਆਂ ਵੀ ਹਨ, ਜੋ ਖ਼ੁਦ ਕਿਰਤ ਕਰ ਕੇ ਜੀਵਨ ਜਿਉਣ ਦੇ ਵਸੀਲੇ ਜੁਟਾ ਰਹੀਆਂ ਹਨ ਅਤੇ ਜੋ ਉਸ ਤਰ੍ਹਾਂ ਦੇ ਦਮਨ ਦਾ ਸ਼ਿਕਾਰ ਨਹੀਂ ਹਨ, ਜੋ ਘਰੇਲੂ ਪਤਨੀਆਂ ਨੂੰ ਝੱਲਣਾ ਪੈਂਦਾ ਹੈ।

*ਐਲਿਸ : ਪਰ ਜਦੋਂ ਕੋਈ ਇਸਤਰੀ ਘਰ ਦੀਆਂ ਸੀਮਾਵਾਂ ਤੋਂ ਬਾਹਰ ਕਿਰਤ ਕਰਦੀ ਹੈ ਤਾਂ ਉਸ ਨੂੰ ਇਕ ਹੀ ਤਰ੍ਹਾਂ ਦੇ ਕੰਮ ਲਈ ਪੁਰਸ਼ਾਂ ਦੀ ਤੁਲਨਾ ਵਿਚ ਘੱਟ ਤਨਖ਼ਾਹ ਮਿਲਦੀ ਹੈ।*

ਸਿਮੋਨ : ਹਾਂ, ਔਰਤ ਅਤੇ ਮਰਦ ਦੀ ਕਿਰਤ ਦਾ ਮੂਲ ਸਮਾਨ ਨਹੀਂ ਹੈ, ਇਹ ਸੱਚ ਹੈ। ਪਰ ਹੁਣ ਮੇਰੀ ਗੱਲ 'ਤੇ ਵਾਪਸ ਆਉ। ਮੈਂ ਕਿਹਾ ਸੀ ਕਿ ਘਰੇਲੂ ਕਿਰਤ ਕਾਰਨ ਹੋਣ ਵਾਲਾ ਇਸਤਰੀਆਂ ਦਾ ਸ਼ੋਸ਼ਣ ਕਿਰਤੀਆਂ ਦੇ ਸ਼ੋਸ਼ਣ ਦੇ ਸਮਤੁਲ ਨਹੀਂ ਹੈ, ਇਸ ਬਿੰਦੂ ਉਪਰ ਨਾ ਤਾਂ ਕੇਟ ਮਿਲੇਟ ਅਤੇ ਨਾ ਹੀ ਜਮੇਨ ਗਰੀਅਰ ਅਤੇ ਸੁਲਾਮਿਥ ਫਾਇਰਸਟੋਨ ਨੇ ਲੋੜੀਂਦਾ ਧਿਆਨ ਕੇਂਦਰਤ ਕੀਤਾ ਹੈ।

*ਐਲਿਸ : ਇਨ੍ਹਾਂ ਲੇਖਿਕਾਵਾਂ ਨੇ ਇਸ ਸਮੱਸਿਆ ਦੇ ਵਿਸ਼ਲੇਸ਼ਣ ਵਿਚ ਕੋਈ ਨਵੇਂ ਤੱਥ ਨਹੀਂ ਸਮੋਏ....*

ਸਿਮੋਨ : ਨਹੀਂ, ਮਿਲੇਟ ਅਤੇ ਗਰੀਅਰ ਦੇ ਸੰਦਰਭ ਵਿਚ ਤਾਂ ਬਿਲਕੁਲ ਹੀ ਨਹੀਂ, ਹਾਂ, ਫਾਇਰਸਟੋਨ, ਜੋ ਜ਼ਿਆਦਾ ਪ੍ਰਸਿਧ ਨਾਮ ਨਹੀਂ ਹੈ, ਨੇ ਆਪਣੀ ਨਵੀਂ ਪੁਸਤਕ 'ਡਾਇਲੈਕਿਟਕ ਆਫ਼ ਸੈਕਸ' ਵਿਚ ਕੁਝ ਨਵੀਆਂ ਧਾਰਨਾਵਾਂ ਦਿਤੀਆਂ ਹਨ। ਉਹ ਇਸਤਰੀਆਂ ਦੀ ਮੁਕਤੀ ਨੂੰ ਬੱਚਿਆਂ ਦੀ ਮੁਕਤੀ ਨਾਲ ਜੋੜ ਕੇ ਦੇਖਦੀ ਹੈ। ਇਹ ਸਹੀ ਵੀ ਹੈ ਕਿਉਂਕਿ ਮਾਤਾ-ਤਵ ਅਤੇ ਬੱਚਿਆਂ ਦੇ ਪਾਲਣ ਪੋਸ਼ਣ ਦੀ ਜ਼ੁੰਮੇਵਾਰੀ ਤੋਂ ਮੁਕਤ ਹੋਏ ਬਿਨਾਂ ਇਸਤਰੀ ਮੁਕਤੀ ਸੰਭਵ ਨਹੀਂ ਹੈ ਅਤੇ ਇਸੇ ਲੜੀ ਵਿਚ ਬੱਚੇ ਦੀ ਵੀ ਆਪਣੇ ਮਾਤਾ ਪਿਤਾ ਤੋਂ ਮੁਕਤੀ ਜ਼ਰੂਰੀ ਹੈ।

*ਐਲਿਸ : ਤੁਸੀਂ 1968 ਤੋਂ ਵਰਗ-ਸੰਘਰਸ਼ ਦੀ ਲੜਾਈ ਵਿਚ ਕਾਫੀ ਸਰਗਰਮ ਹੋ। ਜਿਵੇਂ ਕਿ ਤੁਸੀਂ ਇਕ ਖੱਬੇਪੱਖੀ ਰਸਾਲੇ ਦੀ ਜ਼ੁੰਮੇਵਾਰੀ ਵੀ ਸੰਭਾਲੀ। ਤੁਸੀਂ ਇਸ ਲੜਾਈ ਵਿਚ ਸੜਕਾਂ ਉਪਰ ਵੀ ਉਤਰੇ। ਤੁਹਾਡੇ ਅਨੁਸ-ਾਰ ਵਰਗਾਂ ਦੇ ਵਿਚਕਾਰ ਸੰਘਰਸ਼ ਅਤੇ ਦੋਵਾਂ ਲਿੰਗਾਂ ਦੇ ਵਿਚਕਾਰ ਸੰਘਰਸ਼ ਵਿਚ ਕੀ ਅੰਤਰ ਹੈ?*

ਸਿਮੋਨ : ਅੱਜ ਜਿਹੜੇ ਤੱਥ ਨੂੰ ਮੈਂ ਪੂਰੀ ਸ਼ਿੱਦਤ ਨਾਲ ਸਥਾਪਤ ਕਰ ਸਕਦੀ ਹਾਂ ਉਹ ਇਹ ਹੈ ਕਿ ਸਿਰਫ਼ ਵਰਗ ਸੰਘਰਸ਼ ਨਾਲ ਹੀ ਨਾਰੀ ਮੁਕਤੀ ਦੇ ਮਹਾਨ ਲਕਸ਼ ਨੂੰ ਹਾਸਲ ਨਹੀਂ ਕੀਤਾ ਜਾ ਸਕਦਾ। 'ਦ ਸੈਕੇਂਡ ਸੈਕਸ' ਪ੍ਰਕਾਸ਼ਤ ਹੋਣ ਬਾਅਦ ਇਸ ਸਬੰਧ ਵਿਚ ਮੇਰਾ ਮੱਤ ਹੋਰ ਪੁਸ਼ਟ ਅਤੇ ਵਿਆਪਕ ਹੋਇਆ ਹੈ। ਚਾਹੇ ਸਾਮਵਾਦੀ ਹੋਣ, ਮਾਉਵਾਦੀ ਜਾਂ ਟਰਾਟਸਕੀਵਾਦੀ, ਔਰਤ ਹਰ ਖੇਮੇ ਵਿਚ ਗੁਲਾਮੀ ਦੀ ਸਥਿਤੀ ਵਿਚ ਹੈ। ਸਭ ਤੋਂ ਹੇਠਲੇ ਡੰਡੇ 'ਤੇ ਖੜੀ ਹੈ। ਮੁੱਕਦੀ ਗੱਲ ਨਤੀਜੇ ਦੇ ਰੂਪ ਵਿਚ ਮੈਂ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਔਰਤਾਂ ਨੂੰ ਸੱਚੀਆਂ ਨਾਰੀਵਾਦੀ ਹੋਣਾ ਚਾਹੀਦਾ ਹੈ ਅਤੇ ਆਪਣੇ ਸੰਘਰਸ਼ ਨੂੰ ਖੁਦ ਆਪਣੇ ਹੱਥਾਂ ਵਿਚ ਲੈਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅੱਜ ਇਹ ਪ੍ਰਸ਼ਨ ਵਿਚਾਰਨਯੋਗ ਹੈ ਕਿ ਕਿਸ ਸੀਮਾ ਤਕ ਪੂੰਜੀਵਾਦ ਦਾ ਵਿਨਾਸ਼ ਇਸਤਰੀਆਂ ਦੀ ਮੁਕਤੀ ਲਈ ਮੁਕਾਬਲਤਨ ਬਿਹਤਰ ਸਥਿਤੀਆਂ ਮੁਹੱਈਆ ਕਰਵਾਏਗਾ। ਮੈਂ ਨਹੀਂ ਜਾਣਦੀ, ਮੈਂ ਹੁਣ ਵੀ ਇਸ ਵਿਸ਼ੇ 'ਤੇ ਕੰਮ ਕਰਨਾ ਚਾਹੁੰਦੀ ਹਾਂ। ਪਰ ਇਸ ਗੱਲ ਨੂੰ ਲੈ ਕੇ ਤਾਂ ਮੈਂ ਕਾਫੀ ਸਪੱਸ਼ਟ ਹਾਂ ਕਿ ਪੂੰਜੀਵਾਦ ਦਾ ਖਾਤਮਾ ਇਸਤਰੀ ਮੁਕਤੀ ਦੇ ਪੱਖ ਵਿਚ ਹੈ। ਪਰ ਇਸ ਲਕਸ਼ ਤਕ ਪਹੁੰਚਣ ਲਈ ਅਜੇ ਅਸੀਂ ਲੰਮਾ ਫਾਸਲਾ ਤੈਅ ਕਰਨਾ ਹੈ।

ਪੂੰਜੀਵਾਦ ਦੇ ਖਾਤਮੇ ਦਾ ਅਰਥ ਇਹ ਨਹੀਂ ਹੈ ਕਿ ਇਸ ਨਾਲ ਪਿੱਤਰੀ ਪ੍ਰੰਪਰਾਵਾਂ ਅਤੇ ਆਧਾਰ-ਸੰਸਥਾਵਾਂ ਵੀ ਨਸ਼ਟ ਹੋ ਜਾਣਗੀਆਂ। ਪਰਵਾਰ ਸੰਸਥਾ ਉਦੋਂ ਵੀ ਬਣੀ ਰਹੇਗੀ। ਮੇਰਾ ਮੰਨਣਾ ਹੈ ਕਿ ਪੂੰਜੀਵਾਦੀ ਦੇ ਢਹਿ ਢੇਰੀ ਹੋਣ ਅਤੇ ਉਤਪਾਦਨ ਸੰਬਧਾਂ ਦੇ ਪਰਿਵਰਤਨ ਦੇ ਨਾਲ ਨਾਲ ਪਰਵਾਰ ਨਾਮਕ ਸੰਸਥਾ ਦਾ ਖਾਤਮਾ ਜ਼ਰੂਰੀ ਹੈ ਅਤੇ ਇਹੀ ਕੰਮ ਅਜੇ ਤਕ ਨਹੀਂ ਹੋਇਆ ਹੈ, ਇਥੋਂ ਤਕ ਕਿ ਚੀਨ ਵਿਚ ਵੀ ਨਹੀਂ। ਬੇਸ਼ੱਕ ਪਰਵਾਰ ਦਾ ਸਾਮੰਤੀ ਢਾਂਚਾ ਤਬਾਹ ਹੋ ਗਿਆ ਹੈ ਅਤੇ ਇਸ ਲੜੀ ਵਿਚ ਇਸਤਰੀਆਂ ਨੇ ਸਾਮੰਤੀ ਜਬਰ ਤੋਂ ਮੁਕਤੀ ਪਾਈ ਹੈ, ਪਰ ਹੁਣ ਉਥੇ ਇਕੈਹਰੀ ਪਰਵਾਰ ਪ੍ਰਥਾ ਦਾ ਜਨਮ ਹੋਇਆ ਹੈ। ਜੋ ਕਿਸੇ ਨਾ ਕਿਸੇ ਢੰਗ ਨਾਲ ਸਾਮੰਤੀ ਪਰਿਵਾਰਕ ਢਾਂਚੇ ਦਾ ਬਦਲਿਆ ਰੂਪ ਹੈ। ਮੈਂ ਇਹ ਕਦੇ ਨਹੀਂ ਮੰਨਦੀ ਕਿ ਚੀਨ ਵਿਚ ਇਸਤਰੀਆਂ ਪੂਰੀ ਤਰ੍ਹਾਂ ਮੁਕਤ ਹਨ। ਮੇਰਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਪਰਵਾਰ ਸੰਸਥਾ ਦਾ ਵਿਨਾਸ਼ ਬਹੁਤ ਜ਼ਰੂਰੀ ਹੈ। ਮੈਂ ਪਰਵਾਰ ਸੰਸਥਾ ਦੇ ਖਾਤਮੇ ਲਈ ਸਵੈ ਆਸ਼ਰਿਤ ਇਸਤਰੀਆਂ ਅਤੇ ਪੁਰਸ਼ਾਂ ਦੇ ਪੱਖ ਵਿਚ ਹਾਂ। ਜ਼ਰੂਰੀ ਹੈ ਕਿ ਪਰਵਾਰ ਨਸ਼ਟ ਹੋਵੇ, ਉਸ ਦੀ ਜਗ੍ਹਾ ਕਾਨੂੰਨ ਵਿਵਸਥਾ ਲਾਗੂ ਹੋਵੇ, ਜਾਂ ਇਸੇ ਤਰ੍ਹਾਂ ਦਾ ਕੋਈ ਦੂਜਾ ਢਾਂਚਾ ਘੜਿਆ ਜਾਵੇ।

*ਐਲਿਸ : ਇਸ ਦਾ ਅਰਥ ਇਹ ਹੋਇਆ ਕਿ ਵਰਗ ਸੰਘਰਸ਼ ਨਾਲ ਅਟੱਲ ਤੌਰ 'ਤੇ ਕੋਈ ਸੁਧਾਰ ਨਹੀਂ ਆਵੇਗਾ। ਪਿੱਤਰੀ ਸੱਤਾ ਨੂੰ ਕਟਹਿਰੇ ਵਿਚ ਖੜਾ ਕਰਨ ਦਾ ਕੰਮ ਉਗਰ ਅਤੇ ਪ੍ਰਚੰਡ ਨਾਰੀਵਾਦ ਹੀ ਕਰ ਸਕਦਾ ਹੈ। ਕੀ ਪਿਤਰੀ ਸੱਤਾ ਦੀ ਸਮਾਪਤੀ ਦੀ ਇਸ ਪ੍ਰਕਿਰਿਆ ਵਿਚ ਵਰਗ ਆਪਣੇ ਆਪ ਹੀ ਸਮਾਪਤ ਹੋ ਜਾਣਗੇ?*

ਸਿਮੋਨ : ਨਹੀਂ, ਇਹ ਬਿਲਕੁਲ ਜ਼ਰੂਰੀ ਨਹੀਂ, ਜੇਕਰ ਤੁਸੀਂ ਪਰਵਾਰ ਸੰਸਥਾ ਅਤੇ ਉਸ ਨਾਲ ਜੁੜੇ ਦੂਸਰੇ ਦਮਨਕਾਰੀ ਢਾਂਚੇ ਨੂੰ ਢਾਹੁਣ ਦੀ ਗੱਲ ਕਰਦੇ ਹੋ ਤਾਂ ਹੋ ਸਕਦਾ ਹੈ ਕਿ ਪੂੰਜੀਵਾਦ ਉਪਰ ਵੀ ਇਸ ਦੇ ਵਿਨਾਸ਼ਕ ਪ੍ਰਭਾਵ ਦਿਖਾਈ ਦੇਣ। ਕੁਝ ਕਹਿ ਸਕਣ ਦੀ ਸਥਿਤੀ ਵਿਚ ਨਹੀਂ ਹਾਂ। ਮੈਂ ਨਹੀਂ ਜਾਣਦੀ ਕਿ ਇਸਤਰੀਆਂ ਵਲੋਂ ਪਿੱਤਰੀ ਸਮਾਜ ਦਾ ਖਾਤਮਾ ਪੂੰਜੀਵਾਦ ਅਤੇ ਲੋਕਤੰਤਰ ਦੀਆਂ ਮੌਜੂਦਾ ਸਥਿਤੀਆਂ ਨੂੰ ਕਿੰਨਾ ਤੇ ਕਿਸ ਹੱਦ ਤਕ ਪ੍ਰਭਾਵਿਤ ਕਰੇਗਾ।

ਜੇਕਰ ਨਾਰੀਵਾਦ ਬਹੁਤ ਉਗਰ ਮੰਗਾਂ ਰਖਦਾ ਹੈ ਤੇ ਉਨ੍ਹਾਂ ਦੇ ਵਿਹਾਰਿਕ ਪ੍ਰਯੋਗਾਂ ਵਿਚ ਵੀ ਸਫਲਤਾ ਹਾਸਲ ਕਰਦਾ ਹੈ ਤਾਂ ਨਿਸ਼ਚਿਤ ਹੀ ਇਸ ਵਿਵਸਥਾ ਉਪਰ ਭਿਅੰਕਰ ਹਮਲਾ ਹੋਵੇਗਾ। ਪਰ ਉਤਪਾਦਨ ਸਬੰਧ ਦੇ ਪੁਨਰ ਨਿਰਮਾਣ ਲਈ ਅਤੇ ਮਨੁੱਖਾਂ ਵਿਚ ਪ੍ਰੰਪਰਿਕ ਸਬੰਧਾਂ ਦੇ ਲਈ ਇੰਨਾ ਕਰਨਾ ਹੀ ਕਾਫੀ ਨਹੀਂ ਹੈ। ਇਸ ਵਿਸ਼ੇ ਉਪਰ ਨਾਰੀਵਾਦ ਕੋਲ ਕੋਈ ਸੁਸੰਗਤ ਦ੍ਰਿਸ਼ਟੀ ਨਹੀਂ ਹੈ ਕਿਉਂਕਿ ਨਾਰੀਵਾਦ ਲਈ ਸਰਗਰਮ ਜ਼ਿਆਦਾਤਰ ਇਸਤਰੀਆਂ ਮੱਧ ਵਰਗ ਦੀ ਪੈਦਾਵਾਰ ਹਨ, ਜਿਨ੍ਹਾਂ ਦਾ ਸੰਘਰਸ਼ ਤੰਗ ਰਾਜਨੀਤਕ ਸੀਮਾਵਾਂ ਦੇ ਅੰਦਰ ਹੀ ਸੰਚਾਲਿਤ ਹੁੰਦਾ ਹੈ।

ਮੈਂ ਉਨ੍ਹਾਂ ਇਸਤਰੀ-ਅੰਦੋਲਨਕਰਤਾਵਾਂ ਦੇ ਬਾਰੇ ਵਿਚ ਸੋਚਦੀ ਹਾਂ, ਜਿਨ੍ਹਾਂ ਨੇ ਵੋਟ ਦੇ ਅਧਿਕਾਰ ਲਈ ਸੰਘਰਸ਼ ਕੀਤਾ, ਇਹ ਇਸਤਰੀਆਂ ਖੁਦ ਨੂੰ ਆਰਥਕ ਸੰਦਰਭਾਂ ਵਿਚ ਰੱਖ ਕੇ ਨਹੀਂ ਸੋਚਦੀਆਂ ਸਨ ਅਤੇ ਆਰਥਕ ਸੰਦਰਭਾਂ ਵਿਚ ਅਸੀਂ ਉਹੀ ਮਾਰਕਸਵਾਦੀ ਫਾਰਮੂਲੇ ਰਟ ਰਹੇ ਸੀ ਅਤੇ ਇਹ ਮੰਨ ਰਹੇ ਸੀ ਕਿ ਜਦ ਮਾਰਕਸਵਾਦ ਆਏਗਾ ਉਦੋਂ ਮਰਦ ਅਤੇ ਔਰਤ ਦੇ ਵਿਚਕਾਰ ਬਰਾਬਰੀ ਇਕ ਝਟਕੇ ਵਿਚ ਹਾਸਲ ਹੋ ਜਾਵੇਗੀ। ਇਹ ਕਾਫੀ ਹੈਰਾਨੀਜਨਕ ਹੈ ਕਿ 'ਦ ਸੈਕੇਂਡ ਸੈਕਸ' ਲਿਖਣ ਦੇ ਬਾਅਦ ਮੈਨੂੰ ਸਾਰੇ ਖੱਬੇ ਹਲਕਿਆਂ ਤੋਂ ਕਠੋਰ ਪ੍ਰਤੀਕ੍ਰਿਆ ਮਿਲੀ। ਇਕ ਟ੍ਰਾਟਸਕੀਵਾਦੀ ਨਾਲ ਹੋਈ ਬਹਿਸ ਮੈਨੂੰ ਅੱਜ ਤਕ ਯਾਦ ਹੈ। ਉਸ ਦਾ ਕਹਿਣਾ ਸੀ ਕਿ ਇਸਤਰੀਆਂ ਦੀ ਸਮੱਸਿਆ ਦਰਅਸਲ ਕੋਈ ਸਮੱਸਿਆ ਹੈ ਹੀ ਨਹੀਂ। ਕ੍ਰਾਂਤੀ ਦੇ ਅਮਲ ਵਿਚ ਆਉਂਦਿਆਂ ਹੀ ਔਰਤ ਆਪਣੇ ਆਪ ਪੁਰਸ਼ ਦੇ ਨਾਲ ਬਰਾਬਰੀ ਹਾਸਲ ਕਰ ਲਵੇਗੀ। ਕਮਿਊਨਿਸਟ ਸਿਧਾਂਤਕਾਰਾਂ ਨਾਲ ਵੀ ਇਹੀ ਸਮੱਸਿਆ ਸੀ। ਕਮਿਊਨਿਸਟ ਬਰਾਦਰੀ ਵਿਚ ਮੈਂ ਕਿਸੇ ਸਮੇਂ ਕਾਫੀ ਕੁਖਿਆਤ ਸੀ। ਮਾਰਕਸਵਾਦ ਦੇ ਬੁਲਾਰਿਆਂ ਨੇ ਜੰਮ ਕੇ ਮੇਰੀ ਖਿੱਲੀ ਉਡਾਈ, ਮੈਨੂੰ ਹਾਸੇ ਦਾ ਪਾਤਰ ਬਣਾਇਆ। ਉਨ੍ਹਾਂ ਨੇ ਇਹ ਕਹਿੰਦੇ ਹੋਏ ਲੇਖ ਲਿਖੇ ਕਿ ਬਿਲਾਂਕੂਰ ਦੀਆਂ ਮਜ਼ਦੂਰ ਔਰਤਾਂ ਦਾ ਇਨ੍ਹਾਂ ਅਖੌਤੀ ਇਸਤਰੀ ਸਮੱਸਿਆਵਾਂ ਨਾਲ ਕੋਈ ਸਬੰਧ ਨਹੀਂ ਹੈ। ਕ੍ਰਾਂਤੀ ਦੇ ਅਮਲ ਦੇ ਨਾਲ ਹੀ ਮੌਜੂਦਾ ਯੋਨ ਵਿਭਾਜਨ ਸਮਾਪਤ ਹੋ ਜਾਵੇਗਾ ਅਤੇ ਔਰਤ ਤੇ ਮਰਦ ਇਕ ਸਮਾਨ ਹੋ ਜਾਣਗੇ। ਪਰ ਜਦ ਤਕ ਕ੍ਰਾਂਤੀ ਨਹੀਂ ਹੁੰਦੀ ਉਦੋਂ ਤਕ ਔਰਤਾਂ ਕੀ ਕਰਨਗੀਆਂ, ਉਨ੍ਹਾਂ ਦੀ ਕੀ ਦਸ਼ਾ ਹੋਵੇਗੀ, ਇਸ ਗੱਲ ਵਿਚ ਕੋਈ ਦਿਲਚਸਪੀ ਨਹੀਂ ਸੀ।

ਮੈਨੂੰ ਉਮੀਦ ਸੀ ਕਿ ਸਮਾਜਵਾਦੀ ਦੇਸ਼ਾਂ ਵਿਚ, ਪੂੰਜੀਵਾਦੀ ਦੇਸ਼ਾਂ ਦੀ ਤੁਲਨਾ ਵਿਚ ਸਥਿਤੀਆਂ ਕਾਫੀ ਬਿਹਤਰ ਹੋਣਗੀਆਂ। ਖੈਰ, ਇਹ ਉਮੀਦ ਵੀ ਕਾਫੀ ਕੁਝ ਤਹਿਸ ਨਹਿਸ ਹੋ ਗਈ। ਹਾਲਾਂਕਿ ਇਸ ਮੋਹ ਭੰਗ ਦਾ ਕਾਰਨ ਮਾਰਕਸਵਾਦ ਦੇ ਬੁਲਾਰਿਆਂ ਦੇ ਨਾਲ ਹੋਣ ਵਾਲਾ ਵਿਚਾਰਧਾਰਕ ਮਤਭੇਦ ਨਹੀਂ ਸੀ, ਜਿਸ ਦਾ ਜ਼ਿਕਰ ਮੈਂ ਪਹਿਲਾਂ ਕਰ ਚੁੱਕੀ ਹਾਂ।

*ਐਲਿਸ : 'ਦ ਸੈਕੇਂਡ ਸੈਕਸ' ਪ੍ਰਕਾਸ਼ਿਤ ਹੋਣ ਦੇ ਬਾਅਦ ਤੁਹਾਡੀ ਕਈ ਵਾਰ ਆਲੋਚਨਾ ਹੋਈ ਕਿ ਤੁਸੀਂ ਆਪਣੀ ਪੁਸਤਕ ਵਿਚ ਇਸਤਰੀਆਂ ਦੀ ਮੁਕਤੀ ਦਾ ਕੋਈ ਹੱਲ ਨਹੀਂ ਸੁਝਾਇਆ; ਕਿ ਤੁਸੀਂ ਇਸ ਦੇ ਤਹਿਤ ਕੋਈ ਰਣਨੀਤੀ ਵਿਕਸਿਤ ਨਹੀਂ ਕੀਤੀ; ਕਿ ਇਸਤਰੀ ਸਮੱਸਿਆ ਉਪਰ ਤੁਹਾਡੇ ਵਿਸ਼ਲੇਸ਼ਣ ਵਿਚ ਟਕਰਾਉ ਵਰਗੀ ਸਥਿਤੀ ਹੈ?*

ਸਿਮੋਨ : ਇਹ ਸਹੀ ਹੈ। ਮੈਂ ਸਵੀਕਾਰ ਕਰਦੀ ਹਾਂ ਕਿ ਇਹ ਮੇਰੀ ਕਿਤਾਬ ਦਾ ਇਕ ਕਮਜ਼ੋਰ ਪੱਖ ਹੈ। ਮੈਂ ਕਿਸੇ ਦ੍ਰਿੜ ਆਤਮਵਿਸ਼ਵਾਸ ਦੇ ਨਾਲ ਭਵਿੱਖ ਵਿਚ ਸਭ ਕੁਝ ਕ੍ਰਾਂਤੀ ਅਤੇ ਸਮਾਜਵਾਦ ਦੇ ਹਵਾਲੇ ਕਰ ਕੇ ਕਿਤਾਬ ਦਾ ਅੰਤ ਕਰ ਦਿਤਾ।

*ਐਲਿਸ : ਵਿਅਕਤੀਗਤ ਅਤੇ ਸਮੂਹਕ, ਦੋਵਾਂ ਹੀ ਪੱਧਰਾਂ ਉਪਰ ਤੁਹਾਨੂੰ ਇਸਤਰੀ ਦੀ ਮੁਕਤੀ ਲਈ ਕੀ ਕੀ ਠੋਸ ਸੰਭਾਵਨਾਵਾਂ ਦਿਖਾਈ ਦਿੰਦੀਆਂ ਹਨ?*

ਸਿਮੋਨ : ਵਿਅਕਤੀਗਤ ਪੱਧਰ ਉਪਰ ਔਰਤਾਂ ਨੂੰ ਘਰ ਦਾ ਘੇਰਾ ਲੰਘ ਕੇ ਬਾਹਰ ਉਤਪਾਦਕ ਕੰਮ ਵਿਚ ਹਿੱਸੇਦਾਰੀ ਕਰਨੀ ਚਾਹੀਦੀ ਹੈ। ਜੇਕਰ ਸੰਭਵ ਹੋ ਸਕੇ ਤਾਂ ਵਿਆਹ ਸੰਸਥਾ ਨੂੰ ਪੂਰੀ ਸ਼ਿੱਦਤ ਨਾਲ ਨਕਾਰ ਦੇਣਾ ਚਾਹੀਦੀ ਹੈ। ਮੈਂ ਚਾਹੁੰਦੀ ਤਾਂ ਸਾਰਤਰ ਨਾਲ ਵਿਆਹ ਕਰ ਸਕਦੀ ਸੀ, ਪਰ ਇਸ ਮਾਮਲੇ ਵਿਚ ਅਸੀਂ ਦੋਵੇਂ ਹੀ ਇੰਨੇ ਸਮਝਦਾਰ ਸੀ ਕਿ ਅਸੀਂ ਵਿਆਹ ਦਾ ਫੈਸਲਾ ਨਹੀਂ ਲਿਆ। ਸ਼ਾਦੀਸ਼ੁਦਾ ਹੋਣ 'ਤੇ ਲੋਕ ਵੀ ਤੁਹਾਡੇ ਨਾਲ ਉਸੇ ਤਰ੍ਹਾਂ ਪੇਸ਼ ਆਉਂਦੇ ਹਨ ਅਤੇ ਅੰਤ ਨੂੰ ਤੁਸੀਂ ਵੀ ਖੁਦ ਨੂੰ ਵਿਆਹਿਆਂ ਵਰਗਾ ਮਹਿਸੂਸ ਕਰਨ ਲਗਦੇ ਹੋ। ਇਕ ਸ਼ਾਦੀਸ਼ੁਦਾ ਇਸਤਰੀ ਦੇ ਰੂਪ ਵਿਚ ਸਮਾਜ ਦੇ ਨਾਲ ਤੁਹਾਡੇ ਸਬੰਧ ਉਹੋ ਜਿਹੇ ਨਹੀਂ ਰਹਿ ਜਾਂਦੇ, ਜਿਹੋ ਜਿਹੇ ਇਕ ਗੈਰ ਸ਼ਾਦੀਸ਼ੁਦਾ ਇਸਤਰੀ ਦੇ ਹੁੰਦੇ ਹਨ। ਮੈਂ ਵਿਆਹ ਸੰਸਥਾ ਨੂੰ ਔਰਤਾਂ ਲਈ ਬਹੁਤ ਖ਼ਤਰਨਾਕ ਸਮਝਦੀ ਹਾਂ।

ਵਿਆਹ ਦੇ ਪਿਛੇ ਕਈ ਕਾਰਨ ਹੋ ਸਕਦੇ ਹਨ, ਉਦਾਹਰਣ ਲਈ ਜੇਕਰ ਕੋਈ ਇਸਤਰੀ ਮਾਂ ਬਣਨਾ ਚਾਹੁੰਦੀ ਹੈ ਤਾਂ ਜੇਕਰ ਮਾਤਾ ਪਿਤਾ ਵਿਵਾਹਤ ਨਹੀਂ ਹਨ ਤਾਂ ਅਜਿਹੀ ਸਥਿਤੀ ਵਿਚ ਬੱਚਾ ਹੋਣਾ ਵੀ ਬਹੁਤ ਸਾਰੀਆਂ



ਪ੍ਰੇਸ਼ਾਨੀਆਂ ਨੂੰ ਜਨਮ ਦੇ ਸਕਦਾ ਹੈ। ਕਿਉਂਕਿ ਅਜਿਹੇ ਬੱਚਿਆਂ ਨੂੰ ਜੀਵਨ ਵਿਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਜੇਕਰ ਕੋਈ ਸੱਚਮੁਚ ਸੁਤੰਤਰਤਾ ਚਾਹੁੰਦਾ ਹੈ ਤਾਂ ਉਸ ਲਈ ਸਭ ਤੋਂ ਪਹਿਲਾਂ ਤੇ ਸਭ ਤੋਂ ਜ਼ਿਆਦਾ ਜ਼ਰੂਰੀ ਹੈ ਨੌਕਰੀਪੇਸ਼ਾ ਹੋਣਾ, ਆਰਥਕ ਰੂਪ ਵਿਚ ਆਤਮਨਿਰਭਰ ਹੋਣਾ। ਜੋ ਵੀ ਇਸਤਰੀਆਂ ਇਸ ਵਕਤ ਮੈਨੂੰ ਸਵਾਲ ਕਰਦੀਆਂ ਹਨ, ਉਨ੍ਹਾਂ ਸਾਰੀਆਂ ਨੂੰ ਹੀ ਮੈਂ ਇਹ ਸੁਝਾਅ ਦਿੰਦੀ ਹਾਂ, ਇਹ ਅਟੱਲ ਰੂਪ ਵਿਚ ਮੁਕਤੀ ਦੀ ਇਕ ਪੂਰਵ ਨਿਰਧਾਰਤ ਸ਼ਰਤ ਹੈ। ਜੇਕਰ ਤੁਸੀਂ ਵਿਵਾਹਤ ਹੋ ਤੇ ਤਲਾਕ ਲੈਣਾ ਚਾਹੁੰਦੀ ਹੋ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਆਪਣੇ ਦਮ 'ਤੇ ਆਪਣਾ ਅਤੇ ਆਪਣੇ ਬੱਚਿਆਂ ਦਾ ਅਸਤਿੱਤਵ ਸੁਰੱਖਿਅਤ ਰੱਖ ਸਕਦੀ ਹੋ। ਬੇਸ਼ੱਕ ਨੌਕਰੀ ਕੋਈ ਜਾਦੂਈ ਹੱਲ ਨਹੀਂ ਹੈ। ਕਿਰਤ ਦਾ ਇਕ ਸਿਰਾ ਸੁਤੰਤਰਤਾ ਤੇ ਮੁਕਤੀ ਨਾਲ ਜੁੜਿਆ ਹੋਇਆ ਹੈ। ਪਰ ਦੂਜਾ ਸਿਰਾ ਉਪਰਾਮਤਾ ਵਲ ਵੀ ਲਿਜਾ ਸਕਦਾ ਹੈ। ਮੁੱਕਦੀ ਗੱਲ ਇਹ ਕਿ ਘਰੇਲੂ ਪਤਨੀਆਂ ਨੂੰ ਉਪਰਾਮਤਾ ਅਤੇ ਨੌਕਰੀਪੇਸ਼ਾ ਔਰਤਾਂ ਦੇ ਇਕੱਲੇਪਨ ਵਿਚੋਂ ਕਿਸੇ ਇਕ ਨੂੰ ਚੁਣਨਾ ਪਵੇਗਾ। ਨੌਕਰੀ ਕੋਈ ਰਾਮਬਾਣ ਨਹੀਂ ਹੈ, ਪਰ ਬਾਵਜੂਦ ਇਸ ਦੇ ਇਹ ਮੁਕਤੀ ਦੀ ਬੁਨਿਆਦੀ ਸ਼ਰਤ ਹੈ।

*ਐਲਿਸ : ਅਤੇ ਉਨ੍ਹਾਂ ਇਸਤਰੀਆਂ ਲਈ ਕੀ ਕਹੋਗੇ ਜੋ ਪਹਿਲਾਂ ਤੋਂ ਹੀ ਸ਼ਾਦੀਸ਼ੁਦਾ ਤੇ ਬਾਲ ਬੱਚੇਦਾਰ ਹਨ।*

ਸਿਮੋਨ : ਮੇਰੀ ਸਮਝ ਵਿਚ ਕੁਝ ਇਸਤਰੀਆਂ ਅਜਿਹੀਆਂ ਹਨ, ਜਿਨ੍ਹਾਂ ਲਈ ਮੁਕਤੀ ਦੀ ਸੰਭਾਵਨਾ ਬਹੁਤ ਜ਼ਿਆਦਾ ਨਹੀਂ ਹੈ, ਜੇਕਰ ਇਹ ਪੈਂਤੀ ਸਾਲਾ ਵਿਆਹੁਤਾ ਹਨ, ਜਿਨ੍ਹਾਂ ਦੇ ਉਪਰ ਚਾਰ ਚਾਰ ਬੱਚਿਆਂ ਦਾ ਬੋਝ ਹੈ ਤੇ ਜਿਨ੍ਹਾਂ ਕੋਲ ਕੋਈ ਕੰਮਕਾਜੀ ਯੋਗਤਾ ਵੀ ਨਹੀਂ ਹੈ, ਤਾਂ ਮੈਂ ਨਹੀਂ ਜਾਣਦੀ ਇਹ ਖੁਦ ਨੂੰ ਮੁਕਤ ਕਰਨ ਲਈ ਕੁਝ ਕਰ ਸਕਦੀਆਂ ਹਨ। ਤੁਸੀਂ ਸਿਰਫ ਆਉਣ ਵਾਲੀਆਂ ਪੀੜ੍ਹੀਆਂ ਲਈ ਹੀ ਮੁਕਤੀ ਦੀਆਂ ਸੰਭਾਵਨਾਵਾਂ ਉਪਰ ਵਿਚਾਰ ਕਰ ਸਕਦੇ ਹੋ।

*ਐਲਿਸ : ਸੁਤੰਤਰਤਾ ਲਈ ਸੰਘਰਸ਼ਸ਼ੀਲ ਲੜਕੀਆਂ ਇਕੱਲੀਆਂ ਹੀ ਇਹ ਲੜਾਈ ਲੜ ਸਕਦੀਆਂ ਹਨ ਜਾਂ ਉਨ੍ਹਾਂ ਨੂੰ ਸਮੂਹਕ ਰੂਪ ਵਿਚ ਸੰਘਰਸ਼ ਕਰਨਾ ਚਾਹੀਦਾ ਹੈ?*

ਸਿਮੋਨ : ਉਨ੍ਹਾਂ ਨੂੰ ਨਿਸ਼ਚਿਤ ਤੌਰ 'ਤੇ ਸਮੂਹਕ ਰੂਪ ਵਿਚ ਇਹ ਲੜਾਈ ਲੜਨੀ ਚਾਹੀਦੀ ਹੈ। ਮੈਂ ਅੱਜ ਤਕ ਖੁਦ ਇਹ ਨਹੀਂ ਕਰ ਸਕੀ ਕਿਉਂਕਿ ਇਸਤਰੀ ਅੰਦੋਲਨ ਦਾ ਅਜਿਹਾ ਕੋਈ ਯੋਜਨਾਬੱਧ ਸੰਗਠਨਾਤਮਕ ਢਾਂਚਾ ਨਹੀਂ ਸੀ, ਜਿਸ ਨਾਲ ਮੈਂ ਜੁੜ ਸਕਦੀ। ਪਰ ਇਸ ਸਭ ਦੇ ਬਾਵਜੂਦ 'ਦਾ ਸੈਕੇਂਡ ਸੈਕਸ' ਦਾ ਲੇਖਣ ਇਕ ਅਜਿਹਾ ਕੰਮ ਸੀ, ਜੋ ਮੇਰੀ ਖੁਦ ਦੀ ਮੁਕਤੀ ਤੋਂ ਬਹੁਤ ਅੱਗੇ ਦੀ ਗੱਲ ਸੀ। ਮੈਂ ਇਸਤਰੀਆਂ ਦੀ ਪੀੜਾਦਾਇਕ ਸਥਿਤੀ ਦੇ ਨਾਲ ਕਿਸੇ ਗਹਿਰੇ ਜੋੜ ਕਾਰਨ ਇਹ ਕਿਤਾਬ ਲਿਖੀ, ਜਿਸ ਦਾ ਉਦੇਸ਼ ਇਸਤਰੀ ਸਵਾਲਾਂ 'ਤੇ ਇਹ ਗਹਿਰੀ ਸਮਝਦਾਰੀ ਹਾਸਲ ਕਰਨਾ ਹੀ ਨਹੀਂ ਸੀ, ਬਲਕਿ ਇਸਤਰੀ ਅੰਦੋਲਨ ਨੂੰ ਵਿਕ-ਸਿਤ ਕਰਨ ਵਿਚ ਕਾਰਗਰ ਸਹਿਯੋਗ ਕਰਨਾ ਵੀ ਸੀ। ਇਹ ਕਿਤਾਬ ਲਿਖੀ ਗਈ ਤਾਂ ਕਿ ਇਕ ਆਮ ਔਰਤ ਆਪਣੇ ਜੀਵਨ ਅਤੇ ਸਥਿਤੀਆਂ ਦਾ ਮੁਲੰਕਣ ਖੁਦ ਕਰ ਸਕੇ।

ਪਿਛਲੇ ਵੀਹ ਵਰ੍ਹਿਆਂ ਵਿਚ ਮੈਨੂੰ ਭਾਰੀ ਸੰਖਿਆ ਵਿਚ ਔਰਤਾਂ ਦੇ ਖਤ ਮਿਲੇ। ਉਨ੍ਹਾਂ ਨੇ ਲਿਖਿਆ ਸੀ ਕਿ ਮੇਰੀ ਕਿਤਾਬ ਨੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਸਥਿਤੀਆਂ ਅਤੇ ਲੜਾਈਆਂ ਨੂੰ ਸਮਝਣ ਵਿਚ ਬਹੁਤ ਮਦਦ ਕੀਤੀ, ਨਾਲ ਹੀ ਆਪਣੇ ਜੀਵਨ ਦੇ ਬਾਰੇ ਵਿਚ ਨਿਰਣੇ ਲੈਣ ਦੀ ਹਿੰਮਤ ਵੀ ਦਿਤੀ। ਮੈਂ ਹਮੇਸ਼ਾ ਉਨ੍ਹਾਂ ਦੀਆਂ ਚਿੱਠੀਆਂ ਦਾ ਜਵਾਬ ਦੇਣ ਦੀ ਜ਼ਹਿਮਤ ਉਠਾਈ ਅਤੇ ਉਨ੍ਹਾਂ ਵਿਚੋਂ ਕੁਝ ਨਾਲ ਤਾਂ ਮੁਲਾਕਾਤ ਵੀ ਕੀਤੀ। ਮੈਂ ਹਮੇਸ਼ਾ ਮੁਸੀਬਤ ਦੇ ਸਮੇਂ ਔਰਤਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ।

*ਐਲਿਸ : ਮੌਜੂਦਾ ਇਸਤਰੀ ਅੰਦੋਲਨ ਜਿਸ ਰਸਤੇ ਉਪਰ ਚਲ ਰਹੇ ਹਨ ਅਤੇ ਉਨ੍ਹਾਂ ਨੇ ਸੰਘਰਸ਼ ਦੀ ਜੋ ਰਣਨੀਤੀ ਵਿਕਸਤ ਕੀਤੀ ਹੈ, ਉਸ ਦੇ ਬਾਰੇ ਤੁਹਾਡੀ ਕੀ ਰਾਇ ਹੈ?*

ਸਿਮੋਨ : ਮੇਰੇ ਖਿਆਲ ਵਿਚ ਉਹ ਪ੍ਰਗਤੀ ਕਰਨਗੇ, ਪਰ ਇਸ ਗੱਲ ਨੂੰ ਲੈ ਕੇ ਮੈਂ ਬਹੁਤ ਪੱਕੀ ਵੀ ਨਹੀਂ ਹਾਂ। ਹੋਰ ਸਭ ਥਾਵਾਂ ਦੀ ਤਰ੍ਹਾਂ ਫਰਾਂਸ ਵਿਚ ਵੀ ਇਸਤਰੀਆਂ ਦੀ ਮਾਨਸਿਕਤਾ ਬਹੁਤ ਸੰਕੀਰਣ ਹੈ, ਉਹ ਆਪਣੇ ਇਸਤਰੀਤਵ ਦਾ ਤਿਆਗ ਨਹੀਂ ਕਰਨਾ ਚਾਹੁੰਦੀਆਂ। ਫਿਰ ਵੀ ਮੇਰਾ ਮੰਨਣਾ ਹੈ ਕਿ ਘਰੇਲੂ ਕਿਰਤ ਦੀਆਂ ਅਤਿ-ਆਧੁਨਿਕ ਪ੍ਰਸਥਿਤੀਆਂ ਇਸਤਰੀਆਂ ਨੂੰ ਕੁਝ ਹੱਦ ਤਕ ਮੁਕਤ ਕਰ ਰਹੀਆਂ ਹਨ ਅਤੇ ਉਨ੍ਹਾਂ ਨੂੰ ਕੁਝ ਸੋਚਣ ਵਿਚਾਰਨ ਅਤੇ ਚਿੰਤਨ ਕਰਨ ਦੀ ਵਿਹਲ ਵੀ ਦੇ ਰਹੀਆਂ ਹਨ। ਅਜਿਹੀਆਂ ਇਸਤਰੀਆਂ ਵਿਦਰੋਹ ਦੀਆਂ ਆਗੂ ਹੋ ਸਕਦੀਆਂ ਹਨ। ਜਿਥੋਂ ਤਕ ਕੰਮਕਾਜੀ ਸੰਦਰਭਾਂ ਦਾ ਸਵਾਲ ਹੈ ਤਾਂ ਇਹ ਗੱਲ ਨਿਰਸੰਦੇਹ ਸੱਚ ਹੈ ਕਿ ਇਕ ਪੂੰਜੀਵਾਦੀ ਦੇਸ਼ ਵਿਚ, ਜਿਥੇ ਪੁਰਸ਼ ਵੀ ਬੇਰੁਜ਼ਗਾਰ ਘੁੰਮ ਰਹੇ ਹਨ, ਸਭ ਔਰਤਾਂ ਨੂੰ ਰੁਜ਼ਗਾਰ ਮਿਲਣਾ ਸੰਭਵ ਨਹੀਂ ਹੈ। ਇਸ ਲਈ ਮੈਨੂੰ ਲਗਦਾ ਹੈ ਕਿ ਜਦ ਤਕ ਸ਼ੋਸ਼ਣ ਉਪਰ ਟਿਕੀ ਸਮੁੱਚੀ ਵਿਵਸਥਾ ਨੂੰ ਹੀ ਨਹੀਂ ਉਖਾੜ ਸੁੱਟਿਆ ਜਾਂਦਾ, ਇਸਤਰੀਆਂ ਦੀ ਪੂਰਨ ਮੁਕਤੀ ਅਸੰਭਵ ਹੈ।

ਮੈਨੂੰ ਲਗਦਾ ਹੈ ਕਿ ਇਸਤਰੀ ਅੰਦੋਲਨ ਦਾ ਵੀ ਇਹੀ ਪ੍ਰਭਾਵ ਹੋਵੇਗਾ, ਜੋ ਵਿਦਿਆਰਥੀ ਅੰਦੋਲਨ ਦਾ ਹੋਇਆ, ਜੋ ਆਪਣੇ ਉਦੈ ਕਾਲ ਵਿਚ ਕਾਫੀ ਸੀਮਤ ਸੀ, ਪਰ ਸਮਾਂ ਪਾ ਕੇ ਦੇਸ਼ ਭਰ ਵਿਚ ਹੜਤਾਲਾਂ ਅਤੇ ਧਰਨਿਆਂ ਦੀ ਇਕ ਲਹਿਰ ਜਿਹੀ ਦੌੜ ਗਈ ਅਤੇ ਇਕ ਛੋਟਾ ਜਿਹਾ ਅੰਦੋਲਨ ਇਕ ਭਿਅੰਕਰ ਵਿਸਫੋਟ ਦੀ ਅਧਾਰ ਭੂਮੀ ਬਣ ਗਿਆ, ਜੇਕਰ ਇਸਤਰੀਆਂ ਬਾਹਰੀ ਕੰਮਾਂ ਦੇ ਖੇਤਰ ਵਿਚ ਆਪਣੇ ਪੈਰ ਮਜ਼ਬੂਤੀ ਨਾਲ ਜਮਾ ਲੈਂਦੀਆਂ ਹਨ ਤਾਂ ਉਹ ਇਸ ਵਿਵਸਥਾ ਨੂੰ ਵੀ ਹਿਲਾ ਸਕਣਗੀਆਂ। ਅੱਜ ਇਸ ਦੌਰ ਵਿਚ ਫਰਾਂਸੀਸੀ ਅਤੇ ਅਮਰੀਕੀ ਅੰਦੋਲਨ ਵਿਚ ਬਹੁਤ ਸਾਰੀਆਂ ਕਮਜ਼ੋਰੀਆਂ ਵੀ ਹਨ ਅਤੇ ਮੇਰਾ ਮੰਨਣਾ ਹੈ ਕਿ ਇਸ ਦੇ ਕਾਰਨ ਬਹੁਤ ਘੱਟ ਨੌਕਰੀਪੇਸ਼ਾ ਇਸਤਰੀਆਂ ਇਨ੍ਹਾਂ ਅੰਦੋਲਨਾਂ ਨਾਲ ਜੁੜੀਆਂ ਹਨ।

*ਐਲਿਸ : ਪਰ ਇਹ ਅੰਦੋਲਨ ਅੱਜ ਜਿਸ ਪੜਾਅ 'ਤੇ ਹਨ, ਕੀ ਇਹ ਉਸ ਦੀ ਦਿੱਕਤ ਨਹੀਂ ਹੈ?*

ਸਿਮੋਨ : ਬੇਸ਼ੱਕ ਹੈ, ਹਰ ਚੀਜ਼ ਦਾ ਆਪਸ ਵਿਚ ਕੋਈ



ਅੰਤਰ ਸਬੰਧ ਤਾਂ ਹੁੰਦਾ ਹੀ ਹੈ। ਜਦ ਔਰਤਾਂ ਹੜਤਾਲਾਂ ਵਿਚ ਜਾਂਦੀਆਂ ਹਨ ਜਿਵੇਂ ਕਿ ਉਨ੍ਹਾਂ ਨੇ ਤਰੂਆ ਅਤੇ ਨਾਂਤ ਵਿਚ ਕੀਤਾ, ਤਾਂ ਉਨ੍ਹਾਂ ਵਿਚ ਸੁਤੰਤਰਤਾ ਅਤੇ ਆਪਣੀ ਤਾਕਤ ਦੀ ਚੇਤਨਾ ਵੀ ਪੈਦਾ ਹੁੰਦੀ ਹੈ ਅਤੇ ਫਿਰ ਇਹ ਇਸਤਰੀਆਂ ਘਰ ਦੇ ਪ੍ਰਤੀ ਵੀ ਉਨੀ ਨਿਸ਼ਠਾਵਾਨ ਨਹੀਂ ਬਣੀਆਂ ਰਹਿ ਸਕਦੀਆਂ।

*ਐਲਿਸ : ਤਾਂ ਤੁਹਾਨੂੰ ਲਗਦਾ ਹੈ ਕਿ ਅੰਦੋਲਨ ਵਿਚ ਲਗਾਤਾਰਤਾ ਅਤੇ ਏਕਾਤਮਿਕਤਾ ਦਾ ਭਾਵ ਵਿਕਸਤ ਕਰਨ ਦੀ ਵੀ ਜ਼ਰੂਰਤ ਹੈ?*

ਸਿਮੋਨ : ਬਿਲਕੁਲ ਆਪਣੇ ਆਪ ਵਿਚ ਮੁਕਤ ਹੋ ਜਾਣਾ ਹੀ ਕਾਫੀ ਨਹੀਂ ਹੈ। ਜ਼ਰੂਰੀ ਹੈ ਕਿ ਸੰਘਰਸ਼ ਸਮੂਹਕ ਹੋਵੇ, ਜੋ ਵਰਗ ਸੰਘਰਸ਼ ਦੇ ਨਾਲ ਇਕਜੁਟ ਹੋ ਕੇ ਬਰਾਬਰੀ ਨਾਲ ਲੜਿਆ ਜਾਵੇ। ਇਸਤਰੀ ਮੁਕਤੀ ਲਈ ਜੂਝ ਰਹੀਆਂ ਔਰਤਾਂ ਖੱਬੇਪੱਖੀਆਂ ਦਾ ਹਿੱਸਾ ਹੋਏ ਬਗੈਰ ਸੱਚੀ ਨਾਰੀਵਾਦੀ ਨਹੀਂ ਹੋ ਸਕਦੀਆਂ। ਬਾਵਜੂਦ ਇਸ ਦੇ ਸਮਾਜਵਾਦ ਲਿੰਗਾਂ ਦੇ ਵਿਚਕਾਰ ਪੂਰਣ ਬਰਾਬਰੀ ਅਤੇ ਸਮਾਨਤਾ ਦਾ ਕੋਈ ਠੋਸ ਭਰੋਸਾ ਨਹੀਂ ਦਿੰਦਾ, ਇਹ ਜ਼ਰੂਰੀ ਹੈ।

*ਐਲਿਸ : ਵਾਸਤਵ ਵਿਚ ਇਹ ਇਤਿਹਾਸ ਦੀ ਪਹਿਲੀ ਘਟਨਾ ਹੈ, ਜਦਕਿ ਨਾਰੀਵਾਦੀ ਅੰਦੋਲਨ ਇਕ ਤੀਬਰ ਕ੍ਰਾਂਤੀਕਾਰੀ ਅੰਦੋਲਨ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਏ ਹਨ। ਉਹ ਇਹ ਕਦੇ ਨਹੀਂ ਮੰਨਦੇ ਕਿ ਸਮਾਜਕ ਸੰਰਚਨਾ ਨੂੰ ਉਸ ਦੀ ਸੰਪੂਰਣਤਾ ਵਿਚ ਰੂਪਾਂਤ੍ਰਿਤ ਕੀਤੇ ਬਗੈਰ, ਔਰਤਾਂ ਦੀ ਸਥਿਤੀ ਵਿਚ ਕੋਈ ਬਦਲਾਅ ਸੰਭਵ ਹੈ।*

ਸਿਮੋਨ : ਹਾਂ, ਇਹ ਸੱਚ ਹੈ, ਇਕ ਵਾਰ ਇਟਲੀ ਵਿਚ ਮੈਂ ਇਕ ਸਲੋਗਨ ਦੇਖਿਆ, ਜੋ ਅੱਜ ਮੈਨੂੰ ਸਭ ਤੋਂ ਵੱਧ ਢੁਕਵਾਂ ਲਗਦਾ ਹੈ: 'ਨਾਰੀ ਮੁਕਤੀ ਦੇ ਬਗੈਰ ਕ੍ਰਾਂਤੀ ਨਹੀਂ, ਕ੍ਰਾਂਤੀ ਤੋਂ ਬਗੈਰ ਨਾਰੀ ਮੁਕਤੀ ਨਹੀਂ।'

*ਐਲਿਸ : 'ਦਾ ਸੈਕੇਂਡ ਸੈਕਸ' ਵਿਚ ਤੁਸੀਂ ਭਵਿੱਖ ਦੀ ਦੁਨੀਆ ਦੇ ਬਾਰੇ ਵਿਚ 'ਰੈਂਬੋ' ਦੇ ਵਿਚਾਰਾਂ ਦਾ ਹਵਾਲਾ ਦਿਤਾ ਹੈ। ਕੀ ਤੁਹਾਡੇ ਕੋਲ ਨਵੀਂ ਦੁਨੀਆ ਦਾ ਕੋਈ ਖਾਕਾ ਮੌਜੂਦ ਹੈ?*

ਸਿਮੋਨ : ਰੈਂਬੋ ਨੇ ਕਲਪਨਾ ਕੀਤੀ ਸੀ ਕਿ ਸੁਤੰਤਰ ਹੋਣ ਤੋਂ ਬਾਅਦ ਔਰਤਾਂ ਦਾ ਇਸ ਦੁਨੀਆ ਨੂੰ ਯੋਗਦਾਨ ਸਭ ਤੋਂ ਵੱਖ ਅਤੇ ਅਨੂਠਾ ਹੋਵੇਗਾ। ਮੈਂ ਨਹੀਂ ਮੰਨਦੀ। ਮੈਂ ਨਹੀਂ ਮੰਨਦੀ ਕਿ ਬਰਾਬਰੀ ਪਾ ਕੇ ਇਸਤਰੀਆਂ ਕਿਸੇ ਵਿਸ਼ਸ਼ਟ ਨਾਰੀ ਗੁਣਾਂ ਦਾ ਵਿਕਾਸ ਕਰ ਲੈਣਗੀਆਂ। ਮੈਂ ਇਟਲੀ ਦੀਆਂ ਕੁਝ ਨਾਰੀਵਾਦੀਆਂ ਨਾਲ ਇਸ ਵਿਸ਼ੇ 'ਤੇ ਗੱਲਬਾਤ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਸਾਨੂੰ ਪੁਰਸ਼ਤਵ ਆਦਰਸ਼ਾਂ ਅਤੇ ਮੁੱਲਾਂ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਕੁਝ ਅਜਿਹਾ ਪੈਦਾ ਕਰਨਾ ਚਾਹੀਦਾ ਹੈ, ਜੋ ਬਿਲਕੁਲ ਅਨੂਠਾ ਹੋਵੇ ਅਤੇ ਸਾਨੂੰ ਸਭ ਤੋਂ ਵੱਖ ਹੱਟ ਕੇ ਕੁਝ ਖਾਸ ਸਾਬਤ ਕਰ ਸਕੇ। ਮੈਂ ਇਸ ਵਿਚਾਰ ਨਾਲ ਸਹਿਮਤ ਨਹੀਂ ਹਾਂ। ਹਕੀਕਤ ਤਾਂ ਇਹ ਹੈ ਕਿ ਸਭਿਆਚਾਰ, ਸਭਿਅਤਾ ਅਤੇ ਸਾਰੇ ਮੁੱਲ ਮਾਨਤਾਵਾਂ ਪੁਰਸ਼ਾਂ ਦਵਾਰਾ ਹੀ ਘੜੀਆਂ ਗਈਆਂ ਹਨ, ਕਿਉਂਕਿ ਪੁਰਸ਼ ਹੀ ਇਸ ਸਭ ਕੁਝ ਦਾ ਪ੍ਰਤੀਨਿੱਧਤਵ ਕਰਦਾ ਹੈ। ਜਿਸ ਤਰ੍ਹਾਂ ਮਜ਼ਦੂਰ ਸੰਪਤੀਸ਼ਾਲੀ ਵਰਗ ਦੀ ਵਿਰਾਸਤ ਅਤੇ ਉਸ ਦੇ ਸੰਸਥਾਨਾਂ ਨੂੰ ਖਾਰਜ ਕੀਤੇ ਬਗੈਰ, ਬੁਰਜ਼ੂਆ ਵਰਗ ਦੀ ਸਰਵਉਚਤਾ ਦੇ ਵਿਚਾਰ ਦਾ ਖੰਡਨ ਕਰਦਾ ਹੈ, ਉਸੇ ਤਰ੍ਹਾਂ ਇਸਤਰੀਆਂ ਨੂੰ ਵੀ ਪੁਰਸ਼ਾਂ ਦੇ ਨਾਲ ਬਰਾਬਰੀ ਹਾਸਲ ਕਰ ਕੇ ਉਨ੍ਹਾਂ ਵਲੋਂ ਨਿਰਮਤ ਉਪਕਰਣਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਹਾਂ, ਸੰਦੇਹ ਤੇ ਚੌਕਸੀ ਵੀ ਇਕ ਹੱਦ ਤਕ ਜ਼ਰੂਰੀ ਹੈ।

ਸਾਨੂੰ ਸਰਬ ਵਿਆਪਕ ਮੁੱਲਾਂ ਦਾ ਸਿਰਜਣ ਕਰਨਾ ਚਾਹੀਦਾ ਹੈ। ਹੁਣ ਤਕ ਪੁਰਸ਼ਾਂ ਨੇ ਅਨੇਕਾਂ ਸਰਬ ਵਿਆ-ਪਕ ਮੁੱਲਾਂ ਅਤੇ ਸਿਧਾਂਤਾਂ ਦੀ ਖੋਜ ਕੀਤੀ ਹੈ। ਉਦਾਹਰਣ ਲਈ ਅਸੀਂ ਗਣਿਤ ਨੂੰ ਲੈ ਸਕਦੇ ਹਾਂ, ਪੁਰਸ਼ਾਂ ਨੇ ਗਣਿਤ ਦੇ ਨੇਮਾਂ ਦੀ ਖੋਜ ਕੀਤੀ ਅਤੇ ਉਸ ਉਪਰ ਆਪਣੀ ਮਰਦਾਨਗੀ ਦੀ ਮੋਹਰ ਲਗਾ ਦਿਤੀ। ਆਪਣੇ ਪੁਰਸ਼ਤਵ ਦਾ ਠੱਪਾ ਲਾ ਦਿਤਾ। ਉਨ੍ਹਾਂ ਨੇ ਬਿਲਕੁਲ ਦੋ ਅਸਬੰਧਤ ਚੀਜ਼ਾਂ ਨੂੰ ਪੂਰੀ ਤਰ੍ਹਾਂ ਜੋੜ ਕੇ ਪੇਸ਼ ਕੀਤਾ। ਅੰਤ ਨੂੰ ਅੱਜ ਸਵਾਲ ਇਸ ਤਰ੍ਹਾਂ ਦੇ ਭਰਮਾਂ ਤੋਂ ਮੁਕਤੀ ਪਾਉਣ ਦਾ ਹੈ ਅਤੇ ਅਸੰਗਤ ਚੀਜ਼ਾਂ ਨੂੰ ਅਲੱਗ ਕਰ ਕੇ ਉਨ੍ਹਾਂ ਦੇ ਵਾਸਤਵਕ ਪਰਿਪੇਖ ਵਿਚ ਦੇਖਣ ਅਤੇ ਸਮਝਣ ਦਾ ਹੈ ਅਰਥਾਤ ਪੁਰਸ਼ਾਤਮਿਕ ਮੁੱਲਾਂ ਨੂੰ ਸਰਬ ਵਿਆਪਕ ਮੁੱਲਾਂ ਦੇ ਰੂਪ ਵਿਚ ਸਥਾਪਤ ਕਰਨ ਦਾ ਹੈ। ਇਹ ਸੰਭਵ ਹੈ ਅਤੇ ਔਰਤਾਂ ਦੇ ਉਪਰ ਅੱਜ ਇਹ ਇਕ ਵੱਡੀ ਜ਼ੁੰਮੇਵਾਰੀ ਹੈ। ਜਦੋਂ ਅਜਿਹਾ ਹੋ ਜਾਵੇਗਾ ਤਾਂ ਪੁਰਸ਼ ਮਾਡਲਾਂ ਨੂੰ ਅਸਵੀਕਾਰ ਕਰਨ ਦਾ ਕੀ ਮਤਲਬ ਹੋਵੇਗਾ? ਜੇਕਰ ਕੋਈ ਔਰਤ ਕਰਾਟੇ ਸਿਖਦੀ ਹੈ ਤਾਂ ਇਹ ਵੀ ਇਕ ਮਰਦਾਨੀ ਚੀਜ਼ ਹੈ। ਸਾਨੂੰ ਪੁਰਸ਼ਾਂ ਦੀ ਦੁਨੀਆ ਨੂੰ ਨਕਾਰ ਨਹੀਂ ਦੇਣਾ ਚਾਹੀਦਾ, ਬਲਕਿ ਉਸ ਉਪਰ ਲੱਗਿਆ ਪੁਰਸ਼ਤਵ ਦਾ ਠੱਪਾ ਮਿਟਾਉਣਾ ਹੈ ਕਿਉਂਕਿ ਕੁਝ ਵੀ ਹੋਵੇ ਇਹ ਦੁਨੀਆ ਸਾਡੀ ਔਰਤਾਂ ਦੀ ਵੀ ਤਾਂ ਹੈ।

ਮੇਰਾ ਵਿਸ਼ਵਾਸ ਹੈ ਕਿ ਇਕ ਮੁਕਤ ਇਸਤਰੀ ਪੁਰਸ਼ਾਂ ਦੀ ਤਰ੍ਹਾਂ ਹੀ ਸਿਰਜਣਾਤਮਕ ਸ਼ਕਤੀਆਂ ਨਾਲ ਲੈਸ ਹੋਵੇਗੀ। ਪਰ ਮੈਂ ਇਹ ਨਹੀਂ ਮੰਨਦੀ ਕਿ ਇਸਤਰੀਆਂ ਕਿਸੇ ਬਿਲਕੁਲ ਨਵੀਨ ਸਿਧਾਂਤਾਂ ਦੀ ਖੋਜ ਕਰ ਲੈਣਗੀਆਂ। ਜੇਕਰ ਤੁਸੀਂ ਅਜਿਹਾ ਮੰਨਦੇ ਹੋ ਤਾਂ ਇਕ ਤਰ੍ਹਾਂ ਨਾਲ ਤੁਸੀਂ ਇਸਤਰੀਚਿੱਤ ਪ੍ਰਕਿਰਤੀ ਵਿਚ ਹੀ ਵਿਸ਼ਵਾਸ ਕਰ ਰਹੇ ਹੋ ਅਤੇ ਇਸ ਤਰ੍ਹਾਂ ਦੇ 'ਔਰਤਪਣ' ਦਾ ਮੈਂ ਹਮੇਸ਼ਾ ਵਿਰੋਧ ਕੀਤਾ ਹੈ। ਸਾਨੂੰ ਇਸ ਤਰ੍ਹਾਂ ਦੀਆਂ ਸਾਰੀਆਂ ਧਾਰਨਾਵਾਂ ਦਾ ਜ਼ੋਰਦਾਰ ਖੰਡਨ ਕਰਨਾ ਚਾਹੀਦਾ ਹੈ। ਬੇਸ਼ੱਕ ਔਰਤਾਂ ਦੀ ਮੁਕਤੀ ਨਾਲ ਮਨੁੱਖ-ਮਨੁੱਖ ਦੇ ਵਿਅਕਤੀਤਵ ਤੋਂ ਇਲਾਵਾ, ਇਸਤਰੀ ਪੁਰਸ਼ ਦੇ ਵਿਚਕਾਰ ਅਤੇ ਕਿਸੇ ਵੀ ਤਰ੍ਹਾਂ ਦਾ ਭੇਦ ਕੁਝ ਖਾਸ ਅਰਥ ਨਹੀਂ ਰੱਖਦਾ।

*ਐਲਿਸ : ਕੀ ਤੁਸੀਂ ਔਰਤਾਂ ਦੀ ਅਜ਼ਾਦੀ ਲਈ ਕੁਝ ਹਿੰਸਕ ਤਰੀਕੇ ਇਸਤੇਮਾਲ ਕੀਤੇ ਜਾਣ ਦੀ ਜ਼ਰੂਰਤ ਵਿਚ ਯਕੀਨ ਰੱਖਦੇ ਹੋ?*

ਸਿਮੋਨ : ਬੇਸ਼ੱਕ, ਅੱਜ ਦੀ ਸਥਿਤੀ ਵਿਚ ਤਾਂ ਇਹ ਜ਼ਰੂਰੀ ਹੈ ਪਰ ਇਕ ਸੀਮਾ ਤਕ। ਪੁਰਸ਼ ਇਸਤਰੀਆਂ ਨਾਲ ਬਲ-ਪ੍ਰਯੋਗ ਕਰਦੇ ਹਨ। ਆਪਣੀ ਭਾਸ਼ਾ ਅਤੇ ਵਿਹਾਰ ਵਿਚ ਇਸਤਰੀਆਂ ਪ੍ਰਤੀ ਉਨ੍ਹਾਂ ਦਾ ਰਵੱਈਆ ਹਿੰਸਕ ਅਤੇ ਹਮਲਾਵਰ ਹੁੰਦਾ ਹੈ। ਉਹ ਇਸਤਰੀਆਂ ਦੇ ਨਾਲ ਬਲਾਤਕਾਰ ਕਰਦੇ ਹਨ, ਉਨ੍ਹਾਂ ਨੂੰ ਅਪਮਾਨਤ ਕਰਦੇ ਹਨ ਅਤੇ ਇਥੋਂ ਤਕ ਕਿ ਔਰਤਾਂ ਪ੍ਰਤੀ ਉਨ੍ਹਾਂ ਦੀਆਂ ਨਿਗਾਹਾਂ ਬਹੁਤ ਅਸ਼ਲੀਲ ਅਤੇ ਉਗਰ ਹੁੰਦੀਆਂ ਹਨ। ਔਰਤਾਂ ਨੂੰ ਆਤਮ ਰੱਖਿਆ ਲਈ ਹਿੰਸਾ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਕੁਝ ਔਰਤਾਂ ਕਰਾਟੇ ਅਤੇ ਆਤਮ ਰੱਖਿਆ ਦੇ ਦੂਸਰੇ ਤਰੀਕੇ ਸਿੱਖ ਰਹੀਆਂ ਹਨ। ਮੈਂ ਬਿਲਕੁਲ ਇਸ ਦੇ ਪੱਖ ਵਿਚ ਹਾਂ। ਆਤਮ ਰੱਖਿਆ ਵਿਚ ਸਮਰੱਥ ਇਸਤਰੀਆਂ ਇਸ ਦੁਨੀਆ ਵਿਚ ਖੁਦ ਨੂੰ ਜ਼ਿਆਦਾ ਸਹਿਜ ਅਤੇ ਮੁਕਤ ਮਹਿਸੂਸ ਕਰਨਗੀਆਂ ਅਤੇ ਉਨ੍ਹਾਂ ਨੂੰ ਇਹ ਵੀ ਨਹੀਂ ਲੱਗੇਗਾ ਕਿ ਪੁਰਸ਼ਾਂ ਦੀ ਹਿੰਸਾ ਅਤੇ ਆਕ੍ਰਮਕਤਾ ਦੇ ਅੱਗੇ ਉਹ ਬਿਲਕੁਲ ਨਿਤਾਣੀਆਂ ਅਤੇ ਬੇਵੱਸ ਹਨ।

*ਐਲਿਸ : ਤੁਸੀਂ ਅਕਸਰ ਅਮਰੀਕੀ ਇਸਤਰੀਆਂ ਦਾ ਜ਼ਿਕਰ ਕਰਦੇ ਹੋ, ਕੀ ਨਾਰੀਵਾਦ ਪ੍ਰਤੀ ਤੁਹਾਡਾ ਜੋੜ ਮੁੱਖ ਰੂਪ ਵਿਚ ਉਨ੍ਹਾਂ ਦੇ ਮਧਿਅਮ ਰਾਹੀਂ ਹੋਇਆ?*

ਸਿਮੋਨ : ਹਾਂ, ਮੁੱਖ ਤੌਰ 'ਤੇ ਉਨ੍ਹਾਂ ਦੀਆਂ ਕਿਤਾਬਾਂ ਦੇ ਦੁਆਰਾ। ਅਮਰੀਕਾ ਵਿਚ ਅਜਿਹੀਆਂ ਕਈ ਇਸਤਰੀ ਲੇਖਕਾਵਾਂ ਹਨ, ਉਨ੍ਹਾਂ ਔਰਤਾਂ ਨੂੰ ਛੱਡ ਕੇ ਜਿਨ੍ਹਾਂ ਦੇ ਨਾਮ ਤੋਂ ਅਸੀਂ ਪਹਿਲਾਂ ਹੀ ਵਾਕਫ ਹਾਂ, ਜਿਵੇਂ ਕਿ ਕੇਟ ਮਿਲੇਟ, ਜਮੇਨ ਗਰੀਅਰ, ਸ਼ੁਲਮਿਥ ਫਾਇਰਸਟੋਨ ਆਦਿ, ਹਾਲਾਂਕਿ ਇਹ ਇਸਤਰੀਆਂ ਅਮਰੀਕੀ ਨਹੀਂ ਹਨ। ਮੈਂ ਉਨ੍ਹਾਂ ਦੀਆਂ ਕਿਤਾਬਾਂ ਪੜ੍ਹੀਆਂ ਹਨ। ਇਸਤਰੀ ਸਵਾਲਾਂ 'ਤੇ ਫਰਾਂਸੀਸੀ ਮਹਿਲਾਵਾਂ ਵਲੋਂ ਬਹੁਤ ਕੁਝ ਲਿਖਿਆ ਗਿਆ ਹੈ। ਕਿਹਾ ਜਾ ਸਕਦਾ ਹੈ ਕਿ ਅਮਰੀਕਾ ਵਿਚ ਇਸਤਰੀ ਅੰਦੋਲਨ ਕਿਤੇ ਜ਼ਿਆਦਾ ਮਜ਼ਬੂਤ ਅਤੇ ਉਨਤ ਹੈ। ਮੈਨੂੰ ਅਮਰੀਕੀ ਇਸਤਰੀਆਂ ਦੇ ਢੇਰ ਸਾਰੇ ਖਤ ਅਤੇ ਅਮਰੀਕਾ-ਯਾਤਰਾ ਦੇ ਸੱਦੇ ਮਿਲਦੇ ਰਹੇ ਹਨ ਪਰ ਮੇਰੀ ਪਹਿਲੀ ਪ੍ਰਾਥਮਿਕਤਾ ਮੇਰਾ ਦੇਸ਼ ਮੇਰਾ ਘਰ ਹੈ।

*ਐਲਿਸ : ਇਸਤਰੀ ਮੁਕਤੀ ਅੰਦੋਲਨ ਦਾ ਸੰਘਰਸ਼ ਆਮ ਕਰ ਕੇ ਗਰਭਪਾਤ ਦੀ ਸੁਤੰਤਰਤਾ ਤਕ ਹੀ ਸੀਮਤ ਰਹਿੰਦਾ ਹੈ। ਕੀ ਤੁਸੀਂ ਇਸ ਸੀਮਾ ਤੋਂ ਅੱਗੇ ਜਾਣਾ ਚਾਹੁੰਦੇ ਹੋ?*

ਸਿਮੋਨ : ਬਿਲਕੁਲ, ਮੇਰਾ ਮੰਨਣਾ ਹੈ ਕਿ ਇਸਤਰੀ ਅੰਦੋਲਨ, ਜਿਸ ਵਿਚ ਮੈਂ ਵੀ ਸ਼ਾਮਲ ਹਾਂ, ਨੂੰ ਅਜੇ ਸਾਂਝੇ ਰੂਪ ਵਿਚ ਅਨੇਕ ਮੁੱਦਿਆਂ, ਉਪਰ ਕੰਮ ਕਰਨਾ ਚਾਹੀਦਾ ਹੈ। ਅਸੀਂ ਸਿਰਫ ਗਰਭਪਾਤ ਦੀ ਸੁਤੰਤਰਤਾ ਲਈ ਹੀ ਨਹੀਂ ਲੜ ਰਹੇ ਹਾਂ, ਬਲਕਿ ਸਾਡੀ ਲੜਾਈ ਇਸ ਗੱਲ ਦੀ ਵੀ ਹੈ ਕਿ ਵਿਆਪਕ ਪੈਮਾਨੇ 'ਤੇ ਇਸਤਰੀਆਂ ਲਈ ਗਰਭ ਨਿਰੋਧਕ ਉਪਲੱਬਧ ਹੋਣ। ਵਿਸਤ੍ਰਿਤ ਪੈਮਾਨੇ 'ਤੇ ਗਰਭ ਨਿਰੋਧਕਾਂ ਦੀ ਉਪਲੱਭਤਾ ਨਾਲ ਗਰਭਪਾਤ ਦੀ ਜ਼ਰੂਰਤ ਖੁਦ ਬ ਖੁਦ ਹਾਸ਼ੀਏ 'ਤੇ ਚਲੀ ਜਾਵੇਗੀ। ਦੂਜੇ ਪਾਸੇ ਗਰਭ ਨਿਰੋਧਕ ਅਤੇ ਗਰਭਪਾਤ ਦੇ ਅਧਿਕਾਰ ਦੀ ਲੜਾਈ ਸਾਡੇ ਸੁਤੰਤਰਤਾ ਸੰਗਰਾਮ ਦੀ ਸਿਰਫ ਆਰੰਭ ਬਿੰਦੂ ਹੈ।

□

ਸੰਵਾਦ

# ਮੇਰੇ ਨਾਲ ਇਹ ਮੁੜ ਕਿਵੇਂ ਵਾਪਰ ਗਿਆ?



ਕੌਲੀਨ ਮਕਲੌ ਕਲਿੰਕ

ਗਰਮੀ ਦਾ ਮੌਸਮ ਕਿੱਥੇ ਚਲਾ ਗਿਆ? ਸਕੂਲ ਮੇਰੇ ਲਈ ਆਉਂਦੇ ਸੋਮਵਾਰ ਖੁੱਲ੍ਹਣਾ ਹੈ। ਮੈਂ ਸਵੇਰੇ 4.40 'ਤੇ ਜਾਗਦੀ ਹਾਂ (ਅੱਜ ਸ਼ਨੀਵਾਰ ਹੈ) ਤੇ ਆਪਣੇ ਮਨ ਅੰਦਰ ਕੰਮਾਂ ਦੀ ਸੂਚੀ ਬਣਾਉਣ ਲਗਦੀ ਹਾਂ। ਮੈਂ ਕੁਝ ਨਵੇਂ ਕੱਪੜੇ ਤੇ ਜੁੱਤੇ ਖਰੀਦੇ। ਮੇਰੀ ਆਪਣੀ ਧੀ ਨੇ ਇਸ ਵਾਰ ਹਾਈ ਸਕੂਲ ਦੀ ਪੜ੍ਹਾਈ ਸ਼ੁਰੂ ਕੀਤੀ ਹੈ ਤੇ ਮੈਂ ਉਸ ਦੇ ਹਾਈ ਸਕੂਲ ਜਾਣ ਦੇ ਬਾਵਜੂਦ ਕਾਫੀ ਉਮਰ ਦੀ ਮਹਿਸੂਸ ਨਹੀਂ ਕਰਦੀ। ਮੈਂ ਇਸ ਸਾਲ ਕੁਝ ਨਵੇਂ ਵਿਦਿਆਰਥੀਆਂ ਨੂੰ ਮਿਲਣ ਲਈ ਉਤਾਵਲੀ ਅਤੇ ਉਨ੍ਹਾਂ ਤੋਂ ਉਨ੍ਹਾਂ ਦੀਆਂ ਗਰਮੀਆਂ ਬਾਰੇ ਸੁਣਨਾ ਚਾਹੁੰਦੀ ਹਾਂ। ਸਕੂਲ ਦਾ ਪਹਿਲਾ ਦਿਨ ਨਵੇਂ ਵਰ੍ਹੇ ਦੇ ਪਹਿਲੇ ਦਿਨ ਵਰਗਾ ਹੁੰਦਾ ਹੈ। ਨਵੀਂਆਂ ਕਿਤਾਬਾਂ, ਨਵੇਂ ਨਿਸ਼ਾਨੇ, ਸੁਪਨੇ ਤੇ ਨਵੇਂ ਪੇਪਰ ਤੇ ਪੈਨ। ਇਕ ਨਵਾਂ ਲਾਕਰ ਅਤੇ ਕੁਝ ਨਵੇਂ ਸਮਾਜਕ ਸਬੰਧ ਵੀ ਦਿਸਹੱਦੇ 'ਤੇ ਹੁੰਦੇ ਹਨ। ਮੈਂ ਦਸ ਨਹੀਂ ਸਕਦੀ ਕਿ ਹਰ ਸਾਲ ਮੈਂ ਕਿੰਨੀ ਵਾਰ ਸੁਣਦੀ ਹਾਂ, "ਇਸ ਸਾਲ ਮੈਂ ਕੁਝ ਵਧੀਆ ਕਰਨ ਜਾ ਰਿਹਾ ਹਾਂ।'' ਜਾਂ "ਮੈਂ ਇਸ ਸਾਲ ਕੁਝ ਵਧੀਆ ਕਰਾਂਗਾ ਕਿਉਂਕਿ ਇਹ ਇਕ ਡਿਪਲੋਮਾ ਕੋਰਸ ਹੈ'' ਮੈਂ ਆਪਣੇ ਵਿਦਿਆਰਥੀਆਂ ਨੂੰ ਦਿਨ ਵਿਚ ਕੇਵਲ 80 ਮਿੰਟਾਂ ਲਈ ਮਿਲਦੀ ਹਾਂ। ਮੈਂ ਪਹਿਲਾਂ ਹੀ ਆਪਣੇ ਉਪਰ ਉਨ੍ਹਾਂ ਦੇ ਟੀਚਿਆਂ ਦਾ ਦਬਾਅ ਮਹਿਸੂਸ ਕਰਦੀ ਹਾਂ। ਉਹ ਸਾਰੇ ਮੈਨੂੰ ਆਪਣੇ ਰੱਖਿਅਕ ਵਜੋਂ ਦੇਖਦੇ ਹਨ। ਮੈਂ ਉਨ੍ਹਾਂ ਦੀ ਸਹਾਇਤਾ ਕਰ ਸਕਦੀ ਹਾਂ, ਪਰ ਜਦੋਂ ਉਹ ਕਲਾਸ ਛੱਡ ਕੇ ਆਪਣੇ ਘਰ ਚਲੇ ਜਾਂਦੇ ਹਨ, ਉਦੋਂ ਮੇਰਾ ਉਨ੍ਹਾਂ ਨਾਲ ਕੀ ਵਾਸਤਾ? ਕੀ ਤੁਸੀਂ ਸੱਚਮੁਚ ਜਾਣਦੇ ਹੋ ਕਿ ਤੁਹਾਡੇ ਵਿਦਿਆਰਥੀਆਂ ਨੇ ਕਿੰਨੀ ਨਿਪੁੰਨਤਾ ਹਾਸਲ ਕਰ ਲਈ ਹੈ ਤੇ ਕਿੰਨੀ ਕੁ ਕਮੀ ਰਹਿ ਗਈ ਹੈ?

ਸੋ, ਇਕ ਹੋਰ ਸਾਲ ਲਈ ਮੈਂ ਕੁਝ ਕਰਨ ਜਾ ਰਹੀ ਹਾਂ, ਜਿਸ ਵਿਚ ਤੁਸੀਂ ਭਾਵ ਮਾਪੇ ਵੀ ਸ਼ਾਮਲ ਹੋਵੋਗੇ। ਮੈਂ ਮੰਨਦੀ ਹਾਂ ਕਿ ਮੈਂ ਸੱਚਮੁਚ ਤੁਹਾਨੂੰ ਮਿਲਣਾ ਚਾਹੁੰਦੀ ਹਾਂ, ਤੁਹਾਡੇ ਤੋਂ ਸੁਣਨਾ ਚਾਹੁੰਦੀ ਹਾਂ। ਮੈਨੂੰ ਇਹ ਜਾਨਣ ਦੀ ਲੋੜ ਹੈ ਕਿ ਤੁਸੀਂ ਵੀ ਆਪਣੇ ਬੱਚੇ ਦੀ ਸਫ਼ਲਤਾ ਲਈ ਮੇਰੇ ਵਾਂਗ ਹੀ ਪ੍ਰਤੀਬੱਧ ਹੋ। ਮੈਂ ਸੋਚਦੀ ਹਾਂ ਕਿ ਕਈ ਵਾਰ ਅਸੀਂ ਸੋਚਦੇ ਹਾਂ ਕਿ ਜਿਉਂ ਹੀ ਸਾਡੇ ਬੱਚੇ ਵੱਡੇ ਹੋ ਜਾਂਦੇ ਹਨ, ਸਾਡੀ ਮਾਪਿਆਂ ਦੀ ਸਕੂਲ ਨੂੰ ਵਧੇਰੇ ਲੋੜ ਨਹੀਂ ਰਹਿੰਦੀ। ਤੁਹਾਨੂੰ ਮੁਢਲੀ ਵਿਦਿਆ ਦਾ ਸਮਾਂ ਯਾਦ ਹੈ, ਜਦੋਂ ਤੁਸੀਂ ਉਹ ਸਭ ਜਾਣਦੇ ਸੀ ਜੋ ਹੋ ਰਿਹਾ ਹੁੰਦਾ ਸੀ? ਠੀਕ ਹੈ, ਸੱਚਮੁਚ ਹੀ ਤੁਹਾਡੀ ਵਿਦਿਆਰਥੀਆਂ ਨੂੰ ਇਸ ਸਮੇਂ ਕਿਸੇ ਵੀ ਸਮੇਂ ਨਾਲੋਂ ਵਧੇਰੇ ਲੋੜ ਹੈ।

ਹੇਠਾਂ ਕੁਝ ਉਹ ਹੈ ਜਿਸ ਨੂੰ ਇਕੱਠਿਆਂ ਕਰਨ ਦੀ ਲੋੜ ਹੈ।

1- ਮੈਨੂੰ ਤੁਹਾਡੀ ਲੋੜ ਹੈ ਕਿ ਤੁਸੀਂ ਘਰ ਵਿਚ ਆਪਣੇ ਵਿਦਿਆਰਥੀ ਦੇ ਨਾਲ ਮਿਲ ਕੇ ਕੰਮ ਕਰੋ ਅਤੇ ਯਕੀਨੀ ਬਣਾਓ ਕਿ ਉਹ ਅੰਗਰੇਜ਼ੀ ਦੀਆਂ ਕਿਤਾਬਾਂ ਪੜ੍ਹ ਰਹੇ ਹਨ..ਹਰ ਰਾਤ, ਕਿਉਂਕਿ ਉਨ੍ਹਾਂ ਦੀ ਸਫ਼ਲਤਾ ਸਾਡੇ ਦੋਵਾਂ 'ਤੇ ਨਿਰਭਰ ਕਰਦੀ ਹੈ। ਹਰ ਜਨਤਕ ਲਾਇਬਰੇਰੀ ਸਾਡੇ ਵਿਦਿਆਰਥੀਆਂ ਨੂੰ ਮੁਫ਼ਤ ਵਿਚ ਕਿਤਾਬਾਂ ਕਢਵਾਉਣ ਲਈ ਕਾਰਡ ਦਿੰਦੀ ਹੈ।

2- ਮੈਨੂੰ ਤੁਹਾਡੀ ਲੋੜ ਹੈ ਕਿ ਇਥੇ ਇਕ ਸਕੂਲ ਜ਼ੋਨ ਹੈ ਅਤੇ ਅਧਿਆਪਕ ਉਥੇ ਆਪਣਾ ਰੋਜ਼ਾਨਾ ਹੋਮਵਰਕ ਦਿੰਦੇ ਹਨ। ਇਹ ਪਤਾ ਕਰਨ ਦਾ ਸ਼ਾਨਦਾਰ ਸੋਮਾ ਹੈ ਕਿ ਤੁਹਾਡਾ ਵਿਦਿਆਰਥੀ ਕਿਵੇਂ ਚੱਲ ਰਿਹਾ ਹੈ। ਇਸ ਵਿਚ ਅੰਕਾਂ, ਹਾਜ਼ਰੀਆਂ-ਹਰ ਚੀਜ਼ ਦਾ ਰਿਕਾਰਡ ਹੁੰਦਾ ਹੈ।

3- ਤੁਹਾਨੂੰ ਇਹ ਜਾਣਨ ਦੀ ਲੋੜ ਹੈ ਕਿ ਸਾਡਾ ਅੰਗਰੇਜ਼ੀ ਵਿਭਾਗ ਪਾਠ ਅਤੇ ਵਿਧੀਆਂ ਦੀ ਯੋਜਨਾਬੰਦੀ ਵਿਚ ਰੁਝਿਆ ਰਹਿੰਦਾ ਹੈ। ਇਕ ਵਾਰ ਫਿਰ ਸਾਡੀ ਮੰਗ ਹੈ ਕਿ ਵਿਦਿਆਰਥੀ ਸੁਤੰਤਰ ਰੂਪ ਵਿਚ ਨਾਵਲ ਪੜ੍ਹਨ। ਠੀਕ ਰਿਹਾ ਤਾਂ ਸਤੰਬਰ ਦੇ ਮੱਧ ਵਿਚ ਅਸੀਂ ਸਕੂਲ ਸਮਾਂ ਖ਼ਤਮ ਹੋਣ 'ਤੇ ਹਰ ਬੁੱਧਵਾਰ ਅੰਗਰੇਜ਼ੀ ਟਿਟੋਰੀਅਲ ਲਾਵਾਂਗੇ।

4- ਸਕੂਲ ਵੀ ਸਵੇਰੇ 9 ਵਜੇ ਲਗਦਾ ਹੈ। ਇਸ ਦਾ ਭਾਵ ਹੈ ਕਿ ਤੁਹਾਡਾ ਆਪਣੇ ਵਿਦਿਆਰਥੀ ਨੂੰ 8.45 'ਤੇ ਸਕੂਲ ਛੱਡ ਜਾਣਾ ਅਸੀਂ ਪਸੰਦ ਕਰਾਂਗੇ ਤਾਂ ਕਿ ਉਹ ਆਪਣੇ ਲਾਕਰ 'ਤੇ ਪਹੁੰਚ ਜਾਣ, ਆਪਣੇ ਮਿਤਰਾਂ ਵਲ ਗੇੜਾ ਮਾਰ ਲੈਣ ਤੇ ਲਿਖਣ ਲਈ ਆਪਣੀ ਕਲਾਸ ਵਿਚ ਸਮੇਂ ਸਿਰ ਤਿਆਰ ਹੋਣ। ਜੇਕਰ ਉਹ ਬਸ ਵਿਚ ਆਉਂਦੇ ਹਨ ਤਾਂ ਤੁਸੀਂ ਸਾਡੀ ਸਹਾਇਤਾ ਲਈ ਇਹ ਯਕੀਨੀ ਬਣਾਓ ਕਿ ਉਹ ਸਹੀ ਬਸ ਲੈਂਦੇ ਹਨ ਜਿਹੜੀ ਉਨ੍ਹਾਂ ਨੂੰ ਸਵੇਰੇ 8.45 'ਤੇ ਸਕੂਲ ਪਹੁੰਚਾ ਦੇਵੇਗੀ। ਬਦਕਿਸਮਤੀ ਨਾਲ ਪਿਛਲੇ ਸਾਲ ਸਾਡਾ ਵਾਹ ਬਹੁਤ ਸਾਰੇ ਦੇਰ ਨਾਲ ਸਕੂਲ ਪੁੱਜਣ ਵਾਲੇ ਤੇ ਆਵਾਰਾ ਘੁੰਮਣ ਵਾਲੇ ਵਿਦਿਆਰਥੀਆਂ ਨਾਲ ਪਿਆ। ਇਸ ਸਬੰਧੀ ਇਸ ਵਾਰ ਅਸੀਂ ਇਕ ਨਵੀਂ ਨੀਤੀ ਬਣਾਈ ਹੈ। ਤਿੰਨ ਵਾਰ ਕਲਾਸ ਵਿਚ ਦੇਰ ਨਾਲ ਆਉਣ ਵਾਲੇ ਵਿਦਿਆਰਥੀ ਨੂੰ ਇਕ ਘੰਟੇ ਲਈ ਕਮਰੇ ਵਿਚ ਰੋਕ ਕੇ ਰੱਖੇ ਜਾਣ ਦੀ ਵਿਵਸਥਾ ਕੀਤੀ ਗਈ ਹੈ। ਚੰਗਾ ਨਹੀਂ ਲਗਦਾ, ਚੰਗੀ ਪੜ੍ਹਾਈ ਨਹੀਂ ਹੁੰਦੀ ਜਦੋਂ ਬੱਚਿਆਂ ਨੂੰ ਆਪਣੀਆਂ ਕਲਾਸਾਂ ਵਿਚ ਹਾਜ਼ਰ ਰੱਖਣ ਲਈ ਅਧਿਆਪਕਾਂ ਨੂੰ ਆਪਣੇ ਪਾਠ ਰੋਕਣੇ ਪੈਂਦੇ ਹਨ।

ਮੈਂ ਜਾਣਦੀ ਹਾਂ ਕਿ ਸ਼ਾਇਦ ਸਾਡੀਆਂ ਭਾਸ਼ਾਵਾਂ ਵੱਖੋ-ਵੱਖਰੀਆਂ ਹਨ ਅਤੇ ਅਸੀਂ ਆਪਸੀ ਮੇਲਜੋਲ ਵਿਚ ਦਿੱਕਤ ਮਹਿਸੂਸ ਕਰਦੇ ਹਾਂ ਪਰ ਤੁਹਾਡੇ ਬੱਚੇ ਸਾਡੇ ਤੋਂ ਮਿਲਜੁਲ ਕੇ ਕੰਮ ਕਰਨ ਦੀ ਲੋੜ ਰੱਖਦੇ ਹਨ।

5- ਮੈਂ ਤੁਹਾਨੂੰ ਇਹ ਦੱਸਣਾ ਜ਼ਰੂਰੀ ਸਮਝਦੀ ਹਾਂ ਕਿ ਤੁਹਾਡੇ ਬੱਚੇ ਅੰਗਰੇਜ਼ੀ ਦੀਆਂ ਕਲਾਸਾਂ ਵੀ ਵੱਡੀ ਅੜਚਣ ਦਾ ਸਾਹਮਣਾ ਕਰ ਰਹੇ ਹਨ-ਪਰ ਉਨ੍ਹਾਂ ਸਾਰਿਆਂ ਨੂੰ ਇੰਗਲਿਸ਼ 30-1 ਕੋਰਸ ਸਫ਼ਲਤਾਪੂਰਵਕ ਮੁਕੰਮਲ ਕਰਨ ਦੀ ਲੋੜ ਹੈ ਜੇਕਰ ਉਹ ਕਿਸੇ ਦਿਨ ਇੰਜਨੀਅਰ ਜਾਂ ਡਾਕਟਰ ਬਣਨਾ ਚਾਹੁੰਦੇ ਹਨ, ਜਿਵੇਂ ਕਿ ਤੁਸੀਂ ਵੀ ਅਜਿਹਾ ਪਸੰਦ ਕਰਦੇ ਹੋ।

6- ਮੈਂ ਤੁਹਾਨੂੰ ਸਤੰਬਰ ਦੇ ਆਰੰਭ ਵਿਚ ਹੋਣ ਵਾਲੀ ਬੀ.ਬੀ. ਕਿਊ ਵਿਚ ਸ਼ਾਮਲ ਹੋਣ ਲਈ ਸੱਦਾ ਦਿੰਦੀ ਹਾਂ। ਹਰ ਰੋਜ਼ ਸਕੂਲ ਜ਼ੋਨ 'ਤੇ ਨਜ਼ਰ ਰੱਖੋ ਜਾਂ ਸਕੂਲ ਸਕੱਤਰੇਤ ਸਟਾਫ ਨਾਲ ਫੋਨ 'ਤੇ ਗੱਲ ਕਰੋ। ਸਾਡਾ ਫੋਨ ਨੰਬਰ ਹੈ 780 462 3222 ਜਾਂ ਫੇਰ ਈਮੇਲ ਕਰੋ।

**ਮੁਖੀ ਅੰਗਰੇਜ਼ੀ ਵਿਭਾਗ**
**ਜੇ. ਪਰਸੀ ਪੇਜ ਹਾਈ ਸਕੂਲ**

# ਪੰਜਾਬ ਦੇ 80 ਫੀਸਦੀ ਦੋਧੀਆਂ 'ਤੇ ਸੰਕਟ

ਚੰਡੀਗੜ੍ਹ, (ਨਦਬ) : ਭਾਰਤ ਸਰਕਾਰ ਦੇ ਸਿਹਤ ਅਤੇ ਪਰਵਾਰ ਕਲਿਆਣ ਮੰਤਰਾਲੇ ਵਲੋਂ ਖੁਰਾਕ ਸੁਰੱਖਿਆ ਅਤੇ ਮਾਪਦੰਡ ਨਿਯਮ 2011 ਜਾਰੀ ਹੋਣ ਕਾਰਨ ਪੰਜਾਬ ਦੇ 80 ਫੀਸਦੀ ਦੋਧੀਆਂ 'ਤੇ ਸੰਕਟ ਦੇ ਬੱਦਲ ਮੰਡਰਾਉਣ ਲੱਗੇ ਹਨ। ਇਸ ਵਿਚ ਕਈ ਤਰ੍ਹਾਂ ਦੇ ਸਖ਼ਤ ਕਾਨੂੰਨ ਦਿਤੇ ਗਏ ਹਨ। ਜਿਸ ਨਾਲ ਛੋਟੇ ਦੋਧੀਆਂ ਲਈ ਪ੍ਰੇਸ਼ਾਨੀਆਂ ਖੜੀਆਂ ਹੋ ਗਈਆਂ ਹਨ। ਪੰਜਾਬ ਸਰਕਾਰ ਦਾ ਪਸ਼ੂ ਪਾਲਣ ਵਿਭਾਗ ਵੀ ਪ੍ਰੇਸ਼ਾਨ ਹੈ। ਨਵੇਂ ਨਿਯਮਾਂ ਨਾਲ ਦੁੱਧ ਦੀਆਂ ਕੀਮਤਾਂ ਵਿਚ ਵੀ ਵਾਧਾ ਹੋਣ ਦੇ ਆਸਾਰ ਹਨ।

ਕੇਂਦਰ ਸਰਕਾਰ ਵਲੋਂ 1 ਅਗਸਤ 2001 ਨੂੰ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਨਾਲ ਨਵੇਂ ਨਿਯਮ 5 ਅਗਸਤ ਤੋਂ ਪੂਰੇ ਦੇਸ਼ ਵਿਚ ਲਾਗੂ ਹੋ ਗਏ ਹਨ। ਸੂਬਾ ਸਰਕਾਰ ਨੂੰ ਵੀ ਇਸਦੀ ਕਾਪੀ ਭੇਜ ਦਿਤੀ ਗਈ ਹੈ। ਇਸ ਅਨੁਸਾਰ ਹੁਣ ਹਰੇਕ ਦੋਧੀ ਨੂੰ ਰਜਿਸਟ੍ਰੇਸ਼ਨ ਕਰਵਾਉਣੀ ਪਵੇਗੀ। ਇਸ ਤੋਂ ਪਹਿਲਾਂ 10 ਹਜ਼ਾਰ ਲੀਟਰ ਪ੍ਰਤੀਦਿਨ ਤਕ ਵਾਲੇ ਦੋਧੀਆਂ ਨੂੰ ਰਜਿਸਟਰੇਸ਼ਨ ਦੀ ਲੋੜ ਨਹੀਂ ਸੀ। ਨਵੇਂ ਨਿਯਮਾਂ ਵਿਚ ਸਹਿਕਾਰੀ ਸਭਾਵਾਂ ਦੇ ਨਾਲ ਰਜਿਸਟਰਡ ਨੂੰ ਛੱਡ ਕੇ ਬਾਕੀ 100 ਤੋਂ 500 ਕਿਲੋ ਪ੍ਰਤੀ ਦਿਨ ਤਕ ਦੁੱਧ ਦੀ ਵਿਕਰੀ ਕਰਨ ਵਾਲੇ ਨੂੰ ਛੋਟੇ ਵਪਾਰੀ ਵਰਗ ਵਿਚ ਸ਼ਾਮਲ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਪੰਜਾਬ ਵਿਚ ਕੁਲ 260 ਲੱਖ ਲੀਟਰ ਰੋਜ਼ਾਨਾ ਪੈਦਾ ਹੁੰਦੇ ਦੁੱਧ ਵਿਚੋਂ ਸੰਗਠਤ ਖੇਤਰ ਦੇ ਮਿਲਕ ਪਲਾਂਟ 50 ਲੱਖ ਲੀਟਰ ਦੀ ਪ੍ਰੋਸੈਸ ਕਰ ਸਕਦੇ ਹਨ। ਬਾਕੀ 80 ਫੀਸਦੀ ਗੈਰ ਸੰਗਠਤ ਖੇਤਰ ਵਿਚ ਹੈ।

ਡੇਅਰੀ ਮਾਹਰਾਂ ਦਾ ਕਹਿਣਾ ਹੈ ਕਿ ਨਵੇਂ ਨਿਯਮ ਗ਼ਰੀਬ ਡੇਅਰੀ ਵਾਲਿਆਂ 'ਤੇ ਭਾਰੀ ਬੋਝ ਬਣ ਜਾਣਗੇ। 60 ਫੀਸਦੀ ਦੁੱਧ ਤਾਂ ਕਿਸਾਨਾਂ ਵਲੋਂ ਸਹਾਇਕ ਧੰਦੇ ਦੇ ਰੂਪ ਵਿਚ ਸ਼ੂਰੂ ਕੀਤੀਆਂ ਗਈਆਂ ਛੋਟੀਆਂ ਡੇਅਰੀਆਂ ਵਿਚੋਂ ਆਉਂਦਾ ਹੈ। ਉਨ੍ਹਾਂ ਲਈ ਜੋ ਸ਼ਰਤਾਂ ਰੱਖੀਆਂ ਗਈਆਂ ਹਨ ਉਨ੍ਹਾਂ ਨੂੰ ਲਾਗੂ ਕਰਨਾ ਮੁਸ਼ਕਲ ਮੰਨਿਆ ਜਾ ਰਿਹਾ ਹੈ। ਰਜਿਸਟ੍ਰੇਸ਼ਨ ਦਾ ਅਧਿਕਾਰ ਵੀ ਪਹਿਲਾਂ 2 ਲੱਖ ਲੀਟਰ ਤਕ ਸੂਬਾ ਸਰਕਾਰ ਦੇ ਕੋਲ ਸੀ ਪਰ ਹੁਣ 50 ਹਜ਼ਾਰ ਲੀਟਰ ਤਕ ਦਾ ਅਧਿਕਾਰ ਕੇਂਦਰ ਕੋਲ ਪਹੁੰਚ ਗਿਆ ਹੈ। ਨਿਯਮਾਂ 'ਤੇ ਪੂਰਾ ਨਾ ਉਤਰਨ 'ਤੇ 25 ਹਜ਼ਾਰ ਤੋਂ 5 ਲੱਖ ਰੁਪਏ ਤਕ ਦਾ ਜੁਰਮਾਨਾ ਰਖਿਆ ਗਿਆ ਹੈ। ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੇ ਇਹ ਮੁੱਦਾ ਕੇਂਦਰ ਸਰਕਾਰ ਕੋਲ ਵੀ ਚੁੱਕਿਆ ਹੈ।


BLITZ AUTO CANADA
3207-97 Street, Edmonton, Alberta, T6N 1B7, Canada
Full Maintenance Service

❖ Breaks
❖ Muffler
❖ Suspension
❖ Lube & Oil
❖ Tires
❖ Batteries
Contact:
Umesh Amin
Ph:780 463 2886
Fax: 780 463 6536
email: unamin@gmail.com

WE CARE YOUR CAR BETTER

Laddi Padda Realtor
ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।
PROFESSIONAL
REALTY GROUP

Cell: 780-909-5154

Laddi Padda
9222-51 Avenue, Edmonton, AB T6E 5L8
Phone: 780-439-9818, Fax: 780-439-1257


BIG BO'S
UP TO 50% SALE
Furniture, Appliances & Blinds
ਵਧੀਆ ਫਰਨੀਚਰ, ਅਪਲਾਇੰਸਿਜ਼ ਅਤੇ ਬਲਾਇੰਡਜ਼ ਲਈ ਅੱਜ ਹੀ ਪਧਾਰੋ BIG BO'S FURNITURE
Stainless Steel 3 Pcs Set
Fridge, Range, Dishwasher, Washer & Dryer 5 Pcs. White Set
SAMSUNG
FRIGIDAIRE
Store Hours:
Mon-Wed 10 am-6 pm.
Thu-Fri 10 am-8pm.
Sat 10 am-6 pm.
Sun 12 pm - 5 pm.
4220 99 St. NW
Edmonton, AB
780 430 4346
Prices valid until Quantities last.


Creative Doors & Mouldings Ltd.
"Your Complete Finishing Store"
* Interior * Prehung Units
* Locks & Hardware * French Doors
* Bi-Folds * Mouldings * Accessories
* Railing
Call: Bill Sekhon
Phone: (780) 438-2224
Cell: (780) 232-1816
Fax: (780) 438-4422
9838-60 Avenue Edmonton, AB T6E 0C5

# NEW WAY Stucco Ltd.



Quality work at reasonable rates.

We do Splash Dash Stucco and Acrylic. For free estimates call

(BALJIT) Ph.: (780)-708-1436, Fax: (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

# Moga Painting Company

Serving Since 1985



Experts in Interior & Exterior Paint

Residential & Commercial

> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT

Edmonton (780) 934-3535 Winnipeg (204) 979-7070



Residential | Commercial | Investment Properties

Home Life/United Realty Inc. Brokerage

Independently Owned & Operated.

Higher Standards Agents... Higher Results™

Cell: 647 818 6880
Bus: 905 672 1234
Fax : 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

Sales Representative

Harinder Hundal

M.Sc. Eco, M.B.A

MLS MULTIPLE LISTING SERVICE® REALTOR

50 SunnyVale Gate, Unit # 7, Brampton, ON L6S 0C4

# ਮੁਲਾਕਾਤ Productions

ਟੀ.ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)



Charanjit Brar
Producer & Host
Ph: 647 300 8436
cbrar@rogers.com

ਬਹੁਤ ਹੀ ਘੱਟ ਕੀਮਤਾਂ ਦਾ ਅੱਜ ਹੀ ਫ਼ਾਇਦਾ ਉਠਾਓ

All Vehicles Certified & Carproof

# MILLWOODS SUZUKI SOUTH EDMONTON

## ALL NEW PRE-OWNED SUPER CENTRE SUMMER BLOW-OUT EVENT. ALL MAKES & MODELS @ BLOW-OUT PRICES

Special Purchase

2011 SUZUKI GRAND VITARA JX 4X4



3 TO CHOOSE #11905-0 LOADED, LOW KMS, FACTORY WARRANTY

From $22,888

Special Purchase

2010 FORD FUSION SE



#11895-0 CLOTH, LOADED, ONLY 28,000KMS, WARRANTY

$16,888

2007 SATURN AURA XR LUXURY SEDAN — #11932-0 HEATED LEATHER, SUNROOF, ONLY 59,000KMS — $12,888

2009 KIA RIO5 HATCHBACK — #11853-0 4 CYL, AUTO, LOADED, HEATED SEATS, WARRANTY — $10,888

2008 BMW X5 3.0Si AWD — #11889-0 NAVIGATION, LOADED — $38,888

2008 MERCEDES ML 350 — #11913-0 LOADED — $39,888

2009 BMW X3 PREMIUM — #11971-0 LOCAL, ONE OWNER — $39,888

2009 NISSAN VERSA H/B — #C300782-1 MANUAL 14,000KMS — $13,888

2006 NISSAN SENTRA S — #11966-0 — $10,888

SHOP 24/7 @ www.millwoodssuzuki.com over 500 vehicles to choose from

2008 MERCEDES B200 H/B — 2 TO CHOOSE — #11904-0 LOADED — from $19,888

2011 SUZUKI SX4 JLX AWD — 3 TO CHOOSE — #11944-0 AUTO, LOADED, HEATED SEATS, ONLY 11,000KMS — $21,888

2008 MERCEDES-BENZ C300 4MATIC — #11914-0 LUXURY SEDAN, PHOTOS ONLINE — $34,888

2007 DODGE RAM 1500 QUAD CAB 4X4 — #11964-0 LOADED, 5.7L HEMI, 20" CHROME WHEELS, WARRANTY — $21,888

2006 FORD F350 DIESEL CREW CAB LARIAT 4X4 — #C300169-1 LEATHER, LOADED, LOW KMS, FINANCING AVAILABLE — $24,888

2009 SUZUKI SWIFT H/B — #11990-0 AUTO, AIR — $10,888

2009 NISSAN FRONTIER KINGCAB XE — #11C043-1 LOADED, 5 SPD, CANOPY — $16,888

2006 VW JETTA 4DR TURBO DIESEL — #11T123-1 — $17,888

2006 NISSAN X-TRAIL LE — #11917-0 LOADED — $16,888

2005 CHEV UPLANDER LT — #T100469-1 7 PASS, DVD, P.SLIDE DOOR — $8,888

2007 SUZUKI SX4 JX AWD — #11T112-1 LOADED — $11,888

2008 FORD RANGER S/CAB FX4 — #11C072-1 LOADED — $17,888

2007 TOYOTA CAMRY LE SEDAN — #11952-1 LOADED, CLOTH INT., SUNROOF — $15,888

2011 KIA SORENTO AWD — #11943-0 AUTO, BAL. OF FACT. WARR., FULL LOAD — $24,888

Apply @ MWSCREDIT.CA Your guaranteed approval!!

780-450-4500

34th AVE AUTO ROW | 3403-93 ST. SPECIAL TOLL FREE 1-866-897-4500

FIGHT CARFORMITY BBB

# ਜਦੋਂ ਢੋਲ ਦੇ ਡਗੇ 'ਤੇ ਨੱਚੇ ਮੁੰਡੇ ਕੁੜੀਆਂ



ਕਹਿੰਦੇ ਨੇ ਜਦੋਂ ਆਦਮੀ ਨੇ ਪਹਿਲੀ ਵਾਰ ਕਣਕ ਦੀ ਫਸਲ ਨੂੰ ਪੱਕੀ ਵੇਖਿਆ ਤੇ ਕਣਕ ਦੇ ਦਾਣੇ ਦਾ ਸਵਾਦ ਚੱਖਿਆ ਤਾਂ ਖੁਸ਼ੀ ਨਾਲ ਨੱਚ ਉਠਿਆ, ਜਿਥੋਂ ਪੰਜਾਬੀ ਲੋਕ ਨਾਚ ਭੰਗੜੇ ਦਾ ਜਨਮ ਹੋਇਆ। ਇਹ ਲੋਕ ਨਾਚ ਭੰਗੜਾ ਖੁਸ਼ੀ ਮੌਕੇ ਪਾਇਆ ਜਾਣ ਵਾਲਾ ਨਾਚ ਹੈ। ਇਸ ਨਾਚ ਨੂੰ ਢੋਲ ਦੀਆਂ ਮਿੱਠੀਆਂ ਧੁੰਨਾਂ 'ਤੇ ਪੱਟਾਂ ਤੇ ਹਿੱਕ ਦੇ ਜ਼ੋਰ ਨਾਲ ਨੱਚਿਆ ਜਾਂਦਾ ਹੈ। ਢੋਲ ਦੀ ਮਿੱਠੀ ਆਵਾਜ਼ ਨੇ ਜਿਥੇ ਪੰਜਾਬੀਆਂ ਨੂੰ ਭੰਗੜੇ ਵਿਚ ਮੁਹਾਰਤ ਹਾਸਲ ਕਰਵਾਈ, ਉਥੇ ਹੀ ਇਸ ਸੁਮੇਲ ਨਾਲ ਦੇਸ਼ਾਂ ਵਿਦੇਸ਼ਾਂ ਤਕ ਵੀ ਧੁੰਮਾਂ ਪਾਈਆਂ। ਇਨ੍ਹਾਂ ਧੁੰਮਾਂ ਨੂੰ ਕਨੇਡਾ ਦੇ ਐਡਮਿੰਟਨ ਸ਼ਹਿਰ ਵਿਚ ਵੀ ਭੰਗੜਾ ਕੋਚ ਮਨਜੀਤ ਸਿੰਘ ਵਲੋਂ ਆਪਣੇ ਸਾਥੀਆਂ ਕੌਮਾਂਤਰੀ ਢੋਲੀ ਮਾਸਟਰ ਬਿੱਟੂ ਉਸਤਾਦ, ਵੀਡਿਓ ਡਾਇਰੈਕਟਰ ਰਵੀ ਦਰ ਰੰਗੂਵਾਲ, ਗੁਰਚਰਨ ਗਰਚਾ, ਜਸਵੀਰ ਗਿੱਲ ਆਦਿ ਦੇ ਸਹਿਯੋਗ ਨਾਲ ਬਰਕਰਾਰ ਰਖਿਆ ਹੈ ਇਨ੍ਹਾਂ ਸਾਰਿਆਂ ਨੇ ਆਪਸੀ ਤਾਲਮੇਲ ਸਦਕਾ 'ਪੰਜਾਬੀ ਹੈਰੀਟੇਜ ਫਾਊਂਡੇਸ਼ਨ' ਦੀ ਸਥਾਪਨਾ ਕੀਤੀ ਅਤੇ ਦਿਨ ਰਾਤ ਇਕ ਕਰ ਕੇ ਅਲੋਪ ਹੁੰਦੇ ਜਾ ਰਹੇ ਲੋਕ ਨਾਚਾਂ ਨੂੰ ਵਿਦੇਸ਼ੀ ਧਰਤੀ 'ਤੇ ਜਿਉਂਦਾ ਰੱਖਣ ਦਾ ਯਤਨ ਵਿੱਢ ਦਿਤਾ। ਇਨ੍ਹਾਂ ਵਲੋਂ ਕਦੇ 'ਲੋਹੜੀ ਮੇਲਾ' ਦੇ ਨਾਮ ਹੇਠ ਤੇ ਕਦੇ 'ਵਿਸਾਖੀ ਮੇਲੇ' ਦੇ ਨਾਂਮ ਹੇਠ ਸਾਂਝੇ ਯਤਨ ਕੀਤੇ ਜਾਂਦੇ। ਉਪਰੰਤ ਯਤਨ-ਦਰ-ਯਤਨ ਜੁਲਾਈ-ਅਗਸਤ-2011 ਵਿਚ ਵੱਡੇ ਪੱਧਰ 'ਤੇ ਸਮਰ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿਚ 'ਪੰਜਾਬੀ ਹੈਰੀਟੇਜ ਫਾਊਂਡੇਸ਼ਨ' ਵਲੋਂ 300 ਤੋਂ ਵਧੇਰੇ ਬੱਚਿਆਂ ਨੂੰ ਭੰਗੜਾ, ਜਿੰਦੂਆ, ਗਿੱਧਾ, ਲੁੱਡੀ, ਝੂੰਮਰ, ਸੰਮੀ, ਮਲਵਈ ਗਿੱਧਾ ਆਦਿ ਤੋਂ ਇਲਾਵਾ ਲੋਕ ਸਾਜ ਤੂੰਬੀ, ਚਿਮਟਾ, ਅਲਗੋਜੇ, ਢੋਲ ਆਦਿ ਵੀ ਸਿਖਾਏ ਗਏ। ਇਸੇ ਤਰ੍ਹਾਂ ਇਸ ਕੈਂਪ ਵਿਚ ਹੀ ਲੋਕ ਗੀਤ, ਸੁਹਾਗ, ਸਿੱਠਣੀਆਂ, ਮਾਹੀਆ, ਜੁਗਨੀ, ਛੱਲਾ ਆਦਿ ਵੀ ਬੱਚਿਆਂ ਨੂੰ ਸਿਖਾਇਆ ਗਿਆ।

ਕੋਚ ਮਨਜੀਤ ਸਿੰਘ ਨੇ ਦੱਸਿਆ ਕਿ ਪੰਜਾਬੀ ਹੈਰੀਟੇਜ ਫਾਊਂਡੇਸ਼ਨ ਵਲੋਂ ਅੱਗੇ ਤੋਂ ਇਹ ਲੋਕ ਨਾਚ ਸਿਖਾਏ ਜਾਂਦੇ ਰਹਿਣਗੇ। ਉਨ੍ਹਾਂ ਦਸਿਆ ਕਿ ਜੇਕਰ ਕੋਈ ਵੀ ਵਿਦਿਆਰਥੀ, ਵਿਦਿਆਰਥਣ, ਨੌਜਵਾਨ, ਬਜ਼ੁਰਗ ਇਹ ਲੋਕ ਨਾਚ, ਲੋਕ ਗੀਤ, ਲੋਕ ਸਾਜ ਸਿਖਣਾ ਚਾਹੁੰਦਾ ਹੋਵੇ ਤਾਂ ਉਨ੍ਹਾਂ ਨਾਲ 780-952-5075 'ਤੇ ਸੰਪਰਕ ਕਰ ਸਕਦਾ ਹੈ।

ਇਸ ਤੋਂ ਅੱਗੇ ਕਦਮ ਪੁੱਟਦਿਆਂ 'ਪੰਜਾਬੀ ਹੈਰੀਟੇਜ ਫਾਊਂਡੇਸ਼ਨ' ਵਲੋਂ 14 ਅਗਸਤ 2011 ਨੂੰ ਸ਼ੇਰਵੁਡ ਪਾਰਕ ਦੇ ਫੈਸਟੀਵਲ ਪਲੇਸ ਵਿਖੇ 'ਰੌਣਕਾਂ ਪੰਜਾਬ ਦੀਆਂ' ਦੇ ਨਾਮ ਹੇਠ ਸਮਰ ਕੈਂਪ ਦੀ ਸਮਾਪਤੀ ਅਤੇ ਸਲਾਨਾ ਸਭਿਆਚਾਰਕ ਮੇਲਾ ਕਰਵਾਇਆ ਗਿਆ। ਕਰੀਬ 5 ਘੰਟੇ ਚਲੇ ਇਸ ਨਿਰੋਲ ਸਭਿਆਚਾਰਕ ਮੇਲੇ ਵਿਚ ਭੰਗੜੇ, ਗਿੱਧੇ, ਸੰਮੀ, ਝੂੰਮਰ, ਧਮਾਲਾ, ਲੋਕ ਗੀਤ, ਸੁਹਾਗ, ਸਿੱਠਣੀਆਂ, ਤੂੰਬੀ, ਢੋਲ, ਚਿਮਟਿਆਂ ਦੀ ਗੜ੍ਹਗਹਾਟ ਨੇ ਇਹ ਸਾਬਤ ਕਰ ਦਿਤਾ ਕਿ ਵਿਦੇਸ਼ੀ ਧਰਤੀ 'ਤੇ ਵੀ ਆਪਣੇ ਸਭਿਆਚਾਰ, ਕਦਰਾਂ-ਕੀਮਤਾਂ ਪਹਿਰਾਵੇ, ਲੋਕ-ਨਾਚਾਂ ਆਦਿ ਨੂੰ ਜਿਊਂਦਾ ਤਾਂ ਰਖਿਆ ਹੀ ਜਾ ਸਕਦਾ ਹੈ, ਇਸ ਦੇ ਨਾਲ ਹੀ ਇਨ੍ਹਾਂ ਨੂੰ ਪ੍ਰਫੁਲਤ ਵੀ ਕੀਤਾ ਜਾ ਸਕਦਾ ਹੈ।

ਫੈਸਟੀਵਲ ਪਲੇਸ ਦੇ ਖਚਾਖਚ ਭਰੇ ਹਾਲ ਵਿਚ ਕੀਤੇ ਗਏ ਸਮਾਗਮ ਦੀ ਸਟੇਜ ਸਕੱਤਰ ਦੀ ਭੂਮਿਕਾ ਜਸਵੀਰ ਗਿੱਲ, ਹਰਜੀਤ ਸੰਧੂ ਅਤੇ ਰਾਣਾ ਸਿੱਧੂ ਨੇ ਨਿਭਾਈ। ਫਾਊਂਡੇਸ਼ਨ ਦੇ ਪ੍ਰਧਾਨ ਗੁਰਚਰਨ ਗਰਚਾ, ਕੋਚ ਮਨਜੀਤ ਸਿੰਘ, ਵਾਈਸ ਪ੍ਰਧਾਨ ਜਸਵੀਰ ਸਿੰਘ ਗਿੱਲ, ਡਾਇਰੈਕਟਰ ਰਵੀਦਰ ਰੰਗੂਵਾਲ, ਮੈਂਬਰਾਂ ਡਾ. ਪ੍ਰਵੀਨ ਵਾਲੀਆ, ਜਸਵਿੰਦਰ ਭਿੰਡਰ, ਸਤਿੰਦਰ ਸੰਧੂ, ਵਤਨਦੀਪ ਗਰੇਵਾਲ, ਮਨਜੀਤ ਸਿੰਘ ਬਾਜਵਾ, ਦਲਵੀਰ ਸਿੰਘ ਚਾਨਾ ਆਦਿ ਨੇ ਕੌਂਸਲਰ ਅਮਰਜੀਤ ਸੋਹੀ, ਐਮ.ਐਲ.ਏ. ਪੀਟਰ ਸੰਧੂ, ਹਰਜਿੰਦਰ ਢੇਸੀ, ਕੁਲਵੀਰ ਉੱਪਲ, ਜਸਵਿੰਦਰ ਢਿੱਲੋਂ, ਸੁਹੇਲ ਕਾਦਰੀ, ਕੁਲਦੀਪ ਪਵਾਰ, ਪਵਿੱਤਰ ਧਾਲੀਵਾਲ, ਬਲਜੀਤ ਲੱਲ ਆਦਿ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਸਮੂਹ ਕਮੇਟੀ ਵਲੋਂ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਤੇ ਬੱਚਿਆਂ ਨੂੰ ਸਨਮਾਨ ਪੱਤਰ ਵੀ ਦਿਤੇ ਗਏ।

ਪੰਜਾਬੀ ਹੈਰੀਟੇਜ ਫਾਊਂਡੇਸ਼ਨ ਵਲੋਂ ਸਮਾਗਮ ਦੌਰਾਨ ਗੁਰਿੰਦਰ ਢਿੱਲੋਂ, ਸੱਜਣ ਸਿੰਘ, ਮਨਪ੍ਰੀਤ ਸਿੱਧੂ, ਹਰਪ੍ਰੀਤ ਸਿੰਘ ਗਰੇਵਾਲ, ਸੁਖਜੀਤ ਕੌਰ ਸੰਧੂ ਆਦਿ ਨੂੰ ਉਨ੍ਹਾਂ ਦੀਆਂ ਸਮਰ ਕੈਂਪਾਂ ਦੌਰਾਨ ਨਿਭਾਈਆਂ ਵਧੀਆ ਸੇਵਾਵਾਂ ਲਈ ਵੀ ਸਨਮਾਨਤ ਕੀਤਾ ਗਿਆ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸਮਾਗਮ ਦੌਰਾਨ ਕੋਚ ਮਨਜੀਤ ਸਿੰਘ ਵਲੋਂ ਤਿਆਰ ਕੀਤੀ ਗਈ ਭੰਗੜਾ ਟੀਮ ਜਿਸ ਨੇ 'ਨਖਰੇ ਪੰਜਾਬ ਦੇ' ਭੰਗੜਾ ਮੁਕਾਬਲਿਆਂ ਵਿਚ ਕਨੇਡਾ ਭਰ 'ਚੋਂ ਪਹਿਲਾ ਸਥਾਨ ਹਾਸਲ ਕੀਤਾ ਸੀ, ਨੂੰ ਵੀ ਐਮ.ਐਲ.ਏ. ਪੀਟਰ ਸੰਧੂ, ਕੌਂਸਲਰ ਅਮਰਜੀਤ ਸੋਹੀ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਪ੍ਰਧਾਨ ਗੁਰਚਰਨ ਸਿੰਘ ਗਰਚਾ ਨੇ ਹੈਡਵੇ ਸਕੂਲ ਦੇ ਜਸਵਿੰਦਰ ਸਿੰਘ ਸਿੱਧੂ, ਆਲ ਇੰਡੀਆ ਸਵੀਟਸ ਤੇ ਰੈਸਟੋਰੈਂਟ ਅਤੇ ਆਲ ਇੰਡੀਆ ਸੁਪਰ ਮਾਰਕੀਟ ਸਮੇਤ ਸਾਰੇ ਹੀ ਸਪਾਂਸਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਅੰਤ ਵਿਚ ਕੋਚ ਮਨਜੀਤ ਸਿੰਘ ਨੇ ਦੱਸਿਆ ਕਿ ਪੰਜਾਬੀ ਹੈਰੀਟੇਜ ਫਾਊਂਡੇਸ਼ਨ ਵਲੋਂ ਅੱਗੇ ਤੋਂ ਇਹ ਲੋਕ ਨਾਚ ਸਿਖਾਏ ਜਾਂਦੇ ਰਹਿਣਗੇ। ਉਨ੍ਹਾਂ ਦਸਿਆ ਕਿ ਜੇਕਰ ਕੋਈ ਵੀ ਵਿਦਿਆਰਥੀ, ਵਿਦਿਆਰਥਣ, ਨੌਜਵਾਨ, ਬਜ਼ੁਰਗ ਇਹ ਲੋਕ ਨਾਚ, ਲੋਕ ਗੀਤ, ਲੋਕ ਸਾਜ ਸਿਖਣਾ ਚਾਹੁੰਦਾ ਹੋਵੇ ਤਾਂ ਉਨ੍ਹਾਂ ਨਾਲ 780-952-5075 'ਤੇ ਸੰਪਰਕ ਕਰ ਸਕਦਾ ਹੈ।










# ADVANCE DRIVING SCHOOL & LIMOS

- Lady Instuctor Available
- Defensive Training Classes to Restore Demerits
- Free Pick up & Drop



- Airport Service Flat Rate
- Wedding Ceremony
- Any Other Function

**780-660-4090**

# 202-3456 91 St. Edmonton, AB




## Home Renovations

### Our Services

- Basement Development
- General Carpentry
- Electrical & Plumbing
- Drywall - Mud & Tape, Texturing
- Kitchen & Bathroom Remodeling
- Flooring - Hardwood, Laminate, Tile, Carpet
- Painting - Interior, Exterior

**We specialize in commercial and residential renovations.**

Over 15 years in the industry, customer satisfaction is our #1 goal. We are licensed, insured, BBB members with WCB coverage.

**Call us today for a free estimate!**

**780.484.8885**

*We'd Like...*

*to earn your business at Progressive Home Warranty, we are proud to offer the best products, protection, and people in the industry.*

*For more information please contact us:*

*Phone: 780-470-4663*

*Toll Free: 1-866-996-9776*

*sales@progressivewarranty.com*

*www.progressivewarranty.com*

CARB
CANADIAN ALLIANCE OF RESIDENTIAL BUILDERS

progressive
home warranty solutions inc.

*Building Solutions for Building Professionals*

*Progressive Home Warranty offers the best New Home Warranty and Insurance products available. Canada's Best New Home Warranty.*

# ਮਾਂ ਬੋਲੀ ਨਾਲ ਜੁੜੋ

'ਨਵੀਂ ਦੁਨੀਆ' ਵੱਲੋਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜੀ ਰੱਖਣ ਵਾਸਤੇ ਗ੍ਰੇਡ 10 ਤਕ ਦੇ ਬੱਚੇ/ਬੱਚੀਆਂ ਲਈ ਇਕ ਪ੍ਰਸ਼ਨ-ਲੜੀ 'ਮਾਂ ਬੋਲੀ ਨਾਲ ਜੁੜੋ' ਸ਼ੁਰੂ ਕੀਤੀ ਜਾ ਰਹੀ ਹੈ। ਹਰੇਕ ਮਹੀਨੇ ਦੀ 28 ਤਾਰੀਕ ਤਕ ਜਿਹੜੇ ਬੱਚੇ/ਬੱਚੀਆਂ ਇਹਨਾਂ ਸਵਾਲਾਂ ਦੇ ਜਵਾਬ ਡਾਕ ਜਾਂ ਈਮੇਲ ਦੁਆਰਾ ਭੇਜਣਗੇ, ਉਹਨਾਂ ਵਿਚੋਂ ਸਭ ਤੋਂ ਜ਼ਿਆਦਾ ਸਹੀ ਜਵਾਬ ਭੇਜਣ ਵਾਲਿਆਂ ਦੇ ਨਾਮ ਤੇ ਪਤੇ ਅਗਲੇ ਅੰਕ 'ਚ ਛਾਪੇ ਜਾਣਗੇ ਅਤੇ ਕੁਝ ਸਮੇ ਬਾਅਦ ਜੇਤੂ ਬੱਚਿਆਂ ਨੂੰ 'ਦੀਪ ਗ੍ਰਾਫਿਕਸ ਐਂਡ ਸਾਈਨਜ਼' ਦੇ ਚਰਨਦੀਪ ਸਿੰਘ ਅਤੇ 'ਨਵੀਂ ਦੁਨੀਆ' ਵਲੋਂ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਜਾਣਗੇ।

## ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉਤਰ ਚੁਣ ਕੇ ਅੱਗੇ ਲਿਖੋ :-

1 ਪੰਜਾਬੀ ਅੱਖਰ-ਮਾਲਾ ਦੇ ਨਵੀਨ ਟੋਲੀ ਦੇ ਅੱਖਰ ਲਿੱਖੋ ।
2 ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸਭ ਤੋਂ ਵੱਧ ਬਾਣੀ ਕਿਹੜੇ ਭਗਤ ਦੀ ਹੈ ?
3 ਕਿਹੜੀਆਂ ਮਾਤਰਾਵਾਂ ਨਾਲ ਟਿੱਪੀ ਲਗਦੀ ਹੈ ?
4 ਧੀ ਦੇ ਪੁੱਤਰ ਨੂੰ ਪੰਜਾਬੀ ਵਿਚ ਕੀ ਕਹਿੰਦੇ ਹਨ ?
5 ਕਿਹੜੇ ਗੁਰੂ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਨਗਰ ਵਸਾਇਆ ਸੀ ?

## ਜਵਾਬ ਭੇਜਣ ਵਾਲੇ ਦਾ ਵੇਰਵਾ

ਨਾਮ ______________________
ਪਤਾ
______________________
ਫੋਨ ਨੰਬਰ __________
ਸਕੂਲ ਦਾ ਨਾਮ ______________
ਗ੍ਰੇਡ ______________
ਮੈ ਉਪ੍ਰੋਕਤ ਸਾਰੇ ਸਵਾਲਾਂ ਦੇ ਜਵਾਬ ਆਪਣੇ ਆਪ/ਵੱਡਿਆਂ ਨੂੰ ਪੁੱਛ ਕੇ ਲਿਖੇ ਹਨ।

ਵਿਦਿਆਰਥੀ ਦੇ ਦਸਤਖ਼ਤ

ਮਿਤੀ______ ____________

**ਸਾਡਾ ਪਤਾ-**

*Nawi Dunia*
2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

ਇਸ ਵਾਰ ਕੁਝ ਤਕਨੀਕੀ ਕਾਰਨਾਂ ਕਰ ਕੇ ਅਗਸਤ ਮਹੀਨੇ ਦੇ ਸਵਾਲਾਂ ਦੇ ਜਵਾਬ ਭੇਜਣ ਵਾਲਿਆਂ ਦੇ ਨਾਮ ਨਹੀਂ ਛਾਪੇ ਜਾ ਰਹੇ। ਅਗਲੇ ਅੰਕ ਵਿਚ ਅਗਸਤ ਅਤੇ ਸਤੰਬਰ ਮਹੀਨੇ ਦੇ ਜੇਤੂਆਂ ਦੇ ਨਾਮ ਇਕੱਠੇ ਪ੍ਰਕਾਸ਼ਤ ਕੀਤੇ ਜਾਣਗੇ।

# Matrimonial

## ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੌਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧੂ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

## ਕੰਨਿਆ ਦੀ ਲੋੜ

ਸੈਣੀ ਕਲੀਨ ਸ਼ੇਵ 28 ਸਾਲਾ ਪੰਜ ਫੁੱਟ ਚਾਰ ਇੰਚ ਤਿੰਨ ਸਾਲ ਤੋਂ ਵਰਕ ਪਰਮਿਟ 'ਤੇ ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਦੀ ਜ਼ਰੂਰਤ ਹੈ। ਸੰਪਰਕ : 403-351-1534

------

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

------

ਖ਼ੂਬਸੂਰਤ ਦੋ ਕੈਨੇਡੀਅਨ ਜੱਟ ਸਿੱਖ ਲੜਕੇ ਕੱਦ 6 ਫੁੱਟ 8 ਇੰਚ, ਉਮਰ 24-28 ਸਾਲਾਂ ਵਾਸਤੇ ਪੜ੍ਹੀਆਂ ਲਿਖੀਆਂ ਲੜਕੀਆਂ ਦੀ ਲੋੜ ਹੈ। Student ਤੇ Work Permit 'ਤੇ ਆਈਆਂ ਕੁੜੀਆਂ ਲਈ ਵੀ ਸੋਚਿਆ ਜਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ : amrit1331@hotmail.com

------

ਭਾਰਤ 'ਚ ਰਹਿੰਦੇ ਬਾਂਸਲ (ਮੁੰਡੇ), 1983 ਦੇ ਜਨਮੇ, 5'-7", ਬੀ.ਕਾਮ, ਐਮ.ਬੀ.ਏ. ਦੀ ਪੜ੍ਹਾਈ, ਬੈਂਕ 'ਚ ਨੌਕਰੀ ਕਰਦੇ ਲੜਕੇ ਲਈ ਕਨੇਡਾ ਦੀ ਵਸਨੀਕ ਲੜਕੀ ਦੀ ਲੋੜ ਹੈ। ਸੰਪਰਕ 780-504-7254 ਜਾਂ aman_singh3@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

## ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਣਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

Gursikh 39 yrs 5"4 looking for life partner. Tourist, Work, student visa can also be considered. For more information please contact at marriageproposal@inbox.com

# Classified Plus

Your guide to every search

## HOUSE ON RENT

3 bedroom bungalow, 2 bathrooms with double attached garage on Acreage. For rent including utility in Beaumont AB. House has a location in front of shopping mall and golf course. Call: 780 929 9504.

****

Sold

Newly Built 1950 Sq. Ft; Bi-level House with Fully Finished Basement, 2 Car Attached Garage. House is close to all Amenities, Anthony Henday (Ellerslie, Edmonton) Available for Sale/Rent. Contact 780 566 8532.

* * * *

## House for Sale by Owner

Built in 2007, 1500 sq feet 2 story home, with 3 bedrooms upstairs, fireplace, 3 full bath, double attached garage, in quite crescent location, owner occupied available for immediate possession. For more information please call @ 780-245-0351/780-474-0351 or email: suman1950@yahoo.com

****

## 2 Story House For Sale By Owner In Leduc

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details call 780 965 0808.

* Newly Built Bi-Level House with KEYLESS ENTRY for Sale
* Don't Miss this Great opportunity… Must See the House
* Buyers still have time to Choose Carpet Color…Hurry Up

****

## ਕੰਪਿਊਟਰ ਹਾਰਡਵੇਅਰ

ਕੰਪਿਊਟਰ ਦੀਆਂ ਟੈਕਨੀਕਲ ਸਮੱਸਿਆਵਾਂ ਜਾਂ ਕੰਪਿਊਟਰ ਦੀਆਂ ਹੋਰ ਸੇਵਾਵਾਂ ਲਈ ਅਸਲਾਨ ਕੰਪਿਊਟਰ ਸਿਸਟਮ ਦੇ 'ਜੇ' ਨਾਲ 780-437-9504 Ext 222, ਟੋਲ ਫ੍ਰੀ 1-888-275-2647 'ਤੇ ਸੰਪਰਕ ਕਰੋ। ਇਸ ਤੋਂ ਇਲਾਵਾ ਤੁਸੀਂ 'ਜੇ' ਦੀ ਈਮੇਲ jaybeem@aslan.ab.ca 'ਤੇ ਵੀ ਸੰਪਰਕ ਕਰ ਸਕਦੇ ਹੋ।

****

## House for sale

Sold

2008 Built, 3148 Sq. Ft. 5 Bedroom with master bedroom, Large Living, Dining, Family Room, Big Breakfast nook & more just in $ 6,69,899.00. Address for location is 120 lakeland drive, Beaumont, Alberta T4XOB6. make an appointment call : 587-784-0599

****

## Condo on sale

1977 Built, 1232 Sq.Ft., 1.5 Bath, 4 Bedroom, Paint was done 2 years ago, Rental income $ 1200/month, Basement almost finished, sale on just $ 1,79,900.00. Address is # 114B-16344 109 street. Edmonton, AB T5X 2T4. make an appointment call 587-784-0599.

****

## IMMEDIATELY REQUIRE

Immediately require two freight truck drivers for T & M Trailer repair located at 3009-37th Street NW , Edmonton Alberta T6L 5R1. 1-2 year related experience required. knowledge of Hindi/Punjabi also required . Salary $17.00 per hour for 40 hour work week. Please call TIRATH at 780-884-5003



# City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)

011 91 98147 11263 or 011 91 98729 73304

# NIRVANA

**Restaurant ✷ Lounge ✷ Hall**

**North America's first exclusive east indian restuarant &cocktail lounge.**

*Professionally giving you the hospitality of India.*



*"We Had Dinner along with my friends family, it was really nice, pure Indian taste......
I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

*email:info@nirvanacalgary.com or reservations @nirvanacalgary.com*

**ph: (403)590-9797 fax:(403)590-9798**

**1009-5075 FALCONRIDGE BLVD. NE CALGARY, AB. T3J SK9**
**EMAIL: info@nirvanacalgary.com**

# ਨਾਵ ਏਕ ਦਿਨ ਕਿਨਾਰੇ ਪੇ ਜ਼ਰੂਰ ਲਗੇਗੀ

***ਫਿਲਮ ਦੀ ਕਹਾਣੀ ਵਿੱਚ ਟਾਈਮ ਪੀਰੀਅਡ ਉੱਨੀ ਸੌ ਪੰਜਾਹ ਦੇ ਕਰੀਬ ਦਾ ਹੈ। ਮਨੁੱਖੀ ਜੀਵਨ ਵਿੱਚ ਵਾਪਰਦੀ ਹੋਣੀ ਅਨਹੋਣੀ ਦੀ ਕਹਾਣੀ ਹੈ। ਕਹਾਣੀ ਉਸ ਫਿਲਾਸਫੀ ਦੀ ਹਾਮੀਂ ਭਰਦੀ ਹੈ, ਜਿਸ ਦੀ ਧਾਰਨਾ ਹੈ ਕਿ ਸਭ ਕੁਝ ਨਿਰਧਾਰਿਤ ਹੈ। ਜੋ ਜਦੋਂ ਹੋਣਾਂ ਹੈ ਉਦੋਂ ਹੀ ਹੋਣਾ ਹੈ। ਜੇਕਰ ਨੀਅਤ ਸਾਫ਼ ਹੈ ਤਾਂ ਅੰਤ ਨੂੰ ਸਭ ਅੱਛਾ ਹੀ ਹੋਵੇਗਾ। ਖੇਡ ਕਰਮਾਂ ਦੀ ਹੈ। ..ਮੁੱਖ ਪਾਤਰ ਤਾਂ ਕਹਾਣੀ ਦੇ ਚਾਰ ਹੀ ਨੇ, ਤਿੰਨ ਸਹਾਇਕ ਪਾਤਰ ਨੇ ਅਤੇ ਬਾਕੀ ਪਾਤਰ ਆਉਂਦੇ ਜਾਂਦੇ ਰਹਿੰਦੇ ਹਨ।***



ਰਾਣਾ ਰਣਬੀਰ

ਮੈਂ ਗੱਲ ਫਿਲਮ ਦੀ ਕਰਨੀ ਹੈ ਤੇ ਜਿਸ ਫਿਲਮ ਦੀ ਗੱਲ ਕਰਨ ਲੱਗਿਆਂ ਹਾਂ ਉਸ ਫਿਲਮ ਦਾ ਨਾਂ ਹੈ "ਕਸ਼ਮਕਸ਼"।

ਪਰ ਮੈਂ 'ਕਸ਼ਮਕਸ਼' ਦੇ ਨਾਇਕ ਵਾਂਗ ਕਸ਼ਮਕਸ਼ 'ਚ ਨਾਂਹ ਰਹਿ ਕੇ ਗੱਲ ਸਪੱਸ਼ਟ ਤੇ ਮੂੰਹ ਆਈ ਕਰਾਂਗਾ।

ਵੀਹ ਮਈ ਦੋ ਹਜ਼ਾਰ ਗਿਅਰਾਂ ਨੂੰ ਮੈਂ ਮੁੰਬਈ ਲਈ ਰਵਾਨਾ ਹੋਇਆ,ਬਹਾਨਾ ਸੀ ਪੰਜਾਬ ਸਰਕਾਰ ਵੱਲੋਂ ਆਯੋਜਿਤ ਕੀਤੇ ਸਨਮਾਨ ਸਮਾਰੋਹ 'ਚ ਸ਼ਿਰਕਤ ਕਰਨ ਲਈ ਜਾਣਾ ਜੋ ਬਾਈ ਮਈ ਨੂੰ ਹੋਣਾ ਸੀ। ਸਨਮਾਨ ਸਮਾਰੋਹ ਬਾਰੇ ਮੈਂ ਜਿਹੋ ਜਿਹੇ ਸ਼ੰਕੇ ਲੈ ਕਿ ਰਵਾਨਾ ਹੋਇਆ ਸੀ ਉਹੋ ਜਿਹਾ ਈ ਪਾਇਆ। ਸਿਆਣਿਆਂ ਸੱਚ ਈ ਫੁਰਮਾਇਐ ਕਿ ਹਰੇਕ ਪ੍ਰਛਾਂਵੇ ਪਿੱਛੇ ਕੋਈ ਨਾ ਕੋਈ ਰੌਸ਼ਨੀ ਲੁਕੀ ਹੁੰਦੀ ਹੈ। ਸਰਕਾਰੀ ਸਨਮਾਨ ਸਮਾਰੋਹ ਦਾ ਹਿੱਸਾ ਬਣ ਕੇ ਜੋ ਸਵਾਦ ਨਹੀਂ ਆਇਆ। ਇਹ ਵੀ ਨਹੀਂ ਕਿ ਮੁੰਬਈ ਜਾਣਾ ਰਾਸ ਨਹੀਂ ਅਇਆ। ਕਲਾਕਾਰ ਮਿੱਤਰਾਂ ਨਾਲ ਮੇਲ ਹੋਇਆ, ਮਨਮੋਹਨ ਸਿੰਘ ਸਿਨਮੈਟੋਗ੍ਰਾਫਰ ਅਤੇ ਫਿਲਮ ਨਿਰਦੇਸ਼ਕ ਉਰਫ ਮਨ ਜੀ ਦੇ ਘਰ ਰਹਿਣ ਦਾ ਮੌਕਾ ਮਿਲਿਆ।

ਮਨ ਜੀ ਨਾਲ ਬਿਤਾਏ ਤਿੰਨ ਦਿਨਾਂ 'ਚ ਪੰਜਾਬੀ ਸਿਨੇਮਾ, ਬਾਲੀਵੁੱਡ ਅਤੇ ਹਾਲੀਵੁੱਡ ਉੱਤੇ ਖੂਬ ਉਸਾਰੂ ਚਰਚਾ ਹੁੰਦੀ ਰਹੀ। ਅਸੀਂ ਆਪਣੀ ਨਵੀਂ ਫਿਲਮ ਦੀ ਕਹਾਣੀ ਅਤੇ ਸਕਰੀਨ ਪਲੇਅ ਵੀ ਡਿਸਕਸ ਕਰਦੇ ਰਹੇ ਅਤੇ ਮੀਡੀਆ ਵਿੱਚ ਵਧ ਰਹੇ ਲੱਚਰਤਾ ਦੇ ਰੁਝਾਨ ਅਤੇ ਨੌਜਵਾਨ ਵਰਗ ਦੇ ਦਿਸ਼ਾਹੀਣ ਹੋਣ ਉੱਤੇ ਚਿੰਤਨ ਵੀ ਕਰਦੇ ਰਹੇ। ਅੱਜ ਦਾ ਯੂਥ ਕਿੱਧਰ ਨੂੰ ਜਾ ਰਿਹਾ ਹੈ? ਪਬਲਿਕ ਨੇ ਅੱਖ ਕੰਨ ਕਿਉਂ ਬੰਦ ਕਰ ਰੱਖੇ ਨੇ? ਕਿਹੋ ਜਿਹਾ ਸਿਨੇਮਾ ਅਤੇ ਸੰਗੀਤ ਪਰੋਸਿਆ ਜਾ ਰਿਹਾ ਹੈ? ਸਿਨਮਾ ਛੱਡੋ ਜੀ ਡਿਉਡਰੈਂਟ ਦੀਆਂ ਐਡ ਹੀ ਮਾਣ ਨ੍ਹੀ। ਕਾਮੁਕਤਾ ਵਿਖਾਈ ਅਤੇ ਸੁਣਾਈ ਜਾ ਰਹੀ ਹੈ। ਆਪਣਾ ਹਰਖ਼ ਕੱਢਣ ਤੋਂ ਬਾਅਦ ਮੈਂ ਕਿਹਾ "ਏਸ ਕਸ਼ਮਕਸ਼ 'ਚੋਂ ਕਿਵੇਂ ਨਿੱਕਲਿਆ ਜਾਵੈ"? ਮਨ ਜੀ ਨੇ ਅਪਣੇ ਸੁਭਾਅ ਮੁਤਾਬਿਕ ਕੁਝ ਦੇਰ ਚੁੱਪ ਸਾਧੀ ਫੇਰ ਸਹਿਜੇ ਹੀ ਆਪਣੀ ਨਜ਼ਰ ਦੀ ਐਨਕ ਲਗਾਉਂਦਿਆਂ ਕਿਹਾ "ਕਸ਼ਮਕਸ਼ ਵੇਖ ਕੇ"...।

ਸਾਡੀ ਕਾਰ ਮੁੰਬਈ ਦੇ ਆਪਹੁਦਰੇ ਟਰੈਫਿਕ ਨਾਲ ਦੋ ਚਾਰ ਹੁੰਦੀ ਅੱਗੇ ਵਧ ਰਹੀ ਸੀ ਅਤੇ ਮੈਂ ਬਾਕੀ ਕਸ਼ਮਕਸ਼ 'ਚੋਂ ਨਿੱਕਲਕੇ ਮਨ ਜੀ ਰਾਹੀਂ ਉਸ ਕਸ਼ਮਕਸ਼ ਨਾਲ ਜੁੜ ਰਿਹਾ ਸੀ ਜਿਸ ਨੂੰ ਅਸੀਂ ਵੇਖਣ ਜਾ ਰਹੇ ਸੀ। "ਰਾਣੇ ,ਇਹ ਫਿਲਮ ਗੁਰੂਦੇਵ ਰਵਿੰਦਰ ਨਾਥ ਟੈਗੋਰ ਦੇ ਨਾਵਲ 'ਨੌਕਾ ਡੂਬੀ' 'ਤੇ ਅਧਾਰਿਤ ਹੈ। ਟੈਗੋਰ ਦੇ ਇੱਕ ਸੌ ਪੰਜਾਹਵੇਂ ਜਨਮ ਦਿਨ 'ਤੇ ਬੰਗਾਲੀਆਂ ਵੱਲੋਂ ਆਪਣੇ ਗੁਰੂ ਨੂੰ ਸ਼ਰਧਾਂਜਲੀ ਹੈ।"...ਮੇਰੇ ਲਈ ਗੁਰੂ ਟੈਗੋਰ ਦਾ ਨਾਮ ਹੀ ਕਾਫੀ ਸੀ। ਮਨ ਜੀ ਦੀਆਂ ਗੱਲਾਂ ਸੁਣ ਕੇ ਮੇਰਾ ਮਨ ਫਿਲਮ ਵੇਖਣ ਲਈ ਹੋਰ ਉਤਾਵਲਾ ਹੋ ਰਿਹਾ ਸੀ ।

ਮਲਟੀਪਲੈਕਸ...ਅਜੋਕੇ ਸਿਨੇਮਾ ਹਾਲ ਦੀ ਕੰਪਿਊਟਰ ਟਿਕਟ ਖਿੜਕੀ ਅੱਗੇ ਇੱਕ ਲੰਬੀ ਕਤਾਰ। ਛੇ ਫਿਲਮਾਂ ਚੱਲ ਰਹੀਆਂ ਸੀ ਛੇ ਸਕਰੀਨਾਂ 'ਤੇ। ਮੈਂ ਇੱਕ ਸਾਈਡ 'ਤੇ ਖੜਾ ਕਸ਼ਮਕਸ਼ ਦਾ ਪੋਸਟਰ ਵੇਖ ਰਿਹਾ ਸੀ...ਪਰਡਿਊਸਡ ਬਾਏ ਸੁਭਾਸ਼ ਘਈ, ਨਿਰਦੇਸ਼ਕ ਰਿਤੂਪੂਰਨੇ ਘੋਸ਼......ਕਾਸਟ...ਰੀਆ ਸੇਨ, ਰੀਮਾ ਸੇਨ..ਅਚਾਨਕ ਮਨ ਜੀ ਦੀ ਆਵਾਜ਼ ਕੰਨੀ ਪਈ "ਅੱਜ ਹੈ ਨਹੀਂ ਬਈ ਸ਼ੋ, ਉਹ ਕਹਿੰਦੇ ਟਿਕਟ ਕੋਈ ਵਿਕੀ ਨ੍ਹੀ ਤੁਸੀਂ ਓ ਪਹਿਲੇ। "ਮਨ ਜੀ ਦੇ ਭਰਵੱਟੇ ਸੁੰਗੜੇ ਤੇ ਬੋਲ ਜਿਵੇਂ ਜ਼ੁਬਾਨ 'ਚੋਂ ਤਿਲਕੇ.. 'ਸੋ ਕਿਵੇਂ ਕਰਨੈਂ?'... ਕੱਲ੍ਹ ਟਰਾਈ ਕਰ ਲੈਨੇਂ ਆਂ ਜੀ...। ਮੇਰਾ ਜਵਾਬ ਸੁਣਦਿਆ ਹੀ ਮਨ ਜੀ ਨੇ ਕਦਮ ਅਗਾਂਹ ਪੁੱਟੇ ਅਤੇ ਮੈਂ ਵੀ ਉਹਨਾਂ ਦੀ ਪੈੜ ਨੱਪ ਲਈ ।

ਵਾਪਸੀ 'ਤੇ ਐਫ ਐਮ ਰੇਡੀਓ 'ਤੇ ਚੱਲਦੇ ਗਾਣੇ ਨੇ ਸਾਡਾ ਧਿਆਨ ਖਿੱਚਿਆ 'ਮੈਂ ਕਰੂੰ ਤੋ ਸਾਲਾ ਕਰੈਕਟਰ ਢੀਲਾ ਹੈ...'.ਰੌਂਗ ਸਾਈਡ ਤੋਂ ਕਰੌਸ ਕਰਦੀ ਮੁੰਡੀਰ ਤੋਂ ਬਚਦਿਆਂ ਮਨ ਜੀ ਨੇ ਰੇਸ ਤੋਂ ਪੈਰ ਚੁੱਕਦਿਆਂ ਕਿਹਾ .ਦੇਖਲਾ ਰਾਣੇ ਇਹਨਾਂ ਦੀਆਂ ਫਿਲਮਾਂ ਦੇ ਸ਼ੋ ਨਹੀਂ ਕਦੇ ਆਫ ਹੁੰਦੇ...... ਜੇ ਮੇਰਾ ਧਿਆਨ ਮਨ ਜੀ ਵੱਲ ਨਾ ਹੁੰਦਾ ਤਾਂ ਸ਼ਾਇਦ ਮੈਨੂੰ ਇਹ ਸ਼ਬਦ ਸੁਣਾਈ ਨਾਂਹ ਦਿੰਦੇ। ਮੈਂ ਕਿਹਾ, "ਗੁਰੂ ਜੀ ਏਸ ਗੀਤ ਦਾ ਹਿੱਟ ਹੋਣਾਂ ਅਤੇ ਸ਼ੀਲਾ ਜਾਂ ਮੁੰਨੀ ਵਰਗੇ ਗਾਣਿਆਂ ਦਾ ਹਰ ਥਾਂ ਕੁਥਾਂ 'ਤੇ ਗੂੰਜਣਾਂ, ਇਹ ਸਾਡੀ ਨੌਜਵਾਨ ਪੀੜੀ ਦੇ ਕਿਰਦਾਰ ਨੂੰ ਸਮਝਣ ਵਿੱਚ ਬਹੁਤ ਸਹਾਇਕ ਸਿੱਧ ਹੋ ਰਿਹਾ ਹੈ"। " ਵੈਰੀ ਸੀਰੀਅਸ, ਤੇ ਇੱਕ ਨੌਜਵਾਨ ਪੀੜੀ ਕਸ਼ਮਕਸ਼ ਵਿੱਚ ਵੇਖੀਂ, ਜੋ ਵਕਤ ਦੇ ਨਾਲ ਵੀ ਤੁਰ ਰਹੀ ਹੈ ਤੇ ਵਿਰਾਸਤੀ ਤੇ ਸਮਾਜਿਕ ਸਰੋਕਾਰ ਤੋਂ ਵੀ ਲਾਂਭੇ ਨਹੀਂ ਹੁੰਦੀ"। ਮਨ ਜੀ ਦੇ ਏਸ ਜਵਾਬ ਨੂੰ ਮੈਂ ਕਸ਼ਮਕਸ਼ ਵੇਖ ਕੇ ਹੀ ਸਮਝ ਸਕਿਆ।

ਦੂਜੀ ਰਾਤ ਸਾਨੂੰ ਸਾਡੇ ਅੱਠ ਵਜੇ ਦੇ ਸ਼ੋ ਦੀਆਂ ਟਿਕਟਾਂ ਮਿਲ ਗਈਆਂ। ਹਾਲ ਵਿੱਚ ਸਾਨੂੰ ਮਿਲਾਕੇ ਪੰਦਰਾਂ ਕੁ ਜਣੇਂ ਸੀ। ਫਿਲਮ ਸ਼ੁਰੂ ਹੋਈ। ਮੂਲ ਰੂਪ ਵਿੱਚ ਫਿਲਮ ਬੰਗਾਲੀ ਵਿੱਚ ਹੈ, ਅਸੀਂ ਹਿੰਦੀ ਵਿੱਚ ਡਬ ਕੀਤੀ ਹੋਈ ਵੇਖ ਰਹੇ ਸੀ। ਗੀਤਾਂ ਦਾ ਹਿੰਦੀ ਰੂਪਾਂਤਰਣ ਗੁਲਜ਼ਾਰ ਸਾਹਿਬ ਦੀ ਕਲਮ ਦਾ ਕਮਾਲ ਸੀ।

ਫਿਲਮ ਦੀ ਕਹਾਣੀ ਵਿੱਚ ਟਾਈਮ ਪੀਰੀਅਡ ਉੱਨੀ ਸੌ ਪੰਜਾਹ ਦੇ ਕਰੀਬ ਦਾ ਹੈ। ਮਨੁੱਖੀ ਜੀਵਨ ਵਿੱਚ ਵਾਪਰਦੀ ਹੋਣੀ ਅਨਹੋਣੀ ਦੀ ਕਹਾਣੀ ਹੈ। ਕਹਾਣੀ ਉਸ ਫਿਲਾਸਫੀ ਦੀ ਹਾਮੀਂ ਭਰਦੀ ਹੈ, ਜਿਸ ਦੀ ਧਾਰਨਾ ਹੈ ਕਿ ਸਭ ਕੁਝ ਨਿਰਧਾਰਿਤ ਹੈ। ਜੋ ਜਦੋਂ ਹੋਣਾਂ ਹੈ ਉਦੋਂ ਹੀ ਹੋਣਾ ਹੈ। ਜੇਕਰ ਨੀਅਤ ਸਾਫ਼ ਹੈ ਤਾਂ ਅੰਤ ਨੂੰ ਸਭ ਅੱਛਾ ਹੀ ਹੋਵੇਗਾ। ਖੇਡ ਕਰਮਾਂ ਦੀ ਹੈ। ..ਮੁੱਖ ਪਾਤਰ ਤਾਂ ਕਹਾਣੀ ਦੇ ਚਾਰ ਹੀ ਨੇ, ਤਿੰਨ ਸਹਾਇਕ ਪਾਤਰ ਨੇ ਅਤੇ ਬਾਕੀ ਪਾਤਰ ਆਉਂਦੇ ਜਾਂਦੇ ਰਹਿੰਦੇ ਹਨ।

ਐਕਟਰਾਂ ਨੇ ਅਦਾਕਾਰੀ ਏਨੀ ਸਹਿਜ ਕੀਤੀ ਹੈ ਕਿ ਉਹ ਤੁਹਾਨੂੰ ਸਾਰੀ ਫਿਲਮ ਵਿੱਚ ਕਹਾਣੀ ਦੇ ਕਿਰਦਾਰ ਹੀ ਨਜ਼ਰ ਆਉਂਦੇ ਹਨ। ਤੁਸੀਂ ਕਿਤੇ ਵੀ ਇਹ ਨਹੀਂ ਕਹੋਗੇ ਕਿ ਰੀਆ ਸੇਨ ਕਿਆ ਲੱਗ ਰਹੀ ਐ ਯਾਰ... ਅਪਣੀ ਪਹਿਚਾਨ ਗੁਆਕੇ ਕਿਰਦਾਰ ਨਿਭਾਉਣਾ ਹੀ ਅਸਲ ਐਕਟਰ ਦੀ ਪਹਿਚਾਣ ਹੈ। ਡਾਇਰੈਕਰ ਘੋਸ਼ ਨੇ ਕਿਤੇ ਵੀ ਗੁਰੂ ਟੈਗੋਰ ਦੀ ਰਚਨਾ ਨੂੰ ਹਲਕੀ ਨਹੀਂ ਪੈਣ ਦਿੱਤਾ। ਉੱਤਮ ਨਿਰਦੇਸ਼ਨਾ ਦਾ ਨਮੂਨਾ ਹੈ ਕਸ਼ਮਕਸ਼। ਸਿਨਮੈਟੋਗ੍ਰਾਫੀ,ਬੈਕਗ੍ਰਾਊਂਡ ਸਕੋਰ ਤੇ ਨਿਰਦੇਸ਼ਨਾ ਦਾ ਐਸਾ ਸੁਮੇਲ ਹੈ ਕਿ ਬਹੁਤੇ ਦ੍ਰਿਸ਼ਾਂ ਵਿੱਚ ਸੰਵਾਦ ਨਹੀਂ ਹੈ, ਕਹਾਣੀ ਅੱਗੇ ਵਧ ਰਹੀ ਹੈ ਤੇ ਤੁਹਾਡੇ ਚਿਹਰੇ 'ਤੇ ਕਦੇ ਮੁਸਕਾਨ ਆਉਂਦੀ ਹੈ ਕਦੇ ਅੱਖ ਭਰਦੀ ਹੈ ਕਦੇ ਦਿਲ ਦੀ ਧੜਕਣ ਵੱਧਦੀ ਹੈ ਕਦੇ ਵਾਹ ਨਿੱਕਲਦੀ ਹੈ ਤੇ ਕਦੇ ਆਹ ਨਿੱਕਲਦੀ ਹੈ। ਮੈਂ ਕਹਾਣੀ ਦੱਸਣ ਲਈ ਲਿਖਣ ਨਹੀਂ ਬੈਠਿਆ..ਇਸੇ ਲਈ ਕਹਾਣੀ ਨੂੰ ਛੋਹ ਨਹੀਂ ਰਿਹਾ। ਮੇਰਾ ਮੰਤਵ ਹੈ ਤੁਹਾਨੂੰ ਚੰਗਾ ਸਿਨੇਮਾ ਵੇਖਣ ਤੇ ਬਨਾਉਣ ਲਈ ਪ੍ਰੇਰਿਤ ਕਰਨਾ। ਸਿਨੇਮਾ ਦੀ ਅਪਣੀ ਭਾਸ਼ਾ ਹੁੰਦੀ ਹੈ। ਸਿਨਮੈਟਿਕ ਲੈਂਗੂਏਜ਼। ਉਹ ਤੁਹਾਨੂੰ ਇਸ ਫਿਲਮ ਵਿੱਚ ਬਾਖ਼ੂਬੀ ਵਿਖਾਈ ਦੇਵੇਗੀ।

ਫਿਲਮ ਚ ਵਰਤੇ ਗਏ ਕਾਸਟਿਊਮ ਅਤੇ ਪਰਾਪਰਟੀਜ (ਕੱਪੜੇ ਲੀੜੇ ਤੇ ਨਿੱਤ ਵਰਤੋਂ ਦੀ ਹਰ ਛੋਟੀ ਵੱਡੀ ਚੀਜ) ਉੱਪਰ ਏਨੇ ਸ਼ਾਨਦਾਰ ਤਰੀਕੇ ਨਾਲ ਕੰਮ ਕੀਤਾ ਗਿਆ ਹੈ ਕਿ ਤੁਸੀਂ ਦਰਸ਼ਕ ਅਤੇ ਆਲੋਚਕ ਦੇ ਤੌਰ 'ਤੇ ਕਿੰਤੂ ਪਰੰਤੂ ਨਹੀਂ ਕਰ ਸਕਦੇ।

'ਕਸ਼ਮਕਸ਼' ਐਸੀ ਫਿਲਮ ਹੈ ਜੋ ਤੁਹਾਨੂੰ ਇੱਕ ਕਸ਼ਮਕਸ਼ 'ਚੋਂ ਕੱਢ ਕੇ ਦੂਜੀ ਕਸ਼ਮਕਸ਼ ਵਿੱਚ ਪਾ ਦਿੰਦੀ ਹੈ। ਫਿਲਮ ਹੈ, ਤਾਂ ਫਿਲਮ ਵਿੱਚ ਕੁਝ ਨਾ ਕੁਝ ਤਾਂ ਫਿਲਮੀ ਜ਼ਰੂਰ ਹੋਵੇਗਾ ਪਰ ਇਹ ਫਿਲਮ ਫਿਲਮੀ ਫਿਲਮ ਨਹੀਂ ਹੈ। ਫਿਲਮ ਵਿੱਚ ਰਿਸ਼ਤਿਆਂ ਦੀ ਟੁੱਟ ਭੱਜ ਤਾਂ ਹੈ ਪਰ ਰਿਸ਼ਤੇ ਨਾਂਹ ਤਾਂ ਕਿਤੇ ਖੁਰਦੇ ਵਿਖਾਈ ਦਿੰਦੇ ਨੇ ਅਤੇ ਨਾਂਹ ਹੀ ਉਹਨਾਂ 'ਚ ਕਿਤੇ ਪੇਤਲਾਪਣ ਹੈ। ਪ੍ਰੇਮ ਦੀ ਲੀਲਾ ਤਾਂ ਹੈ ਪਰ ਕਰੈਕਟਰ ਕੋਈ ਵੀ ਢਿੱਲਾ ਨਹੀਂ ਹੈ। ਜਵਾਨੀ ਤਾਂ ਹੈ ਪਰ ਸ਼ੀਲਾ ਵਰਗੀ ਬੇ-ਹਯਾ ਨਹੀਂ ਹੈ। ਜਦ ਹੁਣ ਅਸੀਂ ਨਿੱਤ ਦਿਨ ਆਨਰ ਕਿਲਿੰਗ ਦੀਆਂ ਖ਼ਬਰਾਂ ਪੜ੍ਹ ਰਹੇ ਆਂ ਤਦ ਕਸ਼ਮਕਸ਼ 'ਚ ਪਿਤਾ ਦਾ ਕਿਰਦਾਰ ਸਾਨੂੰ ਬੇਟੀ ਦਾ ਦੋਸਤ ਬਣਿਆ ਮਿਲਜੇ ਤੇ ਇਹ ਕਹਿੰਦਾ ਵਿਖਾਈ ਦੇਵੇ "ਸ਼ਾਦੀ ਤੁਮ ਉਸੀ ਸੇ ਕਰਨਾ ਜਿਸਕੋ ਪ੍ਰੇਮ ਕਰਤੀ ਹੋ, ਜਲਦੀ ਮੇਂ ਹਾਂ ਮਤ ਬੋਲਨਾ" ਤਾਂ ਸਕੂਨ ਤਾਂ ਮਿਲਦਾ ਈ ਐ।

ਮੈਂ ਇੱਕ ਅਦਾਕਾਰ ਅਤੇ ਲੇਖਕ ਦੇ ਤੌਰ 'ਤੇ ਫਿਲਮ ਕਸ਼ਮਕਸ਼ ਤੋਂ ਬਹੁਤ ਕੁਝ ਸਿੱਖਿਆ। ਸਕਰੀਨ ਪਲੇਅ ਦੀਆਂ ਕਈ ਬਾਰੀਕੀਆਂ ਅਤੇ ਤਕਨੀਕ ਬਾਰੇ ਨਵੀਆਂ ਖਿੜਕੀਆਂ ਖੁਲ੍ਹੀਆਂ। ਇੱਕ ਦਰਸ਼ਕ ਦੇ ਰੂਪ ਵਿੱਚ ਮੈਂ ਪੂਰਾ ਆਨੰਦ ਲਿਆ। ਦਰਸ਼ਕ ਦੇ ਤੌਰ 'ਤੇ ਮੈਂ ਆਚੰਭਿਤ ਵੀ ਰਿਹਾ ਅਤੇ ਭੈਅਭੀਤ ਵੀ। ਰੁਮਾਂਚਿਤ ਵੀ ਹੁੰਦਾ ਰਿਹਾ ਅਤੇ ਰੁਮਾਂਟਿਕ ਵੀ। ਫਿਲਮ ਵਿੱਚ ਕੋਈ ਘਾਟ ਤੇ ਕਮੀ ਨਹੀਂ ਸੀ ਸਿਵਾਏ ਦਰਸ਼ਕਾਂ ਦੇ। ਉਂਝ ਇਹ ਮੇਰੇ ਲਈ ਕੋਈ ਨਵੀਂ ਗੱਲ ਨਹੀਂ ਸੀ। ਕਾਲਜ ਪੜ੍ਹਨ ਵੇਲੇ ਜਦ ਅਸੀਂ ਨਾਟਕ ਕਰਦੇ ਸੀ ਤਾਂ ਯੂਥ ਫੈਸਟੀਵਲ 'ਚ ਭੰਗੜੇ ਅਤੇ ਗਿੱਧੇ ਲਈ ਤਾਂ ਬਹੁਤ ਦਰਸ਼ਕ ਜੁੜਦੇ ਸਨ ਪਰ ਨਾਟਕ ਵੇਲੇ ਬਹੁਤੀਆਂ ਕੁਰਸੀਆਂ ਖਾ਼ਲੀ ਹੀ ਹੁੰਦੀਆਂ ਸੀ। ਪਰ ਉਦੋਂ ਇੱਕ ਕਸਕ ਜਹੀ ਹੁੰਦੀ ਸੀ ਕਿ ਜੇ ਦਰਸ਼ਕ ਵੱਧ ਗਿਣਤੀ 'ਚ ਹੁੰਦੇ ਤਾਂ.........ਚੰਗੀਆਂ ਕਿਰਤਾਂ ਅਤੇ ਰਚਨਾਵਾਂ ਦੇ ਦਰਸ਼ਕ ਤੇ ਪਾਠਕ ਘੱਟ ਕਿਉਂ ਹੁੰਦੇ ਨੇ?

ਅੰਤਮ ਦ੍ਰਿਸ਼ ਦੇ ਚੱਲਦਿਆਂ ਹੀ ਦਰਸ਼ਕ ਉੱਠਣੇ ਸ਼ੁਰੂ ਹੋ ਗਏ, ਮੈਂ ਦਿੱਤੇ ਜਾ ਰਹੇ ਕਰੈਡਿਟ ਪੜ੍ਹ ਰਿਹਾ ਸੀ। ਮਨ ਜੀ ਨੇ ਮੇਰੇ ਵੱਲ ਵੱਖ ਕੇ ਸਮਾਈਲ ਦਿੱਤੀ। ' ਡਬ ਕੀਤੀ ਫਿਲਮ ਨੇ ਈ ਕੀਲ ਕੇ ਰੱਖਤੇ, ਬੰਗਾਲੀ 'ਚ ਤਾਂ ਅੱਤ ਈ ਹੋਣੀ ਆ'। ਮੇਰੇ ਆਪਮੁਹਾਰੇ ਏਸ ਰਿਐਕਸ਼ਨ 'ਤੇ ਮਨ ਜੀ ਏਨਾ ਈ ਬੋਲੇ, "ਬਿਲਕੁਲ"...।

ਕਲਕੱਤਾ, ਕਾਸ਼ੀ, ਬੰਗਾਲ ਦੇ ਪਿੰਡ, ਨਦੀ, ਕਿਸ਼ਤੀ, ਤੂਫਾਨ..ਪਿਆਨੋ ਦੀ ਮਿੱਠੀ ਆਵਾਜ਼, ਸ਼ਰਮ, ਤਿਆਗ, ਭਰੋਸਾ। ਪਿਆਰੇ ਨੂੰ ਮਿਲਣ ਦੀ ਤਾਂਘ, ਧੀ ਲਈ ਪਿਤਾ ਦਾ ਦੋਸਤਾਨਾ ਵਿਹਾਰ, ਇਹ ਸਭ ਫਿਲਮ ਦੇ ਦ੍ਰਿਸ਼ਾਂ 'ਚੋਂ ਨਿੱਕ-ਲਕੇ ਮੇਰੇ ਨਾਲ ਈ ਤੁਰ ਪਏ ਸੀ। ਨਾਵਲ, ਕਹਾਣੀਆਂ ਜਾਂ ਪਾਸ਼ ਦੀਆਂ ਕਵਿਤਾਵਾਂ ਤਾਂ ਮੇਰੇ ਨਾਲ ਕਈ ਵਾਰ ਸਫ਼ਰ 'ਤੇ ਇੰਝ ਨਾਲ ਹੋ ਤੁਰਦੇ ਨੇ ਪਰ ਫਿਲਮ ਇਹ ਕੋਈ ਤੀਜੀ ਕੁ ਹੀ ਸੀ ਜੋ ਨਾਲ ਤੁਰ ਪਈ ਸੀ। ਇਸ ਤੋਂ ਪਹਿਲਾਂ ਇੰਗਲਿਸ਼ ਫਿਲਮ 'ਕਾਸਟ ਅਵੇ' ਅਤੇ ਪੰਜਾਬੀ ਫਿਲਮ 'ਮੜ੍ਹੀ ਦਾ ਦੀਵਾ' ਵੇਖ ਕੇ ਮੇਰਾ ਵਿਅਕਤੀਤਵ ਬਹੁਤ ਪ੍ਰਭਾਵਿਤ ਹੋਇਆ ਸੀ। ਮੈਂ ਸੋਚਣ ਲੱਗਿਆ-ਬਈ ਜੇ ਜਸਵੰਤ ਕੰਵਲ ਦੇ 'ਪੂਰਨਮਾਸ਼ੀ' 'ਤੇ ਫਿਲਮ ਬਣੇਂ ਤਾਂ ਸਾਡੇ ਸਿਨੇਮਾ ਦਾ ਰੂਪ ਹੋਰ ਨਿੱਖਰ ਆਵੇ। 'ਰੂਪਧਾਰਾ' ਤੇ 'ਹਾਣੀ' ਨਾਵਲ 'ਤੇ ਜੇ ਕੋਈ ਦਿਲ ਵਾਲਾ ਪ੍ਰਡਿਊਸਰ ਪੈਸਾ ਲਾਵੇ ਤੇ ਕੋਈ ਲਿਆਕਤ ਵਾਲਾ ਡਾਇਰੈਕਟਰ ਫਿ.ਲਮ ਬਣਾਵੇ ਤਾਂ ਪੰਜਾਬੀ ਸਿਨਮੇ ਨਾਲ ਉਹ ਬੁੱਧੀਜੀਵੀ ਵਰਗ ਵੀ ਜੁੜ ਜਾਵੇ ਜਿਹੜਾ ਹਾਲੇ ਪੰਜਾਬੀ ਫਿਲਮਾਂ ਨਾਲ ਰਿਸ਼ਤਾ ਬਨਾਉਣ ਤੋਂ ਕਤਰਾਉਂਦੈ। ਮੈਨੂੰ ਖ਼ਿਆਲਾਂ ਦੀ ਮਸਤੀ ਹੋਰ ਚੜ੍ਹਨ ਲੱਗ ਪਈ ਸੀ। ਸੋਚਣ ਲੱਗਿਆ ਕਿ ਟੈਗੋਰ ਦੇ ਪਾਤਰਾਂ ਵਾਂਗ ਨਾਨਕ ਸਿੰਘ, ਗੁਰਦਿਆਲ ਸਿੰਘ ਤੇ ਕੁੱਸੇ ਦੇ ਸਿਰਜੇ ਕਿਰਦਾਰਾਂ ਨੂੰ ਅਸੀਂ ਕਦ ਪਰਦੇ 'ਤੇ ਲੈ ਕੇ ਆਵਾਂਗੇ? ਸਾਡੇ ਫਿਲਮੀ ਕਾਮੇ 'ਅੱਧ ਚਾਨਣੀ ਰਾਤ' ਨੂੰ ਕਦ ਫਿਲਮਾਉਣਗੇ? ਗੁਰਦਿਆਲ ਸਿੰਘ ਦੇ 'ਪਰਸਾ' ਉੱਤੇ ਫਿਲਮ ਬਣਾਕੇ ਤਾਂ ਅਸੀਂ ਬਾਲੀਵੁਡ ਆਲਿਆਂ ਨੂੰ ਸੋਚੀਂ ਪਾ ਸਕਦੇ ਆਂ। ਮੇਰੇ ਬੁੱਲਾਂ 'ਤੇ ਦੂਰੋਂ ਦਿਸਦੀ ਖੁਸ਼ੀ ਦਾ ਚਾਅ ਇਵੇਂ ਚੜ੍ਹ ਰਿਹਾ ਸੀ ਕਸ਼ਮਕਸ਼ ਦਾ ਨਾਇਕ ਨਾਇਕਾ ਨਾਲ ਭਵਿੱਖ ਨੂੰ ਲੈ ਕੇ ਨਦੀ ਕਿਨਾਰੇ ਖੜਾ ਮੰਦ ਮੰਦ ਮੁਸਕਰਾਉਂਦਾ ਹੈ ਤੇ ਘਰ ਆ ਕੇ ਨਾਇਕਾ ਦੇ ਮਨਪਸੰਦ ਦੀਆਂ ਵਸਤਾਂ ਥਾਂ ਸਿਰ ਟਿਕਾਉਂਦਾ ਹੈ। ਮੈਂ ਵੀ ਸਾਡੇ ਚੰਗੇ ਸਿਨਮੇ ਦੀ ਆਸ ਜਗਾਈ ਸੋਚ ਨੂੰ ਥਾਂ ਸਿਰ ਕਰ ਰਿਹਾ ਸੀ। ਸੋਚ ਰਿਹਾ ਸੀ ਕਿ ਵਰਿਆਮ ਸੰਧੂ ਦੀ ਕਿਹੜੀ ਕਹਾਣੀ ਫਿਲਮ ਦਾ ਅਧਾਰ ਬਣ ਸਕਦੀ ਹੈ? ਬਲਜਿੰਦਰ ਨਸਰਾਲੀ ਦੀ ਕਿਹੜੀ ਕਹਾਣੀ 'ਤੇ ਸਕਰੀਨ ਪਲੇਅ ਤਿਆਰ ਹੋ ਸਕਦੈ? ਕਿਵੇਂ ਬਲਵਿੰਦਰ ਗਰੇਵਾਲ ਦੀਆਂ " ਯੁੱਧ ਖੇਤਰ" ਤੇ 'ਖੰਡੇ ਦੀ ਧਾਰ' ਕਹਾਣੀਆਂ 'ਤੇ ਬਿਹਤਰੀਨ ਫਿਲਮਾਂ ਬਣ ਸਕਦੀਆਂ ਨੇ? ਟੈਗੋਰ ਦੇ ਨਾਵਲ 'ਨੌਕਾ ਡੂਬੀ' ਦੀਆਂ ਨਾਇਕਾਵਾਂ ਤੇ ਨਾਇਕ ਫਿਲਮ ਕਸ਼ਮਕਸ਼ 'ਚ ਆ ਕੇ ਅੱਜ ਦੇ ਸਮੇਂ 'ਚ ਜੇ ਆਪਣਾਂ ਪ੍ਰਭਾਵ ਪਾ ਸਕਦੇ ਨੇ ਤਾਂ ਸਾਡੇ ਕਹਾਣੀਆਂ ਨਾਵਲਾਂ ਦੇ ਕਿਰਦਾਰ ਕਿਉਂ ਨਹੀਂ?

" ਕਹਾਣੀਆਂ ਨਾਵਲ ਤਾਂ ਸਾਡੇ ਕੋਲ ਵੀ ਇੱਕ ਤੋਂ ਇੱਕ ਵੱਧਕੇ ਪਏ ਨੇ, ਸਾਡਾ ਸਾਹਿਤ ਤੇ ਵਿਰਸਾ ਵੀ ਬਹੁਤ ਅਮੀਰ ਹੈ ਪਰ ਅਸੀਂ ਕੋਈ ਇਹੋ ਜਿਹੀ ਫਿਲਮ ਕਿਉਂ ਨਹੀਂ ਰਚ ਸਕੇ ?" ਮੇਰੇ ਅੰਦਰਲਾ ਥੀਏਟਰ ਵਾਲਾ ਰਾਣਾ ਬੋਲਿਆ।



ਬਣਨਗੀਆਂ, ਪੰਜਾਬੀ 'ਚ ਵੀ ਚੰਗੇ ਨਾਵਲਾਂ 'ਤੇ ਫਿਲਮਾਂ ਬਣਨਗੀਆਂ। ਪਰ ਹਾਲੇ ਟਾਈਮ ਲੱਗੂ"। ਮਨ ਜੀ ਦੀ ਇਹ ਗੱਲ ਸੁਣਦਿਆਂ ਈ ਮੇਰੇ ਦਿਮਾਗ 'ਚ ਕਸ਼ਮਕਸ਼ ਦਾ ਇੱਕ ਸੰਵਾਦ ਗੂੰਜਣ ਲੱਗਾ "ਨਾਵ ਏਕ ਦਿਨ ਕਿਨਾਰੇ ਪੇ ਜ਼ਰੂਰ ਲਗੇਗੀ.. ਨਾਵ ਏਕ ਦਿਨ ਕਿਨਾਰੇ ਪੇ ਜ਼ਰੂਰ ਲਗੇਗੀ... ਨਾਵ ਏਕ ਦਿਨ ਕਿਨਾਰੇ ਪੇ ਜ਼ਰੂਰ ਲਗੇਗੀ"

ਕਿਹੜਾ ਪ੍ਰਡਿਊਸਰ ਪੈਸਾ ਲਾਊ? ਕਿਹੜਾ ਨਿਰਦੇਸ਼ਕ ਫ਼ਰਜ ਨਿਭਾਊ? ਕੀ ਮੈਂ ਕਦੇ ਕਿਸੇ ਸ਼ਾਹਕਾਰ ਰਚਨਾ ਦੇ ਸੰਵਾਦ ਲਿਖਾਂਗਾ? ਕੀ ਪੰਜਾਬੀ ਦਰਸ਼ਕ ਇਸ ਤਰ੍ਹਾਂ ਦੀ ਫਿਲਮ ਨੂੰ ਹੁਗਾਰਾ ਦੇਣਗੇ? ਕਸ਼ਮਕਸ਼ ਨੂੰ ਤਾਂ ਮੁੰਬਈ ਵਾਲਿਆਂ ਨੇ ਹੁੰਗਾਰਾ ਦਿੱਤਾ ਨ੍ਹੀ। ਬੰਗਲੀਆਂ ਬਾਰੇ ਮੈਨੂੰ ਪਤਾ ਨ੍ਹੀ। ਕੀ ਅਸੀਂ ਸਾਡੇ ਮਹਾਨ ਲੇਖਕਾਂ ਦੇ ਜਿਉਂਦੇ ਜੀਅ ਇਹ ਤੋਹਫਾ ਦੇ ਸਕਾਂਗੇ?

ਮੈਂ ਕਸ਼ਮਕਸ਼ ਦੇ ਨਾਇਕ ਵਾਂਗ ਕਸ਼ਮਕਸ਼ ਵਿੱਚ ਸੀ. . .

ਮੋਬਾਇਲ : 98157-46080

# Royal Executive Homes

## Town Houses in Wildwood




**Available from 1232 sq. ft. to 1589 sq. ft. with attached Single and Double Garage. Starting Price: $ 289,900**

- Excellent Location
- Close to All Amenities
- Transit Excess
- Future Rec Center
- Close to White Mud & Anthony Henday
- **Affordable Prices**

**NOW UNDER CONSTRUCTION**

**SHOW HOME OPEANING SOON.**




### Unit A

| | |
|---|---|
| MAIN FLOOR AREA | 597 Sq.F. |
| UPPER FLOOR AREA | 992 Sq.F. |
| TOTAL LIVING AREA | 1589 Sq.F. |
| GARAGE AREA | 336 Sq.F. |




### Unit B

| | |
|---|---|
| MAIN FLOOR AREA | 498 Sq.F. |
| UPPER FLOOR AREA | 734 Sq.F. |
| TOTAL LIVING AREA | 1232 Sq.F. |
| GARAGE AREA | 182 Sq.F. |




### Unit C

| | |
|---|---|
| MAIN FLOOR AREA | 524 Sq.F. |
| UPPER FLOOR AREA | 780 Sq.F. |
| TOTAL LIVING AREA | 1304 Sq.F. |
| GARAGE AREA | 200 Sq.F. |




**wild wood TOWN HOUSES**

**1820, 34th Ave Edmonton.**

**780-965-7390**

**780-906-4497**

**royalexecutivehomes@hotmail.com**



# Supreme Pizza

## Punjabi Pizza

Menisa Plaza (on Millwood Road) 1079 Knottwood Road East NW Edmonton

**(780) 485-1213 or (780) 485-1231**

**Chicken Wings Hot, Honey Garlic**

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

## ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

**ਪੰਜਾਬੀ ਸਟਾਈਲ ਪੀਜ਼ਾ**



**Delivery Hours**

Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

**Try Us Tonight For Best Deal**
In Town
**3 For 1**
Any 3 Toppings
12" Medium - 14" Large

ਸਵਾਦੀ
ਪੀਜ਼ੇ ਲਈ ਹੁਣੇ
ਆਡਰ ਕਰੋ

**List of Toppings**

Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

**For Delivery: Please Call 1/2 Hour before we close! Its faster if you call 780 485 1213.**

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**

# BRIDGEPORT
HOMES LTD.

**BEST PRICES IN TOWN**
**WE ASSURE BEATING MARKET PRICE**

## Now Lots available for big houses
**in Wildwood Crescent (Silverberry) one house available in Tamarack**

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



Lots available for bi-Level homes in Silverberry Area



**For more information call: Dolly Chauhan @ 780-935-7718**